# ਬਾਰਹਮਾਹਾ
# ਜੇਠਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹੇਠਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥*
*ਅੰਗ - 134*

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਧਾਰਨਾ - ਵਾਹਿਗੁਰੂ ਆਪਣਾ ਬਣਾ ਲੈ ਦਾਸ ਨੂੰ,*
*ਮੈਨੂੰ ਦੇ ਚਰਨਾਂ ਦਾ ਵਾਸਾ।*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਸੂਰਜ ਪੂਰੇ ਜ਼ੋਰ ਨਾਲ ਤਪ ਰਿਹਾ ਹੈ। ਗਰਮੀ ਹੋ ਰਹੀ ਹੈ, ਲੇਕਿਨ ਆਪ ਸਾਰੇ ਸਹਿਜ ਤਪ ਜਿਸਦਾ ਫਲ ਬੇਅੰਤ ਹੁੰਦਾ ਹੈ, ਉਹਦੇ ਵਿਚ ਸ਼ਾਮਲ ਹੋਏ ਬੈਠੇ ਓਂ। ਇਕ ਸਾਧੂ ਬਾਹਰ ਰੜੇ ਮੈਦਾਨ 'ਚ, ਚਾਰ ਧੂਣੀਆਂ ਲਾਈ ਬੈਠਾ ਹੈ, ਉਪਰੋਂ ਸੂਰਜ ਤਪ ਰਿਹਾ ਹੈ, ਹੇਠੋਂ ਧਰਤੀ ਤਪ ਰਹੀ ਹੈ। ਉਹਦੇ ਵਿਚ ਬੈਠਾ ਹੈ ਤੇ ਇਕ ਦੂਸਰੇ ਪਾਸੇ ਘਰ ਤੋਂ ਚੱਲ ਕੇ ਆਇਆ ਹੈ, ਗਰਮੀ ਦੇ ਵਿਚ ਤੁਰ ਕੇ ਆਪਣਾ ਸਫਰ ਪੂਰਾ ਕੀਤਾ ਹੈ ਤੇ ਸ਼ਾਮਿਆਨੇ ਲੱਗੇ ਹੋਏ ਨੇ। ਥੱਲੇ ਦਰੀਆਂ ਵਿਛੀਆਂ ਹੋਈਆਂ ਨੇ। ਜਦੋਂ ਜੀਅ ਕਰਦਾ ਹੈ ਪਾਣੀ ਪੀ ਲਓ ਠੰਢਾ। ਹੁਣ ਦੋਹਾਂ ਦਾ ਫਰਕ ਕੀ ਹੋਇਆ? ਉਹਦਾ ਜ਼ਿਆਦਾ ਫਲ ਹੋਇਆ ਕਿ ਇਹਦਾ ਜ਼ਿਆਦਾ ਫਲ ਹੋਇਆ? ਕਿਉਂਕਿ ਆਦਮੀ ਦਾ ਮਨ ਹੈ ਸੌਦੇ ਕਰਦਾ ਸਭ ਗੱਲਾਂ 'ਚ। ਪ੍ਰਮੇਸ਼ਰ ਨਾਲ ਵੀ ਸੌਦੇਬਾਜ਼ੀ ਕਰਦਾ ਹੈ, ਪਿਆਰ ਵੀ ਇਹਦਾ ਸੌਦੇ ਵਾਸਤੇ ਹੀ ਹੈ। ਨਿਸ਼ਕਾਮ ਪਿਆਰ ਬਹੁਤ ਘੱਟ ਹੋਇਆ ਕਰਦਾ ਹੈ। ਸੋ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਆਉਂਦੇ ਹਾਂ ਕਿ ਉਹਦਾ ਫਲ ਬਹੁਤ ਜ਼ਿਆਦਾ ਹੁੰਦਾ ਹੋਣੈ ਤੇ ਸਾਨੂੰ ਪਤਾ ਨਹੀਂ। ਮਹਾਰਾਜ ਕਹਿੰਦੇ ਦੇਖੋ, ਤੁਸੀਂ ਕਰਦੇ ਓਂ ਸਹਿਜ ਤਪ। ਇਹਦਾ ਫਲ ਬੇਅੰਤ ਜ਼ਿਆਦਾ ਹੁੰਦਾ ਹੈ, ਉਹ ਕਰਦਾ ਹੈ ਤਮੋ ਗੁਣ ਤਪ। ਇਹ ਸਾਂਤਕੀ ਦਾ ਤਪ ਹੈ ਸਤੋ ਗੁਣ ਦਾ ਤੇ ਕਿੰਨਾ ਕੁ ਫਲ ਹੁੰਦਾ ਹੈ? ਇਕ ਜੱਗ ਕਰਨਾ ਹੋਵੇ, ਕਹਿੰਦੇ ਵਿਧੀ ਪੂਰਵਕ ਜੱਗ ਕੀਤਾ ਜਾਵੇ, ਕਰਨੀ ਕਮਾਈ ਵਾਲਾ ਪੁਰਸ਼ ਉਸ ਜੱਗ ਨੂੰ ਕਰਾਵੇ। ਉਹਦਾ ਜਿਹੜਾ ਫਲ ਹੁੰਦਾ ਹੈ, ਹਜ਼ਾਰਾਂ ਰੁਪਏ ਖਰਚਣ ਤੋਂ ਬਾਅਦ ਓਨਾਂ ਫਲ ਹੋਇਆ ਕਰਦਾ ਹੈ। ਜਦੋਂ ਘਰ ਤੋਂ ਤੁਸੀਂ ਇਰਾਦਾ ਕਰਕੇ ਗੁਰੂ ਦੇ ਦਰ ਨੂੰ ਚੱਲ ਪੈਂਦੇ ਓਂ, ਪਹਿਲਾ ਹੀ ਕਦਮ ਜਦੋਂ ਘਰ ਤੋਂ ਬਾਹਰ ਪੁੱਟਦੇ ਓਂ, ਇਕ ਜੱਗ ਮਿਲ ਗਿਆ। ਦੂਜਾ ਪੁੱਟਿਆ ਦੂਜਾ ਫਲ ਮਿਲ ਗਿਆ, ਤੀਜਾ ਕਦਮ ਪੁੱਟਿਆ ਤੀਜਾ। ਗਿਣ ਲਓ ਕਿੰਨੇ ਕਦਮ ਨੇ, ਜਿਹਦੇ ਵਿਚ ਗੁਰੂ ਸਾਹਿਬ ਦਾ ਧਿਆਨ ਹੋਵੇ, ਮਨ ਵਿਚ ਹੋਵੇ ਖਿੱਚ ਕਿ ਅਸੀਂ ਜਾਣਾ ਹੈ। ਐਧਰਲੇ ਓਧਰਲੇ ਖਿਆਲ ਨਾ ਆਉਂਦੇ ਹੋਣ। ਫੇਰ ਦੇਖ ਲਓ ਸਾਂਤਕੀ ਤਪ ਦਾ ਕਿੰਨਾ ਫਲ ਹੈ। ਸਿਰਫ ਇਥੇ ਤੱਕ ਪਹੁੰਚਣ ਵਾਸਤੇ ਐਨਾ ਫਲ ਹੋ ਜਾਂਦਾ ਹੈ। ਫੇਰ ਜਦੋਂ ਸੀਸ ਨਿਵਾਇਆ, ਫੇਰ ਉਹਦਾ ਫਲ ਕੀ ਮਿਲਿਆ, ਮਹਾਰਾਜ ਨੇ ਮਾੜੇ ਲੇਖ ਮੇਟ ਦਿਤੇ, ਮੱਥਾ ਲਗਦੇ ਸਾਰ। ਜਿਵੇਂ ਬਿਜਲੀ ਦੇ ਨਾਲ ਲਗ ਕੇ ਬਲਬ ਜਗ ਜਾਂਦਾ ਹੈ। ਐਸ ਤਰ੍ਹਾਂ ਉਸੇ ਵੇਲੇ ਮਾੜੇ ਕਰਮ ਜਿਹੜੇ ਮੂਹਰੇ ਆਏ ਹੋਏ ਸੀ, ਜੰਮਣ ਵਾਲੇ ਸੀ, ਜਿਵੇਂ ਖੇਤ ਦੇ ਵਿਚ ਨਦੀਣ ਜੰਮ ਪੈਂਦਾ ਹੈ ਤੇ ਖੁਰਪਾ ਮਾਰ ਕੇ ਕੱਟ ਦਿੰਦਾ ਹੈ ਬੰਦਾ ਤੇ ਖੁਰਪਾ ਵੀ ਐਡਾ ਹੀ ਹੋਵੇ ਕਿ ਸਾਰੇ ਖੇਤ ਦੇ ਕੱਟ ਦੇਵੇ। ਅਗਲਾ ਨਦੀਣ ਤਾਂ ਫੇਰ ਜੰਮਣਾ ਹੈ, ਉਹ ਜਿਹੜਾ ਜੰਮ ਪਿਆ ਉਹਨੂੰ ਤਾਂ ਕੱਟ ਦਿਤਾ ਨਾ ਉਹਨੇ। ਮੱਥਾ ਟੇਕਦੇ ਸਾਰ ਜਿੰਨੇ ਕਰਮ ਮੂਹਰੇ ਆਏ ਹੋਏ ਨੇ, ਜਿਹੜੇ ਹੁਣ ਭੋਗਣੇ ਨੇ, ਮਹੀਨੇ ਭਰ 'ਚ ਭੋਗਣੇ ਨੇ, ਸਾਰੇ ਕੱਟ ਦਿਤੇ। ਇਹਨੂੰ ਸਿਵਾਏ ਗੁਰੂ ਤੋਂ ਕੋਈ ਨਹੀਂ ਕੱਟ ਸਕਦਾ। ਕਿਸੇ ਵਿਚ ਤਾਕਤ ਨਹੀਂ।

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।*

ਨਾ ਕੋਈ ਦੇਵੀ, ਨਾ ਕੋਈ ਦੇਵਤਾ, ਨਾ ਕੋਈ ਪੀਰ ਕੋਈ ਨਹੀਂ ਕੱਟ ਸਕਦਾ। ਇਹ ਗੁਰੂ ਵਿਚ ਸਮਰੱਥਾ ਹੈ। ਫੇਰ ਉਸ ਤੋਂ ਬਾਅਦ ਕੀ ਹੁੰਦਾ ਹੈ? ਕਹਿੰਦੇ ਸੁਰਤੀ ਇਕਾਗਰ ਕਰਕੇ ਜਦੋਂ ਗੁਰੂ ਦਾ ਜਸ ਸਰਵਣ ਕਰਦਾ ਹੈ, ਫੇਰ ਇਹਨੂੰ ਫਲ ਮਿਲਦਾ ਹੈ? –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਜੇ ਜੀਭ ਨੂੰ ਬੰਦ ਕਰਕੇ ਨਾ ਬੈਠੇ ਨਾ, ਆਪਣੀ ਵਾਰੀ ਆਉਣ ਤੇ ਗੱਜ ਵੱਜ ਕੇ ਗਾਵੇ। ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ ਕਿਉਂਕਿ ਜੱਗ ਕਰਨ ਦੇ ਨਾਲ ਮਨ ਨਹੀਂ ਇਕਾਗਰ ਹੋਇਆ ਕਰਦਾ। ਮਨ 'ਚ ਖਿੰਡਾਓ ਆ ਜਾਂਦਾ ਹੈ। ਜਦ ਖਿੰਡਾਓ ਆਏਗਾ ਮਨ 'ਚ, ਮਨ ਮੈਲਾ ਹੋਏਗਾ। ਜਦ ਮਨ ਟਿਕੇਗਾ, ਮਨ ਸ਼ੁਧ ਹੋਏਗਾ, ਜਦੋਂ ਅਸੀਂ ਹਰੀ ਦਾ ਜਸ ਕਰਦੇ ਹਾਂ, ਉਸ ਵੇਲੇ ਮਨ ਦੀ ਸ਼ੁਧੀ ਹੋਣ ਕਰਕੇ, ਮਨ ਦੀ ਸ਼ਾਂਤੀ ਆ ਜਾਣ ਕਰਕੇ ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ। ਜਿਹੜਾ ਧੁੱਪੇ ਬੈਠਾ ਤਪ ਕਰ ਰਿਹਾ ਹੈ, ਉਹ ਅੰਦਰ ਕਰੋਧ ਵਧ ਜਾਂਦਾ ਹੈ। ਇਕ ਹੋਰ ਮਿਲੇਗਾ, ਉਹ ਇਹ ਹੋਏਗਾ ਕਿ ਸ਼ਕਤੀ ਆ ਜਾਏਗੀ ਉਹਦੇ ਵਿਚ। ਸ਼ਕਤੀ ਦਿਖਾਉਣ ਲਗ ਜਾਏਗਾ, ਉਥੇ ਹੀ ਫਸ ਜਾਏਗਾ। ਇਹਦੇ ਵਿਚ ਗੁਰੂ ਸਾਹਿਬ ਸ਼ਕਤੀ ਨੂੰ ਬਚਾ ਕੇ ਰਖਦੇ ਨੇ ਕਿ ਇਹਦੇ ਉਤੇ ਸ਼ਕਤੀਆਂ ਦਾ ਬੋਝ ਨਾ ਪਾਈਏ। ਇਹ ਸਾਡੇ ਕੋਲ ਆਇਆ ਹੈ, ਇਹਨੂੰ ਲੰਘਾ ਹੀ ਦੇਈਏ ਅੱਗੇ। ਦੋਹਾਂ ਦਾ ਫਰਕ ਦੇਖ ਲਓ ਕਿੰਨਾ ਹੈ।

ਸੋ ਅੱਜ ਆਪ ਸਾਰੇ ਜੇਠ ਦੀ ਸੰਗਰਾਂਦ ਨੂੰ ਮੰਨ ਕੇ ਇਥੇ ਅਰਦਾਸ ਵਿਚ ਸ਼ਾਮਲ ਹੋ ਕੇ ਕਾਮਨਾ ਕਰਨ ਆਏ ਓਂ ਕਿ ਪਾਤਸ਼ਾਹ! ਅਗਲਾ ਮਹੀਨਾ ਸਾਡਾ ਸੁਖ ਦਾ ਲੰਘੇ ਤੇ ਤੇਰਾ ਨਾਮ ਚਿੱਤ ਆਵੇ। ਸਾਨੂੰ ਦੱਸ ਏਸ ਮਹੀਨੇ 'ਚ ਅਸੀਂ ਕੀ ਕਰੀਏ? ਸੋ ਉਹਦੇ ਵਾਸਤੇ ਆਪਾਂ ਸ਼ਬਦ ਪੜ੍ਹਿਆ ਹੈ, ਜਿਨ੍ਹਾਂ ਨੇ ਹਾਲੇ ਤੱਕ ਨਹੀਂ ਪੜ੍ਹਿਆ, ਉਹ ਦਿਲੋਂ ਅੰਦਰੋਂ, ਸ਼ਬਦ ਦੇ ਵਿਚ, ਸ਼ਾਮਲ ਹੋਵੋ।

*ਧਾਰਨਾ - ਵਾਹਿਗੁਰੂ! ਆਪਣਾ ਬਣਾ ਲੈ ਦਾਸ ਨੂੰ,*
*ਮੈਨੂੰ ਦੇ ਚਰਨਾਂ ਦਾ ਵਾਸਾ।*

ਹੇ ਪ੍ਰਭੂ! ਤੂੰ ਆਪਣਾ ਬਣਾ ਲੈ ਮੈਨੂੰ, ਬੜੀ ਮੌਜ ਬਣ ਜਾਵੇ ਜਿ ਵਾਹਿਗੁਰੂ ਦੇ ਬਣ ਜਾਈਏ। ਕਿਸੇ ਰਾਜਸੀ ਲੀਡਰ ਦੇ ਬਣ ਜਾਈਏ, ਚੀਫ ਮਨਿਸਟਰ ਦੇ ਬਣ ਜਾਈਏ, ਕੋਈ ਕੰਮ ਕਰਾਉਣੈ, ਟੈਲੀਫੋਨ ਕਰੋ, ਉਹਨੂੰ ਪਤਾ ਹੈ ਕਿ ਸਾਡਾ ਬੰਦਾ ਹੈ, ਉਸੇ ਵੇਲੇ ਕੰਮ ਹੋ ਜਾਂਦਾ ਹੈ। ਜੇ ਭਲਾ ਵਾਹਿਗੁਰੂ ਦੇ ਬਣ ਜਾਈਏ, ਵਾਹਿਗੁਰੂ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ। ਵਾਹਿਗੁਰੂ ਕੀ ਕਰਦਾ ਹੈ? ਸਭ ਕੁਛ ਹੀ ਬਖਸ਼ ਦਿੰਦਾ ਹੈ, ਜੋ ਮੰਗਦਾ ਹੈ –

*ਜੋ ਮਾਗਹਿ ਠਾਕੁਰ ਆਪੁਨੇ ਤੇ ਸੋਈ ਸੋਈ ਦੇਵੈ॥*
*ਅੰਗ - 681*

ਸਭ ਕੁਛ ਦੇਣ ਲਗ ਜਾਂਦਾ ਹੈ ਸਿਰਫ ਬਣਨ ਦਾ ਫਰਕ ਹੈ ਕਿ ਕੁਛ ਬਣ ਜਾਈਏ। ਅਰਦਾਸ ਹੈ ਸਾਡੀ, ਬਣੇ ਦੀ ਕੋਈ ਨਿਸ਼ਾਨੀ ਵੀ ਹੈ ਕਿ ਜੇ ਬਣ ਜਾਵੇ ਵਾਹਿਗੁਰੂ ਦਾ, ਉਹਦੇ ਚਰਨਾਂ ਦਾ ਵਾਸਾ ਮਿਲ ਜਾਵੇ, ਫੇਰ ਕੋਈ ਨਿਸ਼ਾਨੀ ਵੀ ਹੁੰਦੀ ਹੈ? ਨਿਸ਼ਾਨੀ ਇਹ ਹੁੰਦੀ ਹੈ ਕਿ ਉਹਦੇ ਚਰਨ ਹਿਰਦੇ 'ਚ ਵਸ ਜਾਂਦੇ ਨੇ। ਜਦੋਂ ਹਿਰਦੇ 'ਚ ਚਰਨ ਵਸ ਗਏ ਤਾਂ ਇਹਦੇ ਅੰਦਰੋਂ ਹਰ ਵਕਤ ਇਕ ਧੁਨ ਨਿਕਲਦੀ ਰਹਿੰਦੀ ਹੈ –

*ਧਾਰਨਾ - ਸਤਿਨਾਮ ਵਾਹਿਗੁਰੂ,*
*ਅਕਾਲ ਪੁਰਖ ਤੂੰ ਹੀ ਹੈਂ।*

ਚਰਨਾਂ ਵਾਸਾ। ਨਿਸ਼ਾਨੀ ਹੁੰਦੀ ਹੈ ਕਿ ਧੁਨ ਲਗਾਤਾਰ ਉਹਦੇ ਹਿਰਦੇ 'ਚੋਂ ਵਾਹਿਗੁਰੂ ਦੇ ਚਰਨ, ਉਹਦਾ ਨਾਮ ਹੋਇਆ ਕਰਦਾ ਹੈ। ਨਾਮ ਦੀ ਧੁਨ ਲਗਾਤਾਰ ਹਿਰਦੇ 'ਚੋਂ ਜਿਵੇਂ ਉਭਲ ਉਠਦੀ ਹੈ, ਇਵੇਂ ਉਠਣ ਲਗ ਜਾਂਦੀ ਹੈ। ਸੁੱਕਾ ਖੂਹ ਹਰਾ ਹੋ ਜਾਂਦਾ ਹੈ –

*ਸੂਕੇ ਹਰੇ ਕੀਏ ਖਿਨ ਮਾਹੇ॥*
*ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥* *ਅੰਗ - 191*

ਜਦੋਂ ਉਹਦੀ ਦਇਆ ਹੋ ਜਾਵੇ, ਸੁਕੇ ਖੂਹਾਂ ਦੇ ਵਿਚ ਪਾਣੀ ਆ ਜਾਂਦਾ ਹੈ। ਉਭਲਾਂ ਚਲ ਪੈਂਦੀਆਂ ਨੇ, ਫੇਰ ਬਹਾਰਾਂ ਹੀ ਬਹਾਰਾਂ। ਆਲਾ-ਦੁਆਲਾ ਵੀ ਸਾਰਾ ਸਰ-ਸਬਜ਼ ਹੋ ਜਾਂਦਾ ਹੈ। ਉਹਦੇ ਵਿਚ ਵੀ ਰੌਣਕਾਂ ਲਗ ਜਾਂਦੀਆਂ ਨੇ, ਪਰਉਪਕਾਰੀ ਹੋ ਜਾਂਦਾ ਹੈ। ਫੇਰ ਕਿਉਂਕਿ ਵਾਸਾ ਮਿਲ ਗਿਆ, ਚਰਨ ਪ੍ਰਗਟ ਹੋ ਗਏ ਉਹਦੇ ਅੰਦਰ। ਸੋ ਇਹ ਮਹੀਨਾ ਜਿਹੜਾ ਹੈ ਇਹਦੇ ਵਿਚ ਮਹਾਰਾਜ ਇਹੀ ਉਪਦੇਸ਼ ਦਿੰਦੇ ਨੇ ਕਿ –

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਅੰਗ - 134*

ਜੋ ਵਾਹਿਗੁਰੂ ਸਭ ਤੋਂ ਵੱਡਾ ਹੈ, ਜੇਠ ਕਹਿੰਦੇ ਨੇ ਸਭ ਤੋਂ ਵੱਡਾ। ਜੇਠ ਦੇ ਮਹੀਨੇ 'ਚ ਆਪ ਉਪਦੇਸ਼ ਦਿੰਦੇ ਨੇ ਕਿ ਸਭ ਤੋਂ ਵੱਡੇ ਵਾਹਿਗੁਰੂ ਦੇ ਨਾਲ ਜੁੜ ਜਾਓ। ਜਿਹਦੇ ਅੱਗੇ ਸਾਰੇ ਹੀ ਨਿਵੰਦੇ ਨੇ, ਫੇਰ ਹੋਰ ਪਾਸੇ ਨਾ ਨਿਵੋ ਕਿਸੇ ਅੱਗੇ। ਜਦ ਅਸੀਂ ਕਿਤੇ ਹੋਰ ਨਿਵ ਜਾਂਦੇ ਹਾਂ, ਫੇਰ ਵਿਸ਼ਵਾਸ਼ ਵਿਚ ਫਰਕ ਹੋ ਜਾਂਦਾ ਹੈ। ਵਿਚ ਹੀ ਤਾਂ ਗੁਰੂ ਸਾਹਿਬ ਨੂੰ ਕਹੀ ਜਾਵਾਂਗੇ ਕਿ ਪਾਠ ਵੀ ਕਰਦੇ ਹਾਂ, ਮੱਥਾ ਵੀ ਟੇਕਦੇ ਹਾਂ, ਸਾਡਾ ਫਲਾਣਾ ਵਿਘਨ ਦੂਰ ਨਹੀਂ ਹੋਇਆ। ਵਿਚੇ ਹੀ ਮੂੰਹ 'ਚੋਂ ਨਿਕਲ ਜਾਏਗਾ ਕਿ ਫਲਾਣੇ ਤਾਂਤਰੀ ਕੋਲ ਗਏ ਸੀ, ਉਹਨੇ ਕਿਹਾ ਸੀ ਆਹ ਜੁਗਤ ਕਰ ਲਓ, ਉਹ ਵੀ ਅਸੀਂ ਕਰ ਕੇ ਦੇਖ ਲਈ। ਫਲਾਣੇ ਥਾਉਂ ਗਏ ਸੀ, ਉਥੇ ਕਬਰ ਨੂੰ ਵੀ ਮੱਥਾ ਟੇਕਿਆ, ਉਹ ਵੀ ਕਰ ਲਈ। ਕੋਈ ਵੀ ਨਹੀਂ ਬਹੁੜਿਆ ਕਰਦਾ, ਕਿਉਂਕਿ ਤੁਸੀਂ ਸਾਰਿਆਂ ਨਾਲੋਂ ਵੱਡੇ ਦੇ ਅੱਗੇ ਅਜੇ ਨਿਵੇ ਨਹੀਂ ਹੈਗੇ। ਸ਼ੱਕ ਹੈ ਅਜੇ ਵਿਸ਼ਵਾਸ਼ ਨਹੀਂ ਆਇਆ।

*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਅੰਗ - 134*

ਜੇ ਇਸ ਮਿੱਤਰ ਦੇ ਪੱਲੇ ਲੱਗ ਜਾਈਏ ਨਾ, ਸਭ ਕੁਛ ਛੱਡ ਛਡਾ ਕੇ ਇਹਦਾ ਪੱਲਾ ਫੜ ਲਈਏ, ਜਮਦੂਤ ਨੇੜੇ ਨਹੀਂ ਆਉਂਦਾ। ਕੋਈ ਬੰਨ੍ਹ ਹੀ ਨਹੀਂ ਸਕਦਾ। ਫੇਰ ਜਿਹੜਾ ਚਰਨਾਂ ਦੇ ਨਾਲ ਲਗ ਕੇ ਨਾਮ ਦਾ ਧਨ ਇਕੱਠਾ ਕਰਿਆ –

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਅੰਗ - 134*

ਬਹੁਤ ਕੀਮਤੀ ਧਨ ਫੇਰ ਇਹਦੇ ਕੋਲ ਇਕੱਠਾ ਹੋਇਆ ਹੈ, ਉਹ ਫੇਰ ਵੱਡੇ ਦੇ ਪੱਲੇ ਨਾਲ ਜੁੜੇ ਹੋਏ ਹਾਂ। ਹੁਣ ਜਿਹੜੇ ਇਸ ਦੇਹੀ ਅੰਦਰ ਪੰਜ ਚੋਰ ਵਸੇ ਹੋਏ ਸੀਗੇ, ਇਹ ਸੁਣਦੇ ਸਾਰ ਦੌੜ ਗਏ ਕਿ ਇਹਦੇ ਅੰਦਰੋਂ ਤਾਂ ਵਾਹਿਗੁਰੂ-ਵਾਹਿਗੁਰੂ ਨਾਮ ਦੀ ਧੁਨ ਆਉਣ ਲਗ ਗਈ, ਚੱਲੀਏ ਹੁਣ ਬਿਸਤਰੇ ਬੰਨ੍ਹ ਕੇ, ਉਵੇਂ ਜਿਵੇਂ ਛੱਡ ਕੇ ਨੱਠ ਗਏ, ਕੁਛ ਨਹੀਂ ਨਾਲ ਲਿਆ। ਸਭ ਰਹਿ ਗਿਆ ਧਨ ਇਥੇ ਹੀ, ਧਨ ਲੁੱਟਿਆ ਹੋਇਆ ਸੀ ਜਿਨ੍ਹਾਂ ਦਾ। ਆਪਣੇ ਕੋਲ ਸੱਚਾ ਧਨ ਰਹਿ ਗਿਆ। ਕਹਿੰਦੇ ਹੁਣ ਨਹੀਂ ਸੰਨ੍ਹ ਲਗਦੀ ਇਸਨੂੰ।

*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਅੰਗ - 134*

ਜਿੰਨਾ ਮਨ ਭਾਉਂਦਾ ਹੈ, ਸਾਰੇ ਹੀ ਸੁਖ, ਪ੍ਰੇਮ, ਪਿਆਰ ਸਭ ਮਿਲ ਜਾਂਦੇ ਨੇ ਵਾਹਿਗੁਰੂ ਦੇ।

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਅੰਗ - 134*

ਫੇਰ ਵਾਹਿਗੁਰੂ ਜੋ ਕੁਛ ਕਰਦਾ ਹੈ, ਓਹੀ ਹੋ ਜਾਇਆ ਕਰਦਾ ਹੈ। ਓਹੀ ਫੇਰ ਜੀਅ ਕਰਦੇ ਨੇ –

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹੇਠਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥*
*ਅੰਗ - 134*

ਜਿਹੜੇ ਵਾਹਿਗੁਰੂ ਨੇ ਆਪਣੇ ਬਣਾ ਲਏ ਨੇ, ਆਪਾਂ ਅਰਦਾਸ ਕਰੀ ਸੀ, 'ਆਪਣਾ ਬਣਾ ਲੈ ਵਾਹਿਗੁਰੂ ਮੈਨੂੰ ਦੇ ਚਰਨਾਂ ਦਾ ਵਾਸਾ' ਜਿਹੜੇ ਬਣਾ ਲਏ ਨਾ ਉਨ੍ਹਾਂ ਨੇ ਉਹ ਧਨ ਨੇ। ਧੰਨ ਕਹੋ ਉਨ੍ਹਾਂ ਨੂੰ। ਨਿੰਦਿਆ ਨਾ ਕਰੋ ਉਨ੍ਹਾਂ ਨਾਲ, ਈਰਖਾ, ਚੁਗਲੀਆਂ ਨਾ ਕਰੋ, ਉਸ ਦੇ ਨਾਲ ਜਿੱਦ ਨਾ ਕਰੋ। ਉਨ੍ਹਾਂ ਨੂੰ ਕਹੋ ਧੰਨ ਨੇ, ਧੰਨ ਨੇ। ਧੰਨ ਇਥੇ ਵੀ ਹੁੰਦਾ ਹੈ, ਦਰਗਾਹ ਵਿਚ ਵੀ ਧੰਨ ਨਾਲ ਦੀ ਨਾਲ ਹੋ ਜਾਂਦਾ ਹੈ। ਦਰਗਾਹ 'ਚ ਵੀ ਮੁੱਖ ਉਜਲਾ ਹੋਣਾ ਸ਼ੁਰੂ ਹੋ ਜਾਂਦਾ ਹੈ।

ਜੇ ਆਪਣੇ ਜ਼ੋਰ ਨਾਲ ਗੱਲਾਂ ਹੋ ਜਾਣ ਤਾਂ ਕਹਿੰਦੇ ਵਿਛੜ ਕੇ ਦੁਨੀਆਂ ਦੁਖੀ ਕਿਉਂ ਹੋਵੇ। ਫੇਰ ਕੀ ਕਰਿਆ ਜਾਵੇ? ਮਹਾਰਾਜ ਨੇ ਜੁਗਤ ਦੱਸ ਦਿਤੀ। ਜੁਗਤ ਇਹ ਹੈ ਕਿ ਬੰਦਗੀ ਕਰਨ ਵਾਲਿਆਂ ਦੀ ਸੰਗਤ ਕਰਨ ਤੇ ਤਾਂ ਇਹ ਮਿਲਦਾ ਹੈ, ਨਹੀਂ ਮਿਲਦਾ ਨਹੀਂ ਹੈ। ਵਾਹਿਗੁਰੂ ਖੁਸ਼ ਨਹੀਂ ਹੁੰਦਾ, ਬੰਦਗੀ ਕਰਨ ਵਾਲੇ ਨੂੰ ਜੇ ਗਾਲ੍ਹਾਂ ਕੱਢੀ ਜਾਓ। ਓਨ੍ਹਾਂ ਦੇ ਤਾਂ ਨੇੜੇ ਨਾ ਜਾਓ, ਉਨ੍ਹਾਂ ਦਾ ਤਾਂ ਸਤਿਕਾਰ ਨਾ ਕਰੋ, ਉਨ੍ਹਾਂ ਨਾਲ ਕੋਈ ਨੇੜਤਾ ਪੈਦਾ ਨਾ ਕਰੋ ਤੇ ਆਪਣੇ ਆਪ ਕਰੋ। ਮਹਾਰਾਜ ਕਹਿੰਦੇ ਨਾ ਇਹ ਨਹੀਂ ਤੈਨੂੰ ਮਿਲਣਾ। ਇਹ ਤਾਂ ਮਿਲਣਾ ਹੀ ਤੈਨੂੰ ਤਾਂ ਹੈ-

*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹੇਠਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥*
*ਅੰਗ - 134*

ਸਾਧੂ ਦੀ ਸੰਗਤ ਕਰਨ ਤੇ ਇਹ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ। ਹਰੀ ਦੇ ਚਰਨ ਪ੍ਰਾਪਤ ਹੋ ਜਾਂਦੇ ਨੇ। ਵਾਸਾ ਮਿਲ ਜਾਂਦਾ ਹੈ। ਫੇਰ 'ਰੰਗ' ਕਹਿੰਦੇ ਨੇ ਪਿਆਰ ਨੂੰ, ਮਾਣਦਾ ਹੈ ਫੇਰ। ਫੇਰ ਇਹ ਮਹੀਨਾ ਰੰਗਾਂ ਦਾ ਭਰਿਆ ਹੋਇਆ, ਪਿਆਰਾ ਦਾ ਭਰਿਆ ਹੋਇਆ ਉਸ ਵਾਸਤੇ ਹੋ ਜਾਂਦਾ ਹੈ ਜਿਹਦੇ ਮੱਥੇ ਵਿਚ ਭਾਗ ਲਿਖੇ ਹੁੰਦੇ ਹਨ –

*ਧਾਰਨਾ - ਮੱਥੇ ਲੇਖ ਜਿਨ੍ਹਾਂ ਦੇ ਲਿਖੇ ਧੁਰਾਂ ਦੇ,*
*ਚਰਨੀਂ ਵਾਸਾ ਮਿਲਦਾ ਉਨ੍ਹਾਂ ਨੂੰ।*

ਸੋ ਚਰਨਾਂ ਦਾ ਵਾਸਾ, ਜਿਹਦੇ ਮੱਥੇ 'ਚ ਲਿਖਿਆ ਹੋਇਆ ਹੈ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਅੰਗ - 450*

ਜਦੋਂ ਸਤਿਗੁਰੂ ਮਿਲ ਗਿਆ, ਸਤਿਗੁਰੂ ਕੋਲ ਹੁੰਦਾ ਹੈ ਨਾਮ, ਉਹਨੇ ਨਾਮ ਦੇ ਨਾਲ ਜੋੜ ਦੇਣਾ ਹੈ। ਜਦੋਂ ਨਾਮ ਨਾਲ ਜੁੜ ਗਏ, ਫੇਰ ਚਰਨਾਂ 'ਚ ਵਾਸਾ ਮਿਲ ਗਿਆ। ਸੋ ਏਸ ਮਹੀਨੇ ਦੇ ਅੰਦਰ ਜੋ ਉਪਦੇਸ਼ ਦਿੱਤਾ ਹੈ ਉਹਨੂੰ ਆਪ ਸਮਝਣ ਦਾ ਯਤਨ ਕਰੋ। ਜੋ ਗੁਰੂ ਦੇ ਨਾਲ ਜੁੜ ਗਿਆ, ਗੁਰੂ ਨੇ ਆਪਣਾ ਬਣਾ ਲਿਆ, ਗੁਰੂ ਫੇਰ ਉਹਨੂੰ ਕਦੇ ਛੱਡਿਆ ਨਹੀਂ ਕਰਦਾ ਸਾਧਸੰਗਤ ਜੀ। ਅਸੀਂ ਛੱਡ ਜਾਂਦੇ ਹਾਂ, ਗੁਰੂ ਨਹੀਂ ਛੱਡਦਾ। ਅੰਮ੍ਰਿਤ ਛਕ ਲਵਾਂਗੇ, ਸਿੰਘ ਬਣ ਜਾਵਾਂਗੇ, ਥੋੜ੍ਹੀ ਜਿਹੀ ਕੋਈ ਔਕੜ ਆ ਗਈ ਉਸੇ ਵੇਲੇ ਗੁਰੂ ਨੂੰ ਛੱਡ ਜਾਵਾਂਗੇ ਪਰ ਗੁਰੂ ਤਾਂ ਨਹੀਂ ਨਾ ਛੱਡਦਾ। ਕਿਹੋ ਜਿਹਾ ਹੀ ਸਿੱਖ ਹੋਵੇ, ਉਹਨੂੰ ਤਾਰਦਾ ਹੀ ਹੈ। ਜਿਹੜਾ ਲੜ ਇਕ ਵਾਰੀ ਲਗ ਗਿਆ, ਉਹ ਨਹੀਂ ਫੇਰ ਛੱਡਿਆ ਕਰਦਾ।

ਜੇ ਮੂਲਾ ਗੁਰੂ ਨਾਨਕ ਪਾਤਸ਼ਾਹ ਤੋਂ ਬੇਮੁੱਖ ਵੀ ਹੋ ਗਿਆ ਸੀ ਨਾ, ਜਵਾਬ ਦਿਤਾ ਸੀ ਉਹਨੇ ਅੰਦਰੋਂ। ਗੁਰੂ ਮਹਾਰਾਜ ਘਰ ਦੇ ਦਰਵਾਜ਼ੇ ਦੇ ਅੱਗੇ ਖੜ੍ਹੇ ਹਾਕਾਂ ਮਾਰਦੇ

ਨੇ, ਮੂਲੇ, ਭਾਈ ਮੂਲੇ? ਮਰਦਾਨਾ ਕਹਿੰਦਾ, ਮਹਾਰਾਜ! ਘਰ 'ਚ ਨਹੀਂ ਹੋਣਾ। ਮਹਾਰਾਜ ਕਹਿੰਦੇ ਘਰ 'ਚ ਹੀ ਹੈ।

"ਭਾਈ ਮੂਲੇ! ਤੀਸਰੀ ਆਵਾਜ਼ ਮਾਰੀ।"

ਘਰਵਾਲੀ ਹੋਲੀ ਦੇ ਕੇ ਬੋਲੀ, ਅੰਦਰ ਘੁਸਰ ਮੁਸਰ ਹੋ ਰਹੀ ਹੈ। ਕਹਿੰਦੇ ਓਹੀ ਸੰਤ ਆ ਗਏ, ਜਿਹੜੇ ਮੈਨੂੰ ਅੱਗੇ ਲੈ ਗਏ ਸੀ।

ਕਹਿੰਦੇ, "ਹੁਣ ਫੇਰ ਕੀ ਕਰੀਏ?"

ਕਹਿੰਦਾ, "ਮੈਂ ਤਾਂ ਲੁਕਦਾ ਹਾਂ, ਪਾਥੀਆਂ ਵਾਲੀ ਕੋਠੜੀ 'ਚ ਤੂੰ ਕਹਿ ਦੇ ਹੈ ਨਹੀਂ।"

ਬੀਬੀ ਆਈ ਨੇੜੇ ਕਹਿਣ ਲੱਗੀ, ਮਹਾਰਾਜ! ਉਹ ਤਾਂ ਹੈ ਨਹੀਂ।

ਮਹਾਰਾਜ ਕਹਿੰਦੇ, ਬੀਬੀ! ਐਉਂ ਨਹੀਂ ਕਹੀਦਾ ਹੁੰਦਾ, ਜੇ ਸੰਤਾਂ ਕੋਲ ਕਹਿ ਦਿਓ ਹੈ ਨਹੀਂ, ਤਾਂ ਹੈ ਨਹੀਂ ਹੋ ਜਾਂਦੀ ਹੁੰਦੀ ਹੈ। ਕਦੇ ਨਹੀਂ ਕਹੀਦੀ।

ਬੰਦਗੀ ਵਾਲੇ ਘਰਾਂ ਦੇ ਵਿਚ ਜਿਥੇ ਨਾਮ ਜਪਿਆ ਜਾਂਦਾ ਹੈ ਨਾ, ਉਥੇ ਕਦੇ ਨਾ ਕਹੇ ਕਿ ਮੁੱਕਿਆ ਹੋਇਆ ਹੈ ਕੁਛ, ਉਥੇ ਬੋਲੀ ਹਮੇਸ਼ਾ ਬੋਲੀ ਇਹ ਹੁੰਦੀ ਹੈ ਕਿ ਮੰਗਵਾਉਣ ਵਾਲਾ ਹੈ, ਲਿਆਉਣ ਵਾਲੀ ਹੈ ਚੀਜ਼। ਮੁੱਕਿਆ ਹੋਇਆ ਨਹੀਂ ਕਹਿੰਦੇ। ਕਿਉਂਕਿ ਜੇ ਕਹਿ ਦਿਤਾ ਕਈ ਵਾਰੀ ਉਨ੍ਹਾਂ ਦੀ ਜ਼ੁਬਾਨ ਆਪਣੀ ਹੀ ਸਤਿ ਹੋ ਜਾਂਦੀ ਹੈ। ਇਸ ਕਰਕੇ ਸਮਝ ਸੋਚ ਕੇ ਬੰਦਗੀ ਵਾਲੇ ਬੋਲਦੇ ਨੇ।

ਸੋ ਮਹਾਰਾਜ ਕਹਿੰਦੇ ਕਿ ਹੈ ਨਹੀਂ ਫੇਰ ਤੇਰੀ ਮਰਜ਼ੀ।

ਅਜੇ ਉਥੇ ਕੁ ਗਏ ਤਾਂ ਚੀਕਾਂ ਮਾਰਦਾ ਹੈ ਅੰਦਰੋਂ, ਅਜੇ ਉਹ ਦੱਸਣ ਨਹੀਂ ਗਈ ਸੀ ਉਹਨੂੰ, ਖੜ੍ਹੀ ਗਈ ਦੇਖਦੀ ਹੈ ਕਿ ਮੋੜ ਮੁੜ ਜਾਣ, ਫੇਰ ਮੈਂ ਜਾ ਕੇ ਦੱਸਾਂ ਉਹਨੂੰ।

ਜਦੋਂ ਗੁਰੂ ਨਾਨਕ ਸਾਹਿਬ ਮੋੜ ਮੁੜ ਗਏ ਗਲੀ ਦਾ, ਦੇਖ ਲਿਆ ਕਿ ਹੁਣ ਨਹੀਂ ਮੁੜ ਕੇ ਆਉਂਦੇ, ਨੱਠ ਕੇ ਗਈ, ਕਹਿੰਦੀ ਆ ਜਾ ਨਿਕਲ ਆ ਬਾਹਰ।

ਉਹ ਉਥੇ ਚੀਕਾਂ ਮਾਰਦਾ ਹੈ, ਖਾ ਲਿਆ ਓਏ, ਮਰ ਗਿਆ ਓਏ। ਕਹਿੰਦੀ ਕੀ ਹੋ ਗਿਆ? ਕਹਿੰਦਾ ਕਾਲੇ ਨਾਗ ਨੇ ਡੰਗ ਲਿਆ। ਕਹਿੰਦੀ ਉਹ ਤਾਂ ਕਹਿ ਗਏ ਸੀ ਕਿ ਹੈ ਨਹੀਂ, ਫੇਰ ਭਾਈ ਬੀਬੀ, ਹੈ ਨਹੀਂ।

ਲੇਕਿਨ ਫੇਰ ਦੋ ਸੌ ਸਾਲ ਘੁੰਮਦਾ ਰਿਹਾ, ਗੁਰੂ ਨੇ ਛੱਡਿਆ ਤਾਂ ਨਹੀਂ ਹੈ। ਫੇਰ ਵੀ ਟੋਲ੍ਹ ਲਿਆ ਜਾ ਕੇ।

ਇਸੇ ਤਰ੍ਹਾਂ ਗੁਰੂ ਦਸਵੇਂ ਪਾਤਸ਼ਾਹ ਸਾਰੇ ਯੁੱਧ ਜੰਗ ਕਰਨ ਤੋਂ ਬਾਅਦ ਜਦੋਂ ਪਹੁੰਚਦੇ ਨੇ ਮੁਕਤਸਰ, ਤੇ ਉਥੇ ਵੀ ਯੁੱਧ ਕਰਨ ਤੋਂ ਬਾਅਦ ਅੱਗੇ ਚਲੇ ਜਾਂਦੇ ਨੇ ਤੇ ਜੋਗੀਪੁਰੇ ਰਹੇ। ਉਸ ਤੋਂ ਅੱਗੇ ਕਈ ਪਿੰਡਾਂ 'ਚੋਂ ਹੁੰਦੇ-ਹੁੰਦੇ ਆਪ, ਕਾਲਝਾਰਨੀ ਇਕ ਪਿੰਡ ਹੈ ਉਥੇ ਪਹੁੰਚ ਗਏ। ਉਥੇ ਮਹਾਰਾਜ ਜੀ ਨੇ ਕੁਛ ਵਿਚਾਰਿਆ। ਆਪ ਠਹਿਰ ਗਏ। ਮਹਾਰਾਜ ਜੀ ਅਜੇ ਕੈਂਪ ਹੀ ਲਾਉਂਦੇ ਨੇ ਕਿ ਕੀ ਦੇਖਦੇ ਨੇ ਇਕ ਕਾਲਾ ਨਾਗ ਦੌੜਿਆ ਆਉਂਦਾ ਹੈ ਮਹਾਰਾਜ ਜੀ ਵਲ ਨੂੰ, ਸਿੱਧਾ ਹੀ। ਕਹਿੰਦੇ ਮਹਾਰਾਜ ਸੱਚੇ ਪਾਤਸ਼ਾਹ ਇਕ ਸੱਪ ਆ ਰਿਹਾ ਹੈ। ਨਾ ਏਧਰ ਜਾਂਦਾ, ਨਾ ਓਧਰ ਜਾਂਦਾ ਤੁਹਾਡੇ ਵਲ ਸੇਧ ਲਾਈ ਹੋਈ ਹੈ, ਸਿੱਧਾ ਤੁਹਾਡੇ ਵਲ ਨੂੰ ਦੌੜਿਆ ਹੀ ਆਉਂਦਾ ਹੈ। ਨੇੜੇ ਆ ਗਿਆ, ਮਹਾਰਾਜ ਕਹਿੰਦੇ ਸੋਟਾ ਮਾਰੋ ਇਹਦੇ। ਸੋਟਾ ਮਾਰਿਆ, ਮਾਰ ਦਿਤਾ ਸੱਪ। ਕਈਆਂ ਦੇ ਖਿਆਲ 'ਚ ਆਇਆ ਕਿ ਸੱਪ ਸਿੱਧਾ ਹੀ ਮਹਾਰਾਜ ਵਲ ਨੂੰ ਕਿਉਂ ਆਇਐ? ਐਨੇ ਸਿੰਘ ਘੋੜੇ ਬੰਨ੍ਹ ਰਹੇ ਸੀ, ਹੋਰ ਸਿੰਘ ਵੀ ਸੀਗੇ, ਹੋਰ ਕਿਸੇ ਵਲ ਨਹੀਂ ਗਿਆ। ਮਹਾਰਾਜ ਵਲ ਨੂੰ ਗਿਆ? ਕਹਿਣ ਲੱਗੇ, ਸੱਚੇ ਪਾਤਸ਼ਾਹ! ਆਹ ਗੱਲ ਸਾਡੇ ਸਮਝ 'ਚ ਨਹੀਂ ਆਉਂਦੀ, ਜਾਨਣਾ ਚਾਹੁੰਦੇ ਹਾਂ ਕਿ ਇਹ ਸੱਪ ਤੁਹਾਡੇ ਵਲ ਨੂੰ ਕਿਉਂ ਆਇਆ? ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਤਾਂ ਸਿੱਧੀਓ ਗੱਲ ਹੈ, ਇਹ ਗੁਰੂ ਘਰ ਦਾ ਮਸੰਦ ਸੀਗਾ। ਲੋਕ ਇਹਨੂੰ ਭੇਟਾ ਦਿੰਦੇ ਸੀ, ਗੁਰੂ ਨੂੰ ਪਹੁੰਚਾਉਣ ਵਾਸਤੇ। ਇਹ ਗੁਰੂ ਕੋਲ ਨਹੀਂ ਸੀ ਲਿਆਉਂਦਾ, ਆਪੇ ਹੀ ਖਾ ਜਾਂਦਾ ਸੀ ਸਾਰੀ। ਇਹ ਤਾਂ ਅਸੀਂ ਰੱਖਿਆ ਹੋਇਆ ਹੈ ਕਿ ਜੇ ਕੋਈ ਗੁਰੂ ਦੀ ਸੇਵਾ ਕਰਦਾ ਹੈ, ਉਹਨੂੰ ਆਪਣੇ ਗੁਜ਼ਾਰੇ ਵਾਸਤੇ ਚੰਗਾ ਵਧੀਆ ਗੁਜ਼ਾਰਾ ਅਸੀਂ ਦਿੰਦੇ ਹਾਂ। ਸਵਾਰੀ ਵੀ ਚੜ੍ਹਨ ਵਾਸਤੇ ਦਿੰਦੇ ਹਾਂ, ਵਸਤਰ ਵੀ ਦਿੰਦੇ ਹਾਂ। ਜੇ ਗ੍ਰਿਹਸਤੀ ਹੈ ਉਸ ਦਾ ਵੀ ਗੁਜ਼ਾਰਾ ਅਸੀਂ ਪੂਰਾ ਕਰਾਉਂਦੇ ਹਾਂ। ਲੇਕਿਨ ਜਿਹੜਾ ਗੁਰੂ ਦੇ ਧਨ ਦੇ ਉਤੇ ਕਬਜ਼ਾ ਹੀ ਕਰਕੇ ਬੈਠ ਜਾਏ, ਗੁਰੂ ਤੱਕ ਪਹੁੰਚਾਵੇ ਹੀ ਨਾ, ਫੇਰ ਕਹਿੰਦੇ ਭਾਈ! ਉਹ ਗਲਤ ਹੋ ਜਾਂਦਾ ਹੈ। ਸੋ ਇਹ ਜਿਹੜਾ ਗੁਰੂ ਘਰ ਦਾ ਮਸੰਦ ਸੀ, ਏਸ ਨੂੰ ਗੁਰੂ ਦੇ ਘਰ ਦਾ ਧਾਨ ਖਾਣਾ ਸ਼ੁਰੂ ਕਰ ਦਿਤਾ ਤੇ ਗੁਰੂ ਕੋਲ ਨਹੀਂ ਪਹੁੰਚਾਇਆ ਇਸਨੇ, ਆਪ ਹੀ ਰੱਖਦਾ ਰਿਹਾ, ਆਨੇ ਬਹਾਨੇ ਲਾ ਕੇ। ਆਉਂਦਾ ਹੀ ਨਹੀਂ ਸੀਗਾ। ਬਿਰਤੀ ਇਹਦੀ ਐਨੀ ਮਾਇਆ 'ਚ ਪੈ ਗਈ ਕਿ ਅੰਤ ਵੇਲੇ ਮਾਇਆ ਹੀ ਮਾਇਆ ਇਹਦੇ ਸਾਮ੍ਹਣੇ ਆਵੇ ਤੇ ਉਦੋਂ ਦਾ ਸੱਪ ਬਣ ਗਿਆ। ਇਸੇ ਕਰਕੇ ਇਸ ਗੱਲ ਤੋਂ ਬਚਾਉਣ ਵਾਸਤੇ ਖਬਰਦਾਰ ਕਰਨ ਵਾਸਤੇ ਭਾਈ ਗੁਰਦਾਸ ਜੀ ਨੇ ਐਸ ਤਰ੍ਹਾਂ ਦੀ ਮਤ ਦਿਤੀ ਹੈ।

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈ ਨਾ,***
***ਧਾਨ ਬੁਰਾ ਪੂਜਾ ਦਾ।***
***ਜਿਉ ਮਰਿਆਦਾ ਹਿੰਦੂਆਂ ਗਊ ਮਾਸ ਅਖਾਜੁ।***

*ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*
*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।*
*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।*
*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥*
*ਭਾਈ ਗੁਰਦਾਸ ਜੀ ਵਾਰ 35/12*

ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ ਗੁਰਸਿੱਖੋ! ਅਸੀਂ ਜੋ ਸਿੱਖੀ ਦਾ ਧਰਮ ਚਲਾਇਆ ਹੈ ਇਹ ਕਿਰਤ ਕਰਨ ਵਾਲਿਆਂ ਦਾ, ਨਾਮ ਜਪਣ ਵਾਲਿਆਂ ਦਾ, ਇਹ ਵਿਹਲੇ ਬੈਠ ਕੇ ਪੂਜਾ ਖਾਣ ਵਾਲਿਆਂ ਦਾ ਨਹੀਂ। ਜੇ ਕੋਈ ਗੁਰੂ ਦੇ ਰਹਿੰਦਾ ਹੈ ਉਹ ਵੀ ਸੇਵਾ ਕਰਦਾ ਹੈ, ਦਿਨ ਰਾਤ ਤੁਰਿਆ ਫਿਰਦਾ ਹੈ। ਕੀ ਲੈਂਦਾ ਹੈ ਗੁਰੂ ਘਰ 'ਚੋਂ, ਪ੍ਰਸ਼ਾਦਾ ਲੈ ਲੈਂਦਾ ਹੈ, ਵਸਤਰ ਲੈ ਲੈਂਦਾ ਹੈ, ਰਹਿਣ ਨੂੰ ਥਾਉਂ ਲੈਂਦਾ ਹੈ। ਤਿੰਨ ਚੀਜ਼ਾਂ ਦੀ ਲੋੜ ਹੈ, ਕੁਲੀ, ਜੁਲੀ, ਗੁੱਲੀ। ਜੇ ਗ੍ਰਹਿਸਤੀ ਹੈ ਤਾਂ ਗ੍ਰਹਿਸਤ ਦੇ ਨਿਰਬਾਹ ਵਾਸਤੇ ਥੋੜ੍ਹਾ ਬਹੁਤਾ ਲੈ ਲੈਂਦਾ ਹੈ। ਲੇਕਿਨ ਜਿਹੜਾ ਇਹ ਪੂਜਾ ਦੇ ਧਾਨ ਤੇ ਕਬਜ਼ਾ ਕਰਨਾ ਹੈ, ਕਹਿੰਦੇ ਇਹ ਤਾਂ ਇਸੇ ਤਰ੍ਹਾਂ ਹੈ ਜਿਵੇਂ ਵਿਹੁ (ਜ਼ਹਿਰ) ਦਾ ਕੈਪਸੂਲ ਖਾ ਲਿਆ। ਫੇਰ ਮਰਨਾ ਹੀ ਹੈ ਉਹਨੇ। ਗਊ ਮਾਸ ਪਹਿਲਾਂ ਹਿੰਦੂ ਨਹੀਂ ਸੀ ਖਾਇਆ ਕਰਦੇ। ਹੁਣ ਤਾਂ ਖਾਣ ਲਗ ਗਏ। ਮੁਸਲਮਾਨ ਜਿਹੜਾ ਸੀ ਉਹ ਸੂਰ ਨਹੀਂ ਸੀ ਖਾਂਦਾ, ਵਿਆਜ ਲੈਂਦਾ ਹੀ ਨਹੀਂ ਸੀ ਹੁੰਦਾ। ਸੁਗੰਧ ਪਾਈ ਹੋਈ ਸੀ ਇਹਨੇ ਵਿਆਜ ਦੀ। ਸਹੁਰੇ ਘਰ ਜਾ ਕੇ ਜਵਾਈ ਮੁਫਤ ਦੀ ਸ਼ਰਾਬ ਵੀ ਪਾਣੀ ਵਾਂਗ ਪੀਂਦਾ ਹੈ। ਕੋਈ ਕਿੰਨਾ ਹੀ ਗਰੀਬ ਕਿਉਂ ਨਾ ਹੋਵੇ, ਸਾਹਾ (ਖਰਗੋਸ਼) ਦਾ ਮਾਸ ਨਹੀਂ ਸੀ ਖਾਂਦਾ। ਜਿਵੇਂ ਸ਼ਕਰ ਘਿਉ ਦੇ ਵਿਚ ਮੱਖੀ ਮਰ ਜਾਏ ਤਾਂ ਸਾਰਾ ਹੀ ਖਰਾਬ ਹੋ ਜਾਂਦਾ ਹੈ। ਤਿਵੇਂ ਹੀ ਪੂਜਾ ਦਾ ਧਾਨ ਜ਼ਹਿਰੀਲੀ ਖੰਡ ਸਮਾਨ ਹੈ।

ਦੂਸਰਾ ਹੁੰਦਾ ਹੈ ਕਿ ਸਿੱਖੀ ਸਿਦਕ ਦੇ ਵਿਚ ਬਿਲਕੁਲ ਢਿੱਲ ਆ ਜਾਂਦੀ ਹੈ, ਨਾਸਤਕ ਹੋ ਜਾਂਦਾ ਹੈ –

*ਧਾਰਨਾ - ਸਿੱਖੀ ਸਿਦਕ ਨਾ ਬਈ ਰਹਿਣਾ ਹਿਰਦੇ ਤੇਰੇ,*
*ਧਾਨ ਖਾ ਕੇ ਪੂਜਾ ਦਾ।*

*ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।*
*ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।*
*ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।*
*ਜਿਉ ਉਦਮਾਦੀ ਅਤੀਸਾਰੁ ਖਈ ਰੋਗ ਮਨੁਖੈ।*
*ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ।*
*ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥*
*ਭਾਈ ਗੁਰਦਾਸ ਜੀ, ਵਾਰ 35/14*

ਸੋ ਏਸ ਤਰ੍ਹਾਂ ਦਾ ਨਾਲ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ ਕਿ ਸਿੰਘੋ! ਜਪ ਤਪ ਵਾਲਾ, ਕਰਾਰਾ ਤੇਜ਼ ਦੇ ਕੇ ਅਸੀਂ ਪੰਥ ਸਾਜਿਆ ਹੈ। ਪਰ ਇਹਦਾ ਤਪ ਤੇਜ ਉਦੋਂ ਖਤਮ ਹੋ ਜਾਏਗਾ, ਜਦੋਂ ਇਹ ਪੂਜਾ ਦਾ ਧਾਨ ਖਾਣ ਲਗ ਜਾਏਗਾ। ਦੁੱਧ ਦਾ ਭਰਿਆ ਕੜਾਹਾ ਪਿਆ ਹੋਵੇ, ਉਹਦੇ ਵਿਚ ਜ਼ਰਾ ਕੁ ਚੁੱਕ ਕੇ ਖੱਟਾ ਪਾ ਦਿਓ, ਕੀ ਹੋਏਗਾ, ਦੁੱਧ ਵਿਗੜ ਜਾਏਗਾ। ਹਜ਼ਾਰ ਮਣ ਰੂੰ ਪਈ ਹੋਵੇ, ਇਕ ਚੰਗਿਆੜੀ ਸੁੱਟ ਦਿਓ, ਰੂੰ ਜਲ ਜਾਏਗੀ। ਪਾਣੀ ਦੇ ਉਤੇ ਬੁਰ ਆ ਜਾਵੇ, ਪਾਣੀ ਖਰਾਬ ਹੋ ਜਾਏਗਾ। ਦਰਖਤ ਨੂੰ ਲਾਗ ਲਗ ਜਾਵੇ, ਜਿਹੜਾ ਰਸ ਜਿਹਾ ਨਿਕਲਦਾ ਹੈ ਕਹਿੰਦੇ ਦਰਖਤ ਕਾਣਾ ਹੋ ਜਾਂਦਾ ਹੈ ਉਥੋਂ। ਜਿਸ ਤਰ੍ਹਾਂ ਮਨੁੱਖਾਂ ਨੂੰ ਕੋਹੜ ਲਗ ਜਾਂਦਾ ਹੈ, ਟੀ.ਬੀ. ਲਗ ਜਾਂਦੀ ਹੈ, ਐਸ ਤਰ੍ਹਾਂ ਦੇ ਨਾਲ ਮਨੁੱਖ ਦਾ ਵੀ ਖਾਤਮਾ ਹੋ ਜਾਂਦਾ ਹੈ। ਪੰਖੇਰੂ ਆ ਕੇ ਚੁਗਦੇ ਨੇ, ਜਾਲ ਵਿਚ ਫਸ ਜਾਂਦੇ ਨੇ, ਐਸੇ ਤਰ੍ਹਾਂ ਗੁਰੂ ਦੇ ਧਾਨ ਦੀ ਜਿਹੜੀ ਝਾਕ ਹੈ ਉਹ ਬੇਮੁੱਖਾਂ ਨੂੰ ਲਗਦੀ ਹੈ।

ਕਹਿੰਦੇ ਇਹ ਜਿਹੜਾ ਮਸੰਦ ਸੀ ਇਹ ਧਾਨ ਗੁਰੂ ਦਾ ਖਾਂਦਾ ਰਹਿੰਦਾ ਸੀ। ਗੁਰੂ ਕੋਲ ਨਹੀਂ ਸੀ ਪਹੁੰਚਾਉਂਦਾ ਤੇ ਮਾਇਆ ਹੀ ਮਾਇਆ ਦਿਨ ਰਾਤ ਕਰਦਾ ਸੀ। ਕਹਿੰਦੇ ਪ੍ਰੇਮੀਓ! ਨਤੀਜਾ ਕੀ ਹੋਇਆ? ਦੇਖੋ ਕਿਹੋ ਜਿਹਾ ਜ਼ਹਿਰੀ ਸੱਪ ਬਣਿਆ।

ਸਿੰਘ ਕਹਿਣ ਲੱਗੇ, "ਮਹਾਰਾਜ ਫੇਰ ਇਹਨੂੰ ਇਵੇਂ ਜਿਵੇਂ ਰਹਿਣ ਦੇਣਾ ਸੀ, ਸਜ਼ਾ ਮਿਲਦੀ?

ਕਹਿੰਦੇ ਨਾ, ਇਹ ਤਾਂ ਇਹਦਾ ਕਰਤੱਵ ਹੈ। ਗੁਰੂ ਦਾ ਕਰਤੱਵ ਹੈ, ਭੁੱਲਿਆ ਚੁਕਿਆਂ, ਵਿਗੜਿਆਂ ਸਭ ਨੂੰ ਬਖਸ਼ਣਾਂ ਹੁੰਦਾ ਹੈ ਉਹਨੇ। ਕਿਉਂਕਿ ਆਪਣਾ ਬਣਾ ਲਿਆ। ਜਿਹਨੂੰ ਆਪਣਾ ਬਣਾ ਲਿਆ, ਫੇਰ ਨਹੀਂ ਗੁਰੂ ਛੱਡਦਾ ਹੁੰਦਾ। ਸਿੱਖ ਛੱਡਦਾ ਹੈ ਗੁਰੂ ਨੂੰ, ਗੁਰੂ ਕਦੇ ਵੀ ਨਹੀਂ ਸਿੱਖ ਨੂੰ ਛੱਡਦਾ ਹੁੰਦਾ। ਗੁਰੂ ਕਹਿੰਦਾ ਜਦ ਵੀ ਤੂੰ ਆ ਗਿਆ–

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥* *ਅੰਗ - 544*

ਇਸ ਤਰ੍ਹਾਂ ਦੀਆਂ ਬੇਅੰਤ ਮਿਸਾਲਾਂ ਗੁਰੂ ਘਰ 'ਚ ਆਉਂਦੀਆਂ ਨੇ।

ਗੁਰੂ ਮਹਾਰਾਜ ਦਾ ਕੈਂਪ ਲੱਗਿਆ ਹੋਇਆ ਹੈ ਓਸੇ ਪਿੰਡ ਦੇ ਵਿਚ। ਭਾਈ ਧਰਮ ਸਿੰਘ, ਪਰਮ ਸਿੰਘ, ਇਹ ਰੋਜ਼ ਗੁਰੂ ਸਾਹਿਬ ਨੂੰ ਨਵਾਂ ਪਲੰਘ ਬਣਾ ਕੇ ਦਿੰਦੇ ਸੀ। ਪਹਿਲਾਂ ਹੀ ਚਲੇ ਜਾਣਾ, ਪੁਛ ਲੈਣਾ ਕਿ ਸੱਚੇ ਪਾਤਸ਼ਾਹ! ਕੱਲ੍ਹ ਦਾ ਕੈਂਪ ਕਿਥੇ ਲੱਗੇਗਾ। ਰੋਜ਼ ਮਹਾਰਾਜ ਅੱਗੇ ਜਾਂਦੇ ਸੀ ਤੇ ਇਨ੍ਹਾਂ ਨੇ ਪਹਿਲਾਂ ਹੀ ਜਾ ਕੇ ਮਹਾਰਾਜ ਲਈ ਪਲੰਘ ਬਣਾ ਦੇਣਾ। ਅੱਜ ਕੋਈ ਸਮਾਂ ਲੇਟ ਹੋਣ ਕਰਕੇ ਛੇਤੀ ਨਾ ਜਾ ਸਕੇ, ਇਨ੍ਹਾਂ ਨੇ ਉਥੋਂ ਮੋਟੇ-ਮੋਟੇ ਚਾਰ ਟਾਹਣੇ ਵੱਢੇ ਤੇ ਉਹਦੇ ਵਿਚ ਛੇਤੀ-ਛੇਤੀ ਸੱਲ ਪਾ ਕੇ, ਅਨਘੜੇ ਹੀ ਉਥੇ ਮੰਜਾ ਬਣਾ ਦਿਤਾ, ਵੱਡਾ ਸਾਰਾ। ਤੇ ਬੇੜ ਲੈ ਕੇ, ਜਿਸ ਤਰ੍ਹਾਂ ਬੁਣੀਦਾ ਹੈ ਇਸ ਤਰ੍ਹਾਂ ਬੁਣ ਦਿਤਾ। ਬਿਸਤਰਾ ਵਿਛਾ ਦਿਤਾ, ਵਧੀਆ ਪਲੰਘ ਬਣ ਗਿਆ।

ਮਹਾਰਾਜ ਆਏ ਤਾਂ ਕਿੱਕਰ ਥੱਲੇ ਮਹਾਰਾਜ ਦਾ ਪਲੰਘਾ ਡਹਿ ਗਿਆ। ਮਹਾਰਾਜ ਨੇ ਉਪਰ ਨੂੰ ਦੇਖਿਆ ਕਹਿੰਦੇ ਧਰਮ ਸਿੰਘਾ! ਇਕ ਕੰਮ ਕਰ ਬਈ ਪ੍ਰੇਮੀਆਂ?

ਕਹਿੰਦੇ ਦੱਸੋ, ਮਹਾਰਾਜ! ਕਹਿੰਦੇ ਆਹ ਜਿਹੜਾ ਆਲ੍ਹਣਾ ਹੈ ਨਾ ਕਾਉਂ ਦਾ, ਇਹਦੇ ਵਿਚ ਤਿੰਨ ਬੱਚੇ ਨੇ। ਇਕ ਲਿਆ ਚੁੱਕ ਕੇ ਇਨ੍ਹਾਂ 'ਚੋਂ। ਉਸ ਵੇਲੇ ਦਰਖੱਤ ਤੇ ਚੜ੍ਹ ਗਿਆ, ਕਹਿੰਦਾ ਮਹਾਰਾਜ, ਮੈਂ ਕਿਹਨੂੰ ਲਿਆਵਾਂ?

ਮਹਾਰਾਜ ਕਹਿੰਦੇ ਇਨ੍ਹਾਂ ਦਾ ਸੁਭਾਅ ਦੱਸ? ਕਹਿੰਦਾ ਦੋ ਤਾਂ ਡਰੇ ਪਏ, ਇਕ ਨੇ ਪੰਜੇ ਤਿਆਰ ਕਰੇ ਪਏ ਨੇ ਤੇ ਮੇਰੇ ਤੇ ਝਪਟਾ ਮਾਰੇਗਾ। ਮਹਾਰਾਜ ਨੇ ਕਿਹਾ, ਇਹੀ ਹੈ, ਇਹਨੂੰ ਹੀ ਲਿਆ। ਥੱਲੇ ਲੈ ਆਂਦਾ। ਕਹਿੰਦੇ ਇਹਦੀ ਗਰਦਨ ਮਰੋੜ ਤੇ ਸੁੱਟ ਦੇ ਇਹਨੂੰ। ਉਸ ਵੇਲੇ ਗੁਰੂ ਮਹਾਰਾਜ ਨਾਲ ਪੁਰਾਣੇ ਸਿੱਖ ਤਾਂ ਹੈ ਨਹੀਂ ਸੀ। ਬਰਾੜਾਂ ਦੀ ਫੌਜ ਸੀ, ਪੰਜ ਸੌ ਘੋੜ ਸਵਾਰ, ਅੱਠ ਸੌ ਸੀਗਾ ਜਾਂ ਨੌਂ ਸੌ ਸੀਗਾ ਪੈਦਲ ਸਵਾਰ। ਕੋਈ ਪੰਦਰਾਂ ਸੌ ਸੀਗਾ ਫੌਜ ਦਾ ਬੰਦਾ। ਨਵੇਂ-ਨਵੇਂ ਸਿੱਖ ਬਣੇ ਸੀ। ਪਹਿਲਾਂ ਇਨ੍ਹਾਂ ਨੇ ਸੱਪ ਨੂੰ ਮਾਰਿਆ ਹੋਇਆ ਵੀ ਦੇਖਿਆ ਸੀ, ਆਹ ਹੁਣ ਇਨ੍ਹਾਂ ਨੇ ਕਾਉਂ ਦਾ ਬੱਚਾ ਚੁੱਕ ਕੇ ਮਾਰ ਦਿਤਾ ਤੇ ਦੋਹਾਂ ਨੂੰ ਛੱਡ ਦਿਤਾ। ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਤੁਸੀਂ ਕਾਉਂ ਕਿਉਂ ਮਾਰ ਦਿਤਾ। ਮਹਾਰਾਜ ਕਹਿੰਦੇ, ਪਿਆਰਿਆ! ਅਸੀਂ ਆਪਣਿਆਂ ਦੀ ਸੰਭਾਲ ਕਰਦੇ ਫਿਰਦੇ ਹਾਂ। ਜਿਥੇ-ਜਿਥੇ ਸਾਨੂੰ ਲਗਦਾ ਹੈ। ਲੋਕ ਤਾਂ ਸ਼ਿਕਾਰ ਕਰਦੇ ਫਿਰਦੇ ਨੇ, ਅਸੀਂ ਸ਼ਿਕਾਰ ਨਹੀਂ ਕਰਦੇ, ਅਸੀਂ ਤਾਂ ਆਪਣਿਆਂ ਨੂੰ ਸੰਭਾਲਦੇ ਫਿਰਦੇ ਹਾਂ, ਜਿਹੜੇ ਵਿਛੜੇ ਹੋਏ ਜੂਨਾਂ 'ਚ ਫਿਰਦੇ ਨੇ।

*ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥*
*ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥*

*ਅੰਗ - 920*

ਮਰਜ਼ੀ ਹੈ ਸਤਿਗੁਰੂ ਦੀ ਚਾਹੇ ਸ਼ਬਦ ਕਰਕੇ ਮੁਕਤੀ ਕਰ ਦੇਵੇ। ਚਾਹੇ ਵੈਸੇ ਹੀ ਕਰ ਦੇਵੇ।

ਕਹਿਣ ਲੱਗੇ ਮਹਾਰਾਜ! ਇਹਦੇ ਨਾਲ ਵੀ ਕੋਈ ਸਬੰਧ ਹੈ, ਇਹ ਬੜੀ ਸਿੱਖਿਆ ਦੇਣ ਵਾਲੀ ਗੱਲ ਹੈ ਇਹਦੀ। ਦੇਖੋ, ਤੁਸੀਂ ਜਿੰਨੇ ਵੀ ਬੈਠੇ ਓਂ, ਇਹ ਸਿਖਿਆ ਨੂੰ ਗ੍ਰਹਿਣ ਕਰਿਓ। ਕਹਿੰਦੇ, ਮਹਾਰਾਜ ਇਹ ਕੌਣ ਸੀ? ਕਹਿੰਦੇ ਇਹ ਸਾਡਾ ਲਾਂਗਰੀ ਸੀਗਾ। ਪਰ ਇਕ ਖੋਟੀ ਆਦਤ ਸੀ, ਨਾਲੇ ਤਾਂ ਦੇਈ ਜਾਣਾ, ਨਾਲੇ ਕੌੜਾ ਬੋਲੀ ਜਾਣਾ। ਬਹੁਤ ਕੌੜਾ ਬੋਲਦਾ ਸੀ। ਖਾਂਦਿਆਂ-ਖਾਂਦਿਆਂ ਨੂੰ ਵੀ ਕਈ ਵਾਰੀ ਬਹੁਤ ਕੌੜਾ ਬੋਲਦਾ ਸੀ ਕਿ ਜਿਹੜੀ ਗੱਲ ਅਗਲੇ ਨੂੰ ਚੁੱਭ ਜਾਵੇ। ਇਕ ਦਿਨ ਇਕ ਗੁਰਸਿੱਖ, ਉਹਨੇ ਗੱਡਾ ਭਰਿਆ ਹੋਇਆ ਸੀ ਅਨਾਜ ਦਾ। ਉਹ ਜਿਸ ਵਕਤ ਆਇਆ ਤਾਂ ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਵੀ ਪ੍ਰਸ਼ਾਦਾ ਛਕ ਲਵਾਂ। ਕਹਿੰਦੇ ਗੱਡਾ ਖੜ੍ਹਾ ਕੇ ਆ ਗਿਆ, ਉਹ ਪ੍ਰਸ਼ਾਦਾ ਛਕਣ ਵਾਸਤੇ ਆ ਗਿਆ। ਤੇ ਇਹ ਰੌਲਾ ਪਹਿਲਾਂ ਹੀ ਪਾ ਰਿਹਾ ਸੀ। ਉਚੀ-ਉਚੀ ਬੋਲੀ ਜਾਂਦਾ ਸੀ, ਇਕ ਸਕਿੰਟ ਵਾਸਤੇ ਵੀ ਚੁੱਪ ਨਹੀਂ ਸੀ ਕਰਦਾ। ਉਸ ਗੁਰਸਿੱਖ ਨੂੰ ਵੀ ਬਹੁਤ ਕੜਕ ਕੇ ਪਿਆ। ਬਹੁਤ ਗਲਤ ਗੱਲਾਂ ਕਹੀਆਂ। ਉਸ ਗੁਰਸਿੱਖ ਨੇ ਇਹਨੂੰ ਕਹਿ ਦਿਤਾ, ਕੀ ਕਾਉਂ ਵਾਂਗੂੰ ਕਾਂ-ਕਾਂ ਕਰੀ ਜਾਂਦਾ ਹੈਂ? ਤੂੰ ਕਾਉਂ ਬਣਨਾ ਹੈ, ਗੁਰਸਿੱਖੀ ਧਾਰਨ ਕਰਕੇ ਮਿੱਠਾ ਬੋਲਣਾ ਚਾਹੀਦਾ ਹੈ। ਤੈਨੂੰ ਪਤਾ ਹੈ ਗੁਰੂ ਨਾਨਕ ਸਾਹਿਬ ਕੀ ਕਹਿੰਦੇ ਨੇ -

*ਧਾਰਨਾ - ਫਿੱਕੇ ਬੋਲ ਨਾ ਜ਼ੁਬਾਨ ਵਿਚੋਂ ਬੋਲੀਏ,*
*ਦਰਗਾਹ ਵਿਚ ਧੱਕੇ ਖਾਏਂਗਾ।*
*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*

*ਅੰਗ - 473*

ਮਹਾਰਾਜ ਕਹਿੰਦੇ ਜਿਹੜਾ ਫਿੱਕਾ ਬੋਲਦਾ ਹੈ ਨਾ ਉਹਨੂੰ ਦਰਗਾਹ 'ਚੋਂ ਵੀ ਧੱਕ ਦਿਤਾ ਜਾਂਦਾ ਹੈ ਤੇ ਜੁੱਤੀਆਂ ਵੀ ਉਹਦੇ ਮੂੰਹ ਤੇ ਪੈਂਦੀਆਂ ਨੇ। ਸੋਚ ਕੇ ਬੋਲਣਾ ਚਾਹੀਦਾ ਹੈ, ਮਿੱਠਾ ਬੋਲੋ, ਕਉੜਾ ਨਾ ਬੋਲੋ।

ਉਸ ਵੇਲੇ ਲਾਂਗਰੀ ਨੂੰ ਸੋਝੀ ਆ ਗਈ, ਪਛਾਣ ਗਿਆ ਕਿ ਇਹ ਤਾਂ ਗੁਰਸਿੱਖ ਨਾਮ ਜਪਣ ਵਾਲਾ ਹੈ, ਚੁੱਪ ਕਰਕੇ ਰਹਿਣ ਵਾਲਾ ਹੈ। ਤੇ ਹੋਏਗਾ ਕਿਉਂ? ਮਹਾਰਾਜ ਕਹਿੰਦੇ ਨੇ ਕਿ ਜਿਹੜੇ ਅਭੇਦ ਅਵਸਥਾ ਦੇ ਮਹਾਂਪੁਰਸ਼ ਨੇ ਨਾ, ਗੁਰਸਿੱਖ, ਚਾਹੇ ਘਰ 'ਚ ਰਹਿੰਦੇ ਨੇ, ਚਾਹੇ ਕਿਸੇ ਆਸ਼ਰਮ 'ਚ ਰਹਿੰਦੇ ਨੇ, ਜਿਥੇ ਵੀ ਰਹਿੰਦਾ ਹੈ ਕੋਈ ਬੰਦਾ, ਉਹ ਜੋ ਬੋਲਦਾ ਹੈ, ਵਾਹਿਗੁਰੂ ਦਾ ਪਿਆਰਾ, ਮਹਾਰਾਜ ਕਹਿੰਦੇ ਉਹਦਾ ਜਿਹੜਾ ਬੋਲ ਹੁੰਦਾ ਹੈ, ਉਹ ਟਲਿਆ ਨਹੀਂ ਕਰਦਾ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*

ਏਸ ਤਰ੍ਹਾਂ ਕਿਉਂ ਹੁੰਦਾ ਹੈ, ਕਿਉਂਕਿ ਜਿਹਦੇ ਵਾਹਿਗੁਰੂ-ਵਾਹਿਗੁਰੂ ਹਰ ਵਕਤ ਰਸਨਾ ਤੇ ਹੁੰਦਾ ਹੈ। ਵਾਹਿਗੁਰੂ ਕਹਿੰਦਾ ਹੈ ਕਿ ਮੈਂ ਨਾਮ ਵਿਚ ਰਹਿੰਦਾ ਹਾਂ, ਨਾਉਂ ਮੇਰੇ ਵਿਚ ਵਸਦਾ ਹੈ। ਜਦੋਂ ਨਾਮ ਜੀਭ ਦੇ ਉਤੇ ਵਸ ਜਾਵੇ, ਰਸਨਾ ਤੇ ਵਾਹਿਗੁਰੂ ਆ ਜਾਵੇ, ਰੋਮ-ਰੋਮ ਦੇ ਵਿਚੋਂ ਵਾਹਿਗੁਰੂ ਦੀ ਧੁਨੀ ਨਿਕਲਣੀ ਸ਼ੁਰੂ ਹੋ ਜਾਵੇ, ਫੇਰ ਸਾਧਸੰਗਤ ਜੀ! ਵਾਹਿਗੁਰੂ ਉਹਦੀ ਰਸਨਾ ਤੇ ਵਸਣ ਲਗ ਜਾਂਦਾ ਹੈ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਸੰਪਾਦਕੀ

***ਡਾ. ਜਗਜੀਤ ਸਿੰਘ***

'ਆਤਮ ਮਾਰਗ' ਦੇ ਪਾਂਧੀ ਬੜੀ ਜਗਿਆਸਾ ਨਾਲ ਜੀਵਨ ਸੇਧ ਦੇਣ ਵਾਲੇ ਆਪਣੇ ਮੈਗਜ਼ੀਨ 'ਆਤਮ ਮਾਰਗ' ਦੀ ਉਡੀਕ ਕਰਦੇ ਰਹਿੰਦੇ ਹਨ। ਕਰਨ ਵੀ ਕਿਉਂ ਨਾਂਹ? ਅੰਦਰ ਤਾਂਘ ਹੁੰਦੀ ਹੈ ਕਿ ਮਹਾਂਪੁਰਸ਼ਾਂ ਦੇ ਰੂਹਾਨੀ ਪ੍ਰਵਚਨ ਪੜ੍ਹੀਏ, ਜੀਵਨ-ਸੇਧ ਪ੍ਰਾਪਤ ਹੋਵੇ, ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਹੋਵੇ ਅਤੇ ਸੁਖ ਸਹਿਜ ਅਨੰਦ ਦੀ ਪ੍ਰਾਪਤੀ ਹੋਵੇ। ਪਰਉਪਕਾਰੀ ਮਹਾਂਪੁਰਸ਼ਾਂ ਨੇ ਲੋਕ ਸੇਵਾ ਹਿਤ ਬਹੁਤ ਕਾਰਜ ਕੀਤੇ ਹਨ - ਉੱਚੇ ਪੱਧਰ ਦੇ ਸਕੂਲਾਂ ਦਾ ਨਿਰਮਾਣ ਕੀਤਾ ਹੈ, ਦੋ ਸਕੂਲ ਤਾਂ ਰਤਵਾੜਾ ਸਾਹਿਬ ਵਿਚ ਹੀ ਚੜ੍ਹਦੀ ਕਲਾ ਨਾਲ ਚੱਲ ਰਹੇ ਹਨ, ਨਾਲ ਹੀ ਆਈ.ਟੀ. ਕਾਲਜ ਦਾ ਸੰਚਾਲਨ ਕੀਤਾ ਜਿਹੜਾ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਰਿਜਨਲ ਸੈਂਟਰ ਬਣ ਗਿਆ ਹੈ। ਹਸਪਤਾਲ ਦਾ ਨਿਰਮਾਣ ਹੋ ਰਿਹਾ ਹੈ, ਗੁਰਦਵਾਰਾ ਸਾਹਿਬ ਅਤੇ ਦੀਵਾਨ ਹਾਲ ਵਿਚ ਨਿਰੰਤਰ ਪਾਠ, ਕਥਾ ਕੀਰਤਨ ਵਿਚਾਰਾਂ ਦਾ ਪਰਵਾਹ ਚਲਦਾ ਰਹਿੰਦਾ ਹੈ, ਆਏ ਗਏ ਜਗਿਆਸੂਆਂ ਲਈ ਗੁਰੂ ਕੇ ਅਤੁੱਟ ਲੰਗਰ ਵਰਤਦੇ ਹਨ। ਵਿਸ਼ਾਲ ਕੈਂਪਸ ਵਿਚ ਬਾਗ-ਬਗੀਚੇ, ਤਪੋਬਨ 'ਬਲਿਹਾਰੀ ਕੁਦਰਤਿ ਵਸਿਆ' ਦੀ ਝਲਕ ਪ੍ਰਦਾਨ ਕਰਦੇ ਹਨ। ਇਹ ਸਭ ਕੁਝ ਬਹੁਤ ਵਧੀਆ ਹੈ, ਮਹਾਨ ਸੇਵਾ ਹੈ, ਪਰਉਪਕਾਰ ਹੈ ਪਰ ਸਭ ਤੋਂ ਵੱਧ ਮਨੁੱਖਤਾ ਦੀ ਸੇਵਾ ਹੈ-

*'ਜੀਅ ਦਾਨ ਦੇ ਭਗਤੀ ਲਾਇਨ*
*ਹਰਿ ਸਿਉ ਲੈਨਿ ਮਿਲਾਏ॥ ਅੰਗ - 749*

ਆਪਣੀ ਹਿਆਤੀ ਦੌਰਾਨ ਉਨ੍ਹਾਂ ਨੇ ਦੇਸ਼ਾਂ ਵਿਦੇਸ਼ਾਂ ਵਿਚ ਨਿਰੰਤਰ ਦਿਨ ਰਾਤ ਦੀਵਾਨ ਲਾ ਕੇ ਗੁਰਮਤਿ ਵਿਚਾਰਾਂ ਦਾ ਪਰਵਾਹ ਚਲਾਇਆ ਪਰ ਨਾਲ ਹੀ ਇਨ੍ਹਾਂ ਅਮੋਲਕ ਬਚਨਾਂ ਦੀ ਸੰਭਾਲ ਵੀ ਹੁੰਦੀ ਰਹੀ। ਨਤੀਜੇ ਵਜੋਂ ਅੱਜ ਜਦੋਂ ਸਰੀਰ ਕਰਕੇ ਉਹ ਸਾਡੇ ਵਿਚਕਾਰ ਨਹੀਂ ਹਨ, ਉਨ੍ਹਾਂ ਦੇ ਹਿਰਦੇ ਵਿਚੋਂ ਨਿਕਲੇ ਅਮੋਲਕ ਬਚਨ ਸਾਨੂੰ ਸੇਧ ਬਖਸ਼ ਰਹੇ ਹਨ ਜਿਨ੍ਹਾਂ ਦੀ ਅਸੀਂ 'ਆਤਮ ਮਾਰਗ' ਰਾਹੀਂ ਹਰ ਮਹੀਨੇ ਆਪ ਜੀ ਨਾਲ ਸਾਂਝ ਪਾਉਂਦੇ ਹਾਂ। ਅੱਜ ਦੀ ਦੌੜ ਭੱਜ ਦੀ ਜ਼ਿੰਦਗੀ ਵਿਚ ਜਦੋਂ ਮਨੁੱਖ ਕਈ ਤਰ੍ਹਾਂ ਦੇ ਤਣਾਉ ਵਿਚ ਗ੍ਰਸਿਆ ਹਫਿਆ ਫਿਰਦਾ ਹੈ, ਗੁਰਬਾਣੀ ਅਤੇ ਗੁਰਬਾਣੀ ਦੀ ਸੁਚੱਜੀ ਵਿਚਾਰਧਾਰਾ ਤੇ ਵਿਆਖਿਆ ਸਾਡੇ ਤਪਦੇ ਹਿਰਦਿਆਂ ਨੂੰ ਠਾਰਦੀ ਹੈ, ਅਗਿਆਨਤਾ ਦੇ ਅੰਨ੍ਹੇਰਿਆਂ ਵਿਚ ਠੇਡੇ ਖਾਂਦਿਆਂ ਨੂੰ ਚਾਨਣ ਤੇ ਸਹਾਰਾ ਬਖਸ਼ਦੀ ਹੈ। ਅਸੀਂ ਆਪਣੇ ਜੀਵਨ ਲਕਸ਼ ਤੋਂ ਖੁੰਝੇ ਹੋਏ ਹਾਂ। ਮਹਾਂਪੁਰਸ਼ ਗੁਰਬਾਣੀ ਦੇ ਪ੍ਰਸੰਗ ਵਿਚ ਦਸਦੇ ਹੁੰਦੇ ਸੀ ਕਿ ਵਾਹਿਗੁਰੂ ਦੇ ਸਿਮਰਨ ਨਾਲ ਹੀ ਅਸਲੀ ਜੀਵਨ ਲਕਸ਼ ਪ੍ਰਾਪਤ ਹੁੰਦਾ ਹੈ। ਹੋਰ ਸਾਧਨਾ ਰਾਹੀਂ ਮਨ ਕਦੇ ਵੀ ਟਿਕਾਅ ਵਿਚ ਨਹੀਂ ਆ ਸਕਦਾ। ਸਾਰਾ ਸੰਸਾਰ ਸੁੱਖਾਂ ਦੀ ਭਾਲ ਵਿਚ ਭਟਕ ਰਿਹਾ ਹੈ, ਦੇਸ਼ਾਂ ਵਿਦੇਸ਼ਾਂ ਵਿਚ ਦਿਨ ਰਾਤ ਧੱਕੇ ਖਾਂਦਾ ਫਿਰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ ਕਿ ਮੈਂ ਸਾਰਾ ਸੰਸਾਰ ਦ੍ਰਿਸ਼ਟੀ ਵਿਚ ਲਿਆ ਕੇ ਵੇਖਿਆ ਹੈ, ਸਾਰੇ ਸਾਧਨ ਵਾਚ ਕੇ ਵੇਖੇ ਹਨ ਅਤੇ ਇਹ ਸਚਾਈ ਲੱਭੀ ਹੈ ਕਿ ਨਾਮ ਸਿਮਰਨ ਤੋਂ ਬਿਨਾਂ ਸੁਖ ਕਿਤੇ ਨਹੀਂ। ਜੀਵਨ ਦਾ ਸਹੀ ਲਕਸ਼ ਨਾਮ-ਸਿਮਰਨ ਰਾਹੀਂ ਨਿਰਬਾਣ ਪਦ ਦੀ ਪ੍ਰਾਪਤੀ ਹੈ ਜਿਥੇ ਸੁੱਖ, ਸਹਜ, ਸ਼ਾਂਤੀ, ਅਨੰਦ ਦਾ ਨਿਵਾਸ ਹੈ। ਗੁਰ ਫੁਰਮਾਨ ਹੈ -

*ਜੀਵਨ ਪਦੁ ਨਿਰਬਾਣ ਇਕੋ ਸਿਮਰੀਐ॥*
*ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥*
*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥ ਅੰਗ - 322*

'ਆਤਮ ਮਾਰਗ' ਦੇ ਸਾਰੇ ਲੇਖ, ਵਿਸ਼ੇਸ਼ ਕਰਕੇ ਮਹਾਂਪੁਰਸ਼ਾਂ ਦੇ ਲੇਖ 'ਨਾਮ-ਬਾਣੀ' ਨਾਲ ਜੋੜਦੇ ਹਨ, ਨਾਮ ਜਪਣ ਦੇ ਲਾਭ ਦਸਦੇ ਹਨ, ਨਾਮ-ਜਾਪ ਦੀ ਵਿਧੀ ਸਮਝਾਉਂਦੇ ਹਨ ਅਤੇ ਇਹ ਸਭ ਕੁਝ ਅਨੁਭਵ ਵਿਚੋਂ ਕਿਹਾ ਜਾਂਦਾ ਹੈ, ਗੁਰਬਾਣੀ ਦੇ ਪ੍ਰਸੰਗ ਵਿਚ ਦਸਦੇ ਹਨ, ਇਸ ਲਈ ਹਿਰਦੇ ਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਉਦਾਹਰਣ ਵਜੋਂ 'ਮਹਾਂਵਾਕ ਦੀ ਵਿਆਖਿਆ' ਵਿਚ ਹੀ ਵੇਖੋ ਸ਼ਬਦ 'ਰਸਨਾ ਗੁਣ ਗੋਪਾਲ ਨਿਧਿ ਗਾਇਣ' ਦੀ ਵਿਆਖਿਆ ਕਿੰਨੀ ਦਿਲ ਟੁੰਬਣ ਵਾਲੀ ਤੇ ਸੇਧ ਬਖਸ਼ਣ ਵਾਲੀ ਹੈ ਤੇ ਨਾਲ ਹੀ ਕਿੰਨੀ ਸਰਲ ਤੇ ਸਪਸ਼ਟ ਤੇ ਵਿਸ਼ਾਲ ਹੈ। 'ਸਗਲੇ ਦੂਖ ਪਲਾਇਣ' ਵਿਚ ਉਨ੍ਹਾਂ ਨੇ ਸਾਡੇ ਸਰੀਰਕ, ਮਾਨਸਿਕ, ਆਰਥਿਕ, ਭਾਈਚਾਰਕ, ਸੰਸਾਰਕ ਸਾਰੇ ਹੀ ਦੁਖ ਗਿਣ ਦਿਤੇ ਹਨ, ਪੜ੍ਹ ਕੇ ਮਨ ਤੋਂ ਬੋਝ ਉਤਰ ਜਾਂਦਾ ਹੈ। ਰਸਨਾ ਨਾਲ ਨਾਮ ਜਪਣ ਨਾਲ ਇਕ ਨਹੀਂ, ਸਮੂੰਹ ਦੁਖਾਂ ਦਾ ਨਾਸ ਹੁੰਦਾ ਹੈ ਤੇ ਸੁਖਾਂ ਦਾ ਪ੍ਰਵੇਸ਼ ਹੁੰਦਾ ਹੈ। ਨਾਮ ਜਪਣ ਦੀ ਵਿਧੀ ਸਪਸ਼ਟ ਕਰਦਿਆਂ ਗੁਰੂ ਮਹਾਰਾਜ ਦਸਦੇ ਹਨ ਕਿ ਹਿਰਦੇ ਵਿਚ ਪਿਆਰ ਭਾਵਨਾ ਪੈਦਾ ਕਰੋ, ਰਸਨਾ ਨਾਲ ਨਾਮ ਉਚਾਰਨ ਕਰੋ, (ਗੁਰਸਿੱਖਾਂ ਲਈ 'ਵਾਹਿਗੁਰੂ ਗੁਰਮੰਤਰ ਹੈ, ਜਪੁ ਹਉਮੈ ਖੋਈ) ਇਸ ਉਚਾਰਨ ਕੀਤੇ ਗੁਰਮੰਤਰ ਨੂੰ ਧਿਆਨ ਨਾਲ ਕੰਨਾਂ ਨਾਲ ਸਰਵਣ ਕਰੋ, ਇੰਜ ਮਨੁੱਖ ਪ੍ਰਭੂ ਦੇ ਨਿਕਟ ਹੁੰਦਾ ਹੈ ਤੇ ਉਸ ਦਾ ਉਧਾਰ ਹੋ ਜਾਂਦਾ ਹੈ ਤੇ ਜੇ ਬਿਧਿ ਬਣੇ ਤਾਂ ਹੱਥਾਂ ਨਾਲ ਵੀ ਗੁਰਮੰਤਰ ਲਿਖੋ, ਹਰੀ ਜਸ ਦਾ ਬਖਾਨ ਕਰੋ। ਉਹ ਹੱਥ ਪਵਿੱਤਰ ਹਨ ਜੋ ਪ੍ਰਭੂ ਦੀਆਂ ਵਡਿਆਈਆਂ

(ਬਾਕੀ ਪੰਨਾ 12 ਤੇ)

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਹੁਕਮਨਾਮਾ*
*ਟੋਡੀ ਮਹਲਾ ੫॥*
*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥੧॥ਰਹਾਉ॥*
*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ॥*
*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥੨॥੫॥੧੦॥ ਅੰਗ - 713*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਸਾਰੇ ਪ੍ਰੇਮੀਆਂ ਨੇ ਸੁਣਿਆ ਹੈ। ਕੋਈ ਭਾਗਾਂ ਵਾਲਾ ਇਕ ਅੱਧਾ ਹੁੰਦਾ ਹੈ ਜਿਹੜਾ ਪਹਿਲਾਂ ਸੁਣੇ, ਫੇਰ ਮੰਨੇ, ਫੇਰ ਅਭਿਆਸ ਕਰਕੇ ਦੇਖੇ ਤੇ ਫੇਰ ਪ੍ਰਾਪਤੀ ਕਰੇ। ਆਮ ਜਨਤਾ ਦੇ ਹਿੱਸੇ ਵਿਚ ਇਹ ਬਾਤ ਨਹੀਂ ਆਉਂਦੀ, ਕੋਈ ਹੁੰਦਾ ਹੈ। ਮਹਾਰਾਜ ਨੇ ਕਿਹਾ ਹੈ ਕਿ ਇਕ ਅੱਧਾ ਬੰਦਾ ਹੈ, ਬਾਕੀ ਤਾਂ ਸਾਰੀ ਦੁਨੀਆਂ ਵਿਹਾਰਾਂ ਵਿਚ ਬੰਨ੍ਹੀ ਹੋਈ, ਜੋ ਅਦਲੀ ਹੁਕਮ ਹੈ ਨਾ ਉਸ ਨੂੰ ਸਮਝਣ ਦਾ ਯਤਨ ਕਰਦੀ ਹੈ ਤੇ ਨਾ ਉਸ ਤੋਂ ਕੋਈ ਲਾਭ ਉਠਾਉਂਦੀ ਹੈ। ਸਾਰੀ ਦੁਨੀਆਂ ਸੁਖਾਂ ਵਾਸਤੇ ਦਿਨ ਰਾਤ ਮਾਰੀ ਮਾਰੀ ਫਿਰਦੀ ਹੈ। ਬਹੁਤ ਔਖੇ ਔਖੇ ਕੰਮ ਕਰਦੇ ਨੇ, ਦੇਸ਼ਾਂ ਪ੍ਰਦੇਸਾਂ ਵਿਚ ਜਾਂਦੇ ਨੇ, ਹੋਰ ਸੁਖ ਦੀ ਪ੍ਰਾਪਤੀ ਵਾਸਤੇ, ਬਹੁਤਾ ਧਨ ਹਾਸਲ ਕਰਨ ਵਾਸਤੇ ਬੇਇਮਾਨੀਆਂ, ਠੱਗੀਆਂ, ਚੋਰੀਆਂ, ਮਿਲਾਵਟਾਂ, ਧੋਖੇ, ਖੋਹ-ਖਿੰਝਾਂ ਕਰਦੇ ਨੇ। ਐਸੇ ਕਰਮ ਕਰਦੇ ਨੇ ਕਿ ਬੰਨ੍ਹੇ ਜਾਂਦੇ ਨੇ ਫੇਰ ਲੇਖੇ ਦੇਣੇ ਪੈਂਦੇ ਨੇ, ਸੁਖ ਹਾਸਲ ਨਹੀਂ ਹੁੰਦਾ, ਸੁਖ ਨੂੰ ਦੁਨੀਆਂ ਸਾਰੀ ਚਾਹੁੰਦੀ ਹੈ।

ਕੁਝ ਐਸੀਆਂ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਬਹੁਤ ਛੇਤੀ ਮੰਨ ਲੈਂਦੇ ਹਾਂ। ਜੇ ਕੋਈ ਸਾਨੂੰ ਸੋਨਾ ਬਣਾਉਣ ਦਾ ਨੁਖਸਾ ਦੱਸ ਦੇਵੇ, ਪਾਰਸ ਬਣਾਉਣ ਦਾ ਤਰੀਕਾ ਦੱਸ ਦੇਵੇ ਤਾਂ ਅਸੀਂ ਇੰਨੇ ਖੁਸ਼ ਹੋਵਾਂਗੇ ਕਿ ਮੈਂ ਨੁਸਖਾ ਜ਼ੁਬਾਨੀ ਯਾਦ ਕਰ ਲਿਆ ਤੇ ਹੁਣ ਮੈਂ ਸੋਨਾ ਬਣਾ ਕੇ ਹੀ ਹਟਾਂਗਾ। ਹੁਣ ਮੇਰੇ ਹੱਥ ਪਾਰਸ ਆ ਗਿਆ ਤੇ ਹੁਣ ਮੈਂ ਸੋਨਾ ਬਣਾਵਾਂਗਾ, ਲੋਹੇ ਨਾਲ ਸਪਰਸ਼ ਕਰ ਕਰ ਕੇ। ਗੱਲ ਓਸ ਨੇ ਸਮਝ ਲਈ ਪਰ ਜੋ ਬਹੁਤ ਉਚੀ ਗੱਲ ਹੁੰਦੀ ਹੈ ਉਹ ਸਮਝ ਵਿਚ ਨਹੀਂ ਆਉਂਦੀ ਕਿਉਂਕਿ ਸਾਰਿਆਂ ਦੇ ਭਾਗ ਨਹੀਂ ਹੋਇਆ ਕਰਦੇ।

ਕੋਈ ਵਿਰਲਾ ਬੰਦਾ ਜੇ 100 ਵਿਚੋਂ ਇਕ ਕਹੀਏ ਇਹ ਵਿਰਲੇ ਨਹੀਂ ਹੁੰਦੇ, ਹਜਾਰ ਵਿਚ ਇਕ ਕਹੀਏ ਉਹ ਵੀ ਵਿਰਲੇ ਨਹੀਂ ਹੁੰਦੇ, ਲੱਖ ਵਿਚ ਇਕ ਕਹੀਏ ਉਹ ਵੀ ਵਿਰਲੇ ਨਹੀਂ ਹੁੰਦੇ। ਕਰੋੜ ਵਿਚ ਇਕ ਅੱਧਾ ਬੰਦਾ ਹੈ ਜਿਹੜਾ ਬਾਣੀ ਦੀ ਵਿਚਾਰ ਕਰੇ ਤੇ ਭਾਗਾਂ ਵਾਲਾ ਬਣੇ, ਬਾਕੀ ਦੁਨੀਆਂ ਸੁਣਦੀ ਹੈ ਸੁਣਨ ਤੋਂ ਬਾਅਦ ਮੰਨਦੀ ਨਹੀਂ ਹੈ, ਮੰਨਣ ਤੋਂ ਬਾਅਦ ਅਭਿਆਸ ਨਹੀਂ ਕਰਦੀ, ਨਾ ਅਭਿਆਸ ਕਰਨ ਤੇ ਕੁਝ ਹੱਥ ਵਿਚ ਨਹੀਂ ਆਉਂਦਾ।

ਸੋ ਇਸ ਤਰ੍ਹਾਂ ਦੇ ਨਾਲ ਜੇ ਬਾਣੀ ਨੂੰ ਸਮਝ ਲਿਆ ਜਾਵੇ, ਮੰਨ ਲਿਆ ਜਾਵੇ ਤਾਂ ਕੋਈ ਭਾਗਾਂ ਵਾਲਾ ਬੰਦਾ ਬਹੁਤ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ ਤੇ ਐਸਾ ਸੁਖ ਓਸ ਨੂੰ ਮਿਲ ਸਕਦਾ ਹੈ ਕਿ ਜੋ ਨਿਰੰਤਰ ਸੁਖ ਜਿਹੜਾ ਕਦੇ ਵੀ ਨਾ ਟੁੱਟੇ, ਦੁਖ ਦਾ ਮੂੰਹ ਨਾ ਦੇਖੇ, ਸਦਾ ਹੀ ਸੁਖੀ ਹੋਵੇ। ਉਸ ਦਾ ਨੁਸਖਾ ਜੋ ਹੈ, ਉਹ ਇਸ ਸ਼ਬਦ ਦੀਆਂ 6 ਤੁਕਾਂ ਦੇ ਵਿਚ ਗੁਰੂ ਮਹਾਰਾਜ ਜੀ ਨੇ ਬੰਦ ਕਰ ਦਿੱਤਾ, ਇਨ੍ਹਾਂ ਉਤੇ ਹੀ ਜੇ ਮਿਹਨਤ ਕਰ ਲਓ ਤਾਂ ਸਾਰੀਆਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ।

ਪਹਿਲੀ ਤੁਕ ਦੇ ਵਿਚ ਮਹਾਰਾਜ ਜੀ ਨੇ ਕਿਹਾ ਹੈ ਕਿ ਜੇ ਮਨ ਚਿਤ ਇਕਾਗਰ ਕਰਕੇ ਬਾਣੀ ਦਾ ਰੂਪ ਹੋ ਕੇ ਰਸਨਾ ਜੇ ਗੋਬਿੰਦ ਦੇ ਗੁਣ ਗਾਉਂਦੀ ਹੈ, ਚਾਹੇ ਸੰਗਤ ਵਿਚ ਇਕੱਠੇ ਹੋ ਕੇ, ਚਾਹੇ ਅੰਤਰ ਆਤਮੇ ਤਾਂ ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ। ਤਿੰਨ ਚੀਜ਼ਾਂ ਮਹਾਰਾਜ ਜੀ ਨੇ ਇਸ ਦੇ ਵਿਚ ਅੰਕਿਤ ਕੀਤੀਆਂ ਹਨ ਕਿ ਕੇਵਲ ਗੁਣ ਗਾਉਣ ਦੇ ਨਾਲ 3 ਚੀਜ਼ਾਂ ਅਵੱਸ਼ ਆ ਜਾਇਆ ਕਰਦੀਆਂ ਹਨ। ਇਕ ਸ਼ਾਂਤੀ ਆ ਜਾਂਦੀ ਹੈ, ਇਕ ਸਹਿਜ

ਦਾ ਜੀਵਨ ਆ ਜਾਂਦਾ ਹੈ। ਇਕ ਖੇੜਾ ਆ ਜਾਂਦਾ ਹੈ।

ਦੂਸਰਾ ਮਹਾਰਾਜ ਜੀ ਨੇ ਇਸੇ ਤੁਕ ਦੇ ਅੰਦਰ ਪਹਿਲੀ ਦੇ ਹੀ ਜੁਗਤ ਦੱਸ ਕੇ ਨਾਲ ਇਹ ਕਿਹਾ ਕਿ ਆਦਮੀ ਦੁਖਾਂ ਦੀ ਐਨੀ ਵੱਡੀ ਗਠੜੀ ਚੁੱਕੀ ਫਿਰਦਾ ਹੈ ਜਿਸ ਦਾ ਕਦੇ ਖਾਤਮਾ ਨਹੀਂ ਹੁੰਦਾ। ਦੁਨੀਆਂ ਦੇ ਅੰਦਰ ਇਕ ਬੰਦਾ ਤੁਸੀਂ ਸੁਖੀ ਨਹੀਂ ਕੱਢ ਸਕਦੇ, ਦੁਖਾਂ ਦੀਆਂ ਗਠੜੀਆਂ, ਦੁਖਾਂ ਦੀਆਂ ਪੋਟਲੀਆਂ ਬੰਨ੍ਹੀ ਫਿਰਦਾ ਹੈ। ਥੋੜ੍ਹਾ ਜਿਹਾ ਸੁਖ ਆਉਂਦਾ ਹੈ ਨਾਲ ਮਣ ਜਿੰਨਾ ਦੁਖ ਆ ਜਾਂਦਾ ਹੈ, ਰਾਈ ਜਿੰਨਾ ਸੁਖ ਆਉਂਦਾ ਹੈ ਮਣ ਜਿੰਨਾ ਦੁਖ ਨਾਲ ਆ ਜਾਂਦਾ ਹੈ। ਦੁਖਾਂ ਦੀ ਗਿਣਤੀ ਕੋਈ ਨਹੀਂ ਹੈ ਕਿਤੇ ਆਰਥਿਕ ਦੁਖ ਨੇ, ਕਿਤੇ ਭਾਈਚਾਰਕ ਦੁਖ ਨੇ, ਕਿਤੇ ਮਾਨਸਿਕ ਦੁਖ ਨੇ, ਕਿਤੇ ਸਰੀਰਕ ਦੁਖ ਨੇ, ਕਿਤੇ ਰਾਜਸੀ ਦੁਖ ਨੇ, ਕਿਤੇ ਵੈਰ ਵਿਰੋਧ ਦੇ ਦੁਖ ਨੇ, ਕਿਤੇ ਹੋਰ ਲੋਭ ਵਗੈਰਾ ਦੇ ਦੁਖ ਨੇ, ਕਿਤੇ ਤ੍ਰਿਸ਼ਨਾ ਦੀ ਅੱਗ ਦਾ ਦੁਖ ਹੈ। ਮਹਾਰਾਜ ਕਹਿੰਦੇ ਹੋਰ ਵੀ ਗਿਣੀ ਜਾਹ ਜਿੰਨਾ ਤੇਰਾ ਜੀਅ ਕਰਦਾ ਹੈ। ਇਨ੍ਹਾਂ ਸਾਰਿਆਂ ਨੂੰ ਇਕ ਥਾਂ ਇਕੱਠਾ ਕਰੇ ਇਸ ਦਾ ਨਾ ਰੱਖ ਦੇ 'ਸਗਲੇ ਦੂਖ' ਸਾਰੇ ਹੀ ਦੁਖ ਜਿੰਨੇ ਵੀ ਹਨ। ਸਾਰਿਆਂ ਨਾਲੋਂ ਵੱਡਾ ਜੰਮਣ ਮਰਨ ਦਾ ਦੁਖ ਹੈ। ਇਹ ਕਿਸੇ ਦੇ ਗਲੋਂ ਵੀ ਨਹੀਂ ਲਹਿੰਦਾ। ਸੰਸਾਰ ਵਿਚ ਕੋਈ ਐਸਾ ਬੰਦਾ ਨਹੀਂ ਹੈ ਜਿਸ ਦੇ ਗੱਲ ਦੇ ਵਿਚ ਜੰਮਣਾ ਤੇ ਮਰਨਾ ਨਾ ਪਿਆ ਹੋਵੇ। ਕਿੰਨੀ ਦੇਰ ਤੋਂ ਜੰਮਦਾ ਮਰਦਾ ਆ ਰਿਹਾ ਹੈ ਕੋਈ ਪਤਾ ਨਹੀਂ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ॥* *ਅੰਗ - 999*

ਪਤਾ ਨਹੀਂ ਅਰਬਾਂ ਸਾਲਾਂ ਤੋਂ ਜੰਮਦੇ ਮਰਦੇ ਹਾਂ। ਸਾਰੇ ਦੁਖ ਇਕ ਤੋਂ ਇਕ ਵੱਡੇ ਨੇ। ਫੇਰ ਜਿਹੜੇ ਕਰਮ ਅਸੀਂ ਕਰਦੇ ਹਾਂ, ਗਲਤ ਕਰਮ ਕਰ ਲੈਂਦੇ ਹਾਂ, ਇਥੇ ਦੁਨੀਆਂ ਵਿਚ ਤਾਂ ਨਿਭ ਜਾਂਦੀ ਹੈ ਲੇਕਿਨ ਅੱਗੇ ਦਰਗਾਹ ਦੇ ਵਿਚ ਨਹੀਂ ਛੁਪਦੇ, ਐਸਾ ਫੁਰਮਾਨ ਕਰਦੇ ਨੇ ਕਿ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*
*ਅੰਗ - 1425*

ਹਜ਼ਾਰਾਂ ਲੱਖਾਂ ਸਾਲਾਂ ਤੱਕ ਰੂਹ ਤੜਫਦੀ ਰਹਿੰਦੀ ਹੈ ਐਸੀਆਂ ਥਾਵਾਂ ਤੇ ਜਿਥੇ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ –

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਅੰਗ - 1281*

ਥੋੜ੍ਹੀ ਦੇਰ ਵਾਸਤੇ ਮਨੁੱਖ ਦਾ ਜਾਮਾ ਮਿਲਿਆ ਹੈ ਲੇਕਿਨ ਨਾਲ ਦੀ ਨਾਲ ਸੰਸਾਰ ਅੰਧਕਾਰ ਛਾ ਗਿਆ, ਕੁਝ ਪਤਾ ਨਹੀਂ ਲਗਦਾ ਪਿਛਲਾ ਕਿ ਅਸੀਂ ਕੀ ਕਰਿਆ ਸੀ। ਸੋ ਮਹਾਰਾਜ ਕਹਿੰਦੇ ਇਨ੍ਹਾਂ ਸਾਰਿਆਂ ਦੁਖਾਂ ਨੂੰ ਤੂੰ ਇਕ ਥਾਂ ਤੇ ਰੱਖ ਲੈ। ਇਹ ਸਾਰੇ ਦੇ ਸਾਰੇ ਖਤਮ ਹੋ ਜਾਣਗੇ ਜੇ –

*ਰਸਨਾ ਗੁਣ ਗੋਪਾਲ ਨਿਧਿ ਗਾਇਣ॥* *ਅੰਗ - 713*

ਗੋਬਿੰਦ ਦੇ ਗੁਣਾਂ ਦਾ ਜੋ ਖਜਾਨਾ ਹੈ ਉਸ ਨੂੰ ਜਦੋਂ ਤੂੰ ਗਾਉਂਦਾ ਹੈ ਤਾਂ –

*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥* *ਅੰਗ - 713*

ਉਸ ਤੋਂ ਬਾਅਦ ਅੱਗੇ ਹੋਰ ਖੁਲ੍ਹ ਮਿਲਦੀ ਹੈ ਇਸੇ ਕਰਮ ਕਰਨ ਦੇ ਨਾਲ ਕਿ ਤੂੰ ਕੋਈ ਚੀਜ਼ ਵੀ ਮੰਗ ਲੈ ਉਹ ਤੈਨੂੰ ਮਿਲ ਜਾਏਗੀ। ਸੰਸਾਰ ਦੇ ਅੰਦਰ ਐਸੀ ਕੋਈ ਚੀਜ਼ ਨਹੀਂ ਜਿਹੜੀ ਵਾਹਿਗੁਰੂ ਨਾ ਦੇ ਸਕਦਾ ਹੋਵੇ –

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥*
*ਅੰਗ - 917*

ਦਿੰਦਾ ਕਿਸ ਨੂੰ ਹੈ? ਕਹਿੰਦੇ ਜਿਹੜਾ ਹਰੀ ਦੇ ਗੁਣ ਗਾਉਂਦਾ ਹੈ। ਰਸਨਾ ਦੇ ਨਾਲ ਗੁਣ ਦਾ ਰੂਪ ਹੋ ਕੇ ਜੋ ਗੁਣ ਗਾਉਂਦਾ ਹੈ ਉਹ ਜੋ ਵੀ ਮੰਗਦਾ ਹੈ ਉਹ ਮਿਲ ਜਾਂਦਾ ਹੈ –

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥* *ਅੰਗ - 714*

ਹਰੀ ਦੇ ਜੋ ਚਰਨ ਨੇ ਉਹ ਪ੍ਰਮੇਸ਼ਰ ਦਾ ਨਾਮ ਹੈ, 'ਵਾਹਿਗੁਰੂ' ਮੰਤ੍ਰ ਹੈ, ਇਹ ਤੂੰ ਸੇਵਨ ਕਰ, ਇਸ ਦਾ ਜਾਪ ਕਰ। ਜਾਪ ਕਰਨ ਦੀ ਜੁਗਤੀ ਪੁਛ ਕਿਉਂਕਿ ਕਹਿੰਦੇ ਕੱਖ ਦੇ ਓਹਲੇ ਲੱਖ ਹੁੰਦਾ ਹੈ। ਇਕ ਬੰਦਾ ਖਪੀ ਜਾਂਦਾ ਹੈ। ਲਕੜੀਆਂ ਦਾ ਵਪਾਰ ਕਰਦਾ ਹੈ। ਜੰਗਲ ਵਿਚ ਜਾਂਦਾ ਹੈ ਲਕੜੀਆਂ ਵੱਢ ਕੇ ਲਿਆਉਂਦਾ ਹੈ ਤੇ ਵੇਚਦਾ ਹੈ। ਸਾਰੀ ਜ਼ਿੰਦਗੀ ਖਪਦਾ ਰਹਿੰਦਾ ਹੈ ਨਾ ਕੱਪੜਾ ਪੂਰਾ ਪਹਿਨ ਸਕੇ, ਨਾ ਰੋਟੀ ਚੰਗੀ ਖਾ ਸਕੇ, ਨਾ ਕੋਈ ਮਕਾਨ ਪਾ ਸਕੇ, ਸਾਰੀ ਜ਼ਿੰਦਗੀ ਮੁਸ਼ਕਲਾਂ ਦੇ ਵਿਚ ਕੱਟਦਾ ਹੈ। ਇਕ ਬੰਦਾ ਬਹੁਤ ਘੱਟ ਕੰਮ ਕਰਦਾ ਹੈ ਹੀਰਿਆਂ ਦਾ ਵਪਾਰ ਕਰਦਾ ਹੈ। ਇਕੋ ਹੀਰਾ ਵਿਕ ਜਾਵੇ ਤਾਂ ਲੱਖਾਂ ਰੁਪਏ ਦਾ ਨਫਾ ਹੋ ਜਾਂਦਾ ਹੈ। ਜਿਹੜਾ ਲਕੜੀਆਂ ਵੱਢਦਾ ਹੈ। ਉਹ ਦਿਨ ਰਾਤ ਮਿਹਨਤ ਕਰਦਾ ਹੈ। ਤੜਕੇ ਹੀ ਕਿਸੇ ਜੰਗਲ ਵਿਚ ਚਲਿਆ ਜਾਂਦਾ ਹੈ, ਲੱਕੜਾਂ ਇਕੱਠੀਆਂ ਕਰਦਾ ਹੈ, ਵੇਚਦਾ ਹੈ ਲਿਆ ਕੇ। ਉਸ ਦੀ ਮਿਹਨਤ ਹੱਦ ਤੋਂ ਜਿਆਦਾ ਹੈ ਪਰ ਪ੍ਰਾਪਤੀ ਕੁਝ

ਵੀ ਨਹੀਂ। ਇਸੇ ਤਰ੍ਹਾਂ ਇਕ ਬੰਦਾ ਕੁਝ ਵੀ ਨਹੀਂ ਕਰਦਾ, ਅਰਾਮ ਨਾਲ ਬੈਠਾ ਰਹਿੰਦਾ ਹੈ। ਉਸ ਕੋਲ ਇਕ ਗਾਹਕ ਆ ਜਾਵੇ ਮਹੀਨੇ ਦੇ ਅੰਦਰ, ਲੱਖਾਂ ਰੁਪਿਆ ਦੇ ਜਾਏਗਾ। ਫਰਕ ਹੈ ਦੋਹਾਂ ਦਾ ਕਿਉਂਕਿ ਉਸ ਦੇ ਕੋਲ ਜੁਗਤ ਹੈ, ਲਕੜੀਆਂ ਵਾਲੇ ਕੋਲ ਜੁਗਤ ਨਹੀਂ ਹੈ।

ਇਸੇ ਤਰ੍ਹਾਂ ਸੰਤਾਂ ਮਹਾਂਪੁਰਸ਼ਾਂ ਦੇ ਕੋਲ ਵੱਡਾ ਭਾਰਾ ਖਜਾਨਾ ਹੁੰਦਾ ਹੈ ਜਿਸ ਨੂੰ ਉਹ ਪ੍ਰਗਟ ਨਹੀਂ ਕਰਦੇ ਕਿਉਂਕਿ ਗਾਹਕ ਨਹੀਂ ਹੁੰਦਾ ਕੋਈ ਵੀ। ਬਿਨਾ ਗਾਹਕ ਤੋਂ ਜੇ ਗੁਣ ਵੇਚਿਆ ਜਾਵੇ –

*ਵਿਣੁ ਗਾਹਕ ਗੁਣੁ ਵੇਚੀਐ*
*ਤਉ ਗੁਣੁ ਸਹਘੋ ਜਾਇ॥* ਅੰਗ - 1086

ਤਾਂ ਕਉਡੀ ਦੇ ਬਦਲੇ ਜਾਂਦਾ ਹੈ ਕਿਉਂਕਿ ਉਥੇ ਗਾਹਕ ਨਹੀਂ ਹੋਇਆ ਕਰਦੇ –

ਜੇ ਗਾਹਕ ਇਕੋ ਹੀ ਆ ਜਾਵੇ ਤਾਂ ਉਹ ਗੁਣ ਲੱਖਾਂ ਵਿਚ ਵਿਕਦਾ ਹੈ। ਇਕੋ ਹੀ ਆ ਜਾਵੇ ਮਹਾਤਮਾ ਦੇ ਕੋਲ ਸਾਰੀ ਜਿੰਦਗੀ ਵਿਚ ਗਾਹਕ ਤੇ ਉਹ ਕੀਮਤ ਦੇ ਦੇਵੇ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ .......॥* ਅੰਗ - 918

ਤਾਂ ਵਾਹਿਗੁਰੂ ਮਿਲ ਜਾਂਦਾ ਹੈ।

*................. ਪਾਈਐ॥* ਅੰਗ - 918

ਨਾਮ ਅਸੀਂ ਜਪਦੇ ਹਾਂ ਲੇਕਿਨ ਭੇਤ ਹੈ ਨਾਮ ਦੇ ਅੰਦਰ। ਇਕ ਬੰਦਾ ਇਕ ਮਾਲਾ ਫੇਰਦਾ ਹੈ, ਬੋਲ ਬੋਲ ਕੇ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਉਸ ਨੇ ਇਕ ਘੰਟਾ ਨਾਮ ਜਪਿਆ। ਇਸ ਨੂੰ ਉੱਚਾ ਜਾਪ ਕਹਿੰਦੇ ਨੇ।

ਦੂਸਰਾ 'ਉਪਾਸੂ ਜਾਪ' ਹੁੰਦਾ ਹੈ। ਇਕ ਘੰਟਾ ਉਹ ਬੈਠਦਾ ਹੈ ਤੇ ਇਕ ਘੰਟਾ ਉਹ ਬੈਠਦਾ ਹੈ। ਉਸ ਨੂੰ ਹਜ਼ਾਰ ਘੰਟੇ ਦਾ ਫਲ ਮਿਲਦਾ ਹੈ, ਇਸ ਨੂੰ ਇਕ ਘੰਟੇ ਦਾ ਮਿਲਦਾ ਹੈ। ਥੋੜ੍ਹੀ ਜਿਹੀ ਜੁਗਤ ਹੈ ਇਹ। ਜੁਗਤ ਦੇ ਨਾਲ ਉਸ ਨੇ ਮਾਲਾ ਫੇਰੀ ਇਸ ਨੇ ਓਨੇ ਚਿਰ ਵਿਚ ਇਕ ਹਜ਼ਾਰ ਮਾਲਾ ਫੇਰ ਲਈ। ਇਸ ਤੋਂ ਅੱਗੇ ਫੇਰ ਜੁਗਤ ਹੈ। ਪਹਿਲੇ ਪ੍ਰੇਮੀ ਨੇ ਇਕ ਮਾਲਾ ਫੇਰੀ ਦੂਸਰੇ ਨੇ 1000 ਫੇਰ ਲਈ, ਤੀਸਰੇ ਨੇ ਓਨੇ ਚਿਰ ਦੇ ਅੰਦਰ 10,000,00 ਮਾਲਾ ਫੇਰ ਲਈ, ਕਿੰਨਾ ਫਰਕ ਹੋ ਗਿਆ, ਹੀਰਿਆਂ ਦਾ ਵਪਾਰ ਹੋ ਗਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੇ ਇਹ ਜੁਗਤ ਜਾਣਦਾ ਹੋਵੇ, ਇਸ ਨੂੰ ਪਤਾ ਲੱਗ ਜਾਵੇ ਗੁਣ ਗਾਉਣ ਦਾ ਤਾਂ –

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥* ਅੰਗ - 714

ਉਹ ਰਸਾਇਣ ਹੁੰਦਾ ਹੈ। ਰਸਾਇਣ ਨਾਲ ਲੋਹਾ ਸੋਨਾ ਬਣ ਜਾਂਦਾ ਹੈ। ਫੇਰ ਐਡਾ ਫਲ ਹੈ ਕਿ –

*ਜਨਮ ਮਰਣ ਦੁਹਹੂ ਤੇ ਛੂਟਹਿ...........॥*
ਅੰਗ - 714

ਜੰਮਣ ਤੇ ਮਰਨ ਦੇ ਚੱਕਰ ਤੋਂ ਛੁਟ ਜਾਂਦਾ ਹੈ ਤੇ ਭਵਜਲ ਵਿਚੋਂ ਆਪ ਵੀ ਤਰ ਜਾਂਦਾ ਹੈ ਤੇ ਨਾਲਦਿਆਂ ਨੂੰ ਵੀ ਤਾਰ ਦਿੰਦਾ ਹੈ। ਅਖੀਰ ਦੇ ਵਿਚ ਮਹਾਰਾਜ ਜੀ ਕਹਿੰਦੇ ਨੇ ਕਿ ਅਸੀਂ ਖੋਜ ਖੋਜ ਖੋਜ ਕੇ ਤੱਤ ਦੀ ਗੱਲ ਤੁਹਾਨੂੰ ਦਸਦੇ ਹਾਂ ਕਿ ਜੇ ਤੁਸੀਂ ਇਹ ਚਾਹੁੰਦੇ, ਤੁਹਾਡੇ ਮਨ ਦੇ ਵਿਚ ਇੱਛਾ ਜਾਗਦੀ ਹੈ ਕਿ ਮੈਨੂੰ ਇਹੋ ਜਿਹਾ ਸੁਖ ਮਿਲ ਜਾਵੇ ਜਿਸ ਦਾ ਦੁਨੀਆਂ ਦੇ ਅੰਦਰ ਕੋਈ ਵੀ ਬੰਦਾ ਮੁਕਾਬਲਾ ਨਾ ਕਰੇ ਤੇ ਸਦਾ ਦਾ ਸੁਖ ਮਿਲ ਜਾਵੇ, ਜਿਸ ਦੇ ਵਿਚ ਦੁਖ ਆਵੇ ਹੀ ਨਾ ਕਦੇ। ਦੁਖ ਦੀ ਪਰੀਭਾਸਾ, ਦੁਖ ਦਾ ਅੱਖਰ ਕੱਟਿਆ ਜਾਵੇ। ਮਹਾਰਾਜ ਕਹਿੰਦੇ ਉਹ ਇਹ ਹੈ ਕਿ ਫੇਰ ਲਗਾਤਾਰ, 24 ਘੰਟੇ, ਨਿਰੰਤਰ ਨਾ ਟੁੱਟਣ ਯੋਗ ਪ੍ਰਮੇਸ਼ਰ ਦੀ ਯਾਦ ਦੇ ਵਿਚ ਮਹਿਵ ਹੋ ਜਾਹ। ਉਸ ਵੇਲੇ ਤੈਨੂੰ ਐਸੇ ਸੁਖ ਦੀ ਪ੍ਰਾਪਤੀ ਹੋ ਜਾਏਗੀ ਜਿਸ ਦਾ ਕੋਈ ਅੰਦਾਜਾ ਨਹੀਂ ਹੈ। ਮਹਾਂਪੁਰਸ਼ਾਂ ਨੇ ਜਦੋਂ ਦੱਸਣਾ ਤਾਂ ਉਨ੍ਹਾਂ ਨੇ ਕਹਿਣਾ ਆਹ ਸੰਸਾਰ ਦੇ ਜਿਹੜੇ ਸੁਖ ਨੇ ਜਿੰਨੇ ਵੀ ਹਨ ਇਕੱਠੇ ਕਰ ਲਓ, ਕੋਈ ਵੀ ਸੁਖ ਨਾ ਛੱਡਿਓ ਦੁਨੀਆਂ ਦਾ, ਇਸ ਤੋਂ ਉਪਰ ਫੇਰ ਸਵਰਗਾਂ ਦੇ ਸੁਖ ਇਕੱਠੇ ਕਰਨ ਲੱਗ ਜਾਓ ਕਿਉਂਕਿ ਪਹਿਲੇ ਹੀ ਸਵਰਗ ਦਾ ਜੋ ਸੁਖ ਹੈ ਉਹ ਇਥੋਂ ਦੇ ਬਾਦਸ਼ਾਹ ਨਾਲੋਂ 100 ਗੁਣਾਂ ਜਿਆਦਾ ਹੈ ਜਿਸ ਨੂੰ 'ਗੰਧਰਵ ਲੋਕ' ਕਹਿੰਦੇ ਨੇ, ਉਸ ਤੋਂ 100 ਗੁਣਾਂ ਜਿਆਦਾ ਸੁਖ ਹੈ 'ਦੇਵ ਗੰਧਰਵ' ਇਸੇ ਤਰ੍ਹਾਂ 100 ਨਾਲ ਗੁਣਾਂ ਕਰਦੇ ਚਲੇ ਜਾਓ, ਇੰਦਰਲੋਕ ਦਾ ਦਸ ਅਰਬ ਗੁਣਾਂ ਜਿਆਦਾ ਸੁਖ ਹੈ ਇਥੋਂ ਦੇ ਬਾਦਸ਼ਾਹ ਨਾਲੋਂ ਫੇਰ ਪ੍ਰਜਾਪਤਿ ਲੋਕ, ਕਰਮਦੇਵ ਲੋਕ ਹੈ, ਅਜਾਨਦੇਵ ਲੋਕ ਹੈ, ਬ੍ਰਹਮ ਲੋਕ, ਸ਼ਿਵਲੋਕ ਹੈ ਤੇ ਫੇਰ ਬੈਕੁੰਠ ਧਾਮ ਹੈ। ਬੈਕੁੰਠਧਾਮ ਦਾ ਜੋ ਸੁਖ ਹੈ ਉਹ ਖਰਬ ਗੁਣਾ ਖਰਬ ਗੁਣਾਂ ਖਰਬ ਗੁਣਾ ਨਾਲ ਕਰ ਲਇਓ ਪਤਾ ਲਗ ਜਾਏਗਾ। ਐਡਾ ਵੱਡਾ ਜੋ ਸੁਖ ਹੈ ਬੈਕੁੰਠ ਦਾ ਉਸ ਨੂੰ ਇਕ ਇਕਾਈ ਮੰਨ ਲਓ ਕਿ ਉਹ ਇਕ ਬੂੰਦ ਹੈ, ਸਾਰਾ ਸੁਖ ਮਿਲਾ ਕੇ ਇਕ ਇਕਾਈ ਮੰਨ ਲਈ ਉਸ ਦਾ ਨਾਉਂ ਰੱਖ ਲਿਆ ਇਕ ਬੂੰਦ ਸੁਖ ਦੀ ਉਸ ਦੇ ਮੁਕਾਬਲੇ ਤੇ ਜਿਹੜਾ ਸੁਖ ਪ੍ਰਮੇਸ਼ਰ ਵਿਚ ਲੀਨ ਹੋਣ ਤੇ ਪ੍ਰਾਪਤ ਹੁੰਦਾ

ਹੈ, ਅਭੇਦ ਅਵਸਥਾ ਦੇ ਮਹਾਤਮਾ ਨੂੰ ਪ੍ਰਾਪਤ ਹੋਇਆ ਕਰਦਾ ਹੈ ਉਹ ਇਕ ਬੂੰਦ ਦੇ ਮੁਕਾਬਲੇ ਤੇ ਸਮੁੰਦਰ ਜਿੱਡਾ ਦੱਸਣ ਵਾਸਤੇ ਹੈ ਲੇਕਿਨ ਹੈ ਇਸ ਤੋਂ ਵੀ ਜਿਆਦਾ ਯਾਨੀ ਅੰਦਾਜੇ ਤੋਂ ਬਾਹਰ ਹੈ 'ਸਤਿ ਚਿਤ ਅਨੰਦ' ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਸੋ ਗੁਰੂ ਮਹਾਰਾਜ ਨੇ ਅੱਜ ਜੋ ਬਚਨ ਦੱਸਿਆ ਹੈ ਸਾਨੂੰ ਇਹ ਅਸੀਂ ਹਰ ਵਾਰ ਸੁਣਦੇ ਹਾਂ, ਦੁਨੀਆਂ ਸੁਣਦੀ ਹੈ, ਦੁਨੀਆਂ ਗਾਉਂਦੀ ਹੈ ਇਸ ਨੂੰ ਲੇਕਿਨ ਵਿਰਲਾ ਹੈ ਜਿਹੜਾ ਏਸ ਨੂੰ ਪਹਿਲਾਂ ਸੁਣੇ ਇਕਾਗਰ ਹੋ ਕੇ, ਸੁਣਨ ਦਾ ਫਰਕ ਮੈਂ ਮਾੜੀ ਜਿਹੀ ਮਿਸਾਲ ਨਾਲ ਦਸਦਾ ਹਾਂ ਕਿ ਸਾਨੂੰ ਹੁਣ ਇਥੇ ਕੋਈ ਆਦਮੀ ਕਹਿ ਦੇਵੇ ਕਿ ਜਦੋਂ ਬਡਹੇੜੀ ਦੇ ਏਧਰਲੇ ਪਾਸੇ ਤੁਸੀਂ ਮੁੜੋਗੇ ਤਾਂ ਉਥੇ ਕੁਦਰਤ ਐਸੀ ਹੋਈ ਹੈ ਕਿ ਪੌਂਡਾਂ ਦੇ ਢੇਰ ਲਗੇ ਪਏ ਨੇ। ਅਸੀਂ ਸੁਣਦੀਸਾਰ ਬੈਠ ਨਹੀਂ ਸਕਣਾ। ਅਸੀਂ ਕਹਿਣਾ ਹੁਣੇ ਜਾਈਏ ਕਿਉਂਕਿ ਉਹ ਅੰਦਰ ਤਨ ਮਨ ਦੇ ਵਿਚ ਪਹੁੰਚ ਗਈ ਗੱਲ। ਉਹ ਇਕ ਅਵਸਥਾ ਹੈ ਸੁਣਨ ਦੀ ਜਿਸ ਤਰ੍ਹਾਂ ਦੀਆਂ 4 ਪਉੜੀਆਂ 'ਜਪੁਜੀ ਸਾਹਿਬ' ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕਰੀਆਂ ਹਨ ਕਿ ਐਸਾ ਸੁਣਨਾ ਹੋਇਆ ਕਰਦਾ ਹੈ। ਇਹ ਨਹੀਂ ਕਿ ਕੰਨ ਦੇ ਵਿਚ ਇਕ ਦਸ਼ਮਲਵ ਗਿਆ ਅੱਗੇ ਜਾਂਦਾ ਹੀ ਨਹੀਂ, ਜਿਥੇ ਜਾ ਕੇ ਅਸਲੀ ਗੱਲ ਪਹੁੰਚਦੀ ਹੈ ਉਥੇ ਪਹੁੰਚਦੀ ਨਹੀਂ ਕਿਉਂਕਿ ਕੰਨਾਂ ਵਿਚ ਸੂਤਕ ਹੈ। 'ਦਿਬ ਕੰਨ' ਖੁੱਲ੍ਹੇ ਨਹੀਂ ਹਨ ਜਿਨ੍ਹਾਂ ਨੇ ਸੁਣਨੀ ਹੈ ਉਹ ਬੰਦ ਪਏ ਨੇ, 'ਦਿਬ ਨੇਤਰ' ਨਹੀਂ ਖੁੱਲ੍ਹੇ, ਦਿਬ ਰਸਨਾ ਨਹੀਂ ਖੁੱਲ੍ਹੀ, ਦਿਬ ਨਾਸਕਾ ਨਹੀਂ ਖੁੱਲ੍ਹੀ, ਦਿਬ ਸਪਰਸ਼ ਨਹੀਂ, ਇਹ ਗੱਲਾਂ ਸਾਡੇ ਵਾਸਤੇ ਇਸ ਤਰ੍ਹਾਂ ਹਨ ਕਿ ਪਤਾ ਨਹੀਂ ਇਹ ਕਿਹੜੇ ਦੇਸ਼ ਦੀਆਂ, ਕਿਥੋਂ ਦੀਆਂ ਬਾਤਾਂ ਨੇ ਕਿਉਂਕਿ ਅਸੀਂ ਜਾਣਦੇ ਨਹੀਂ ਤੇ ਨਾ ਅਸੀਂ ਇਥੇ ਪਹੁੰਚਣ ਦਾ ਯਤਨ ਕਰਦੇ ਹਾਂ। ਕਾਰਨ ਕੀ ਹੈ ਕਿ ਅਸਾਡੇ ਭਾਗ ਨਹੀਂ ਬਣ ਸਕੇ ਅਜੇ, ਸਾਡੇ ਐਸੇ ਕਰਮ ਨਹੀਂ ਬਣੇ ਕਿ ਅਸੀਂ ਇਸ ਰਸਤੇ ਚੱਲ ਪਈਏ ਕਿਉਂਕਿ ਸਾਡੇ ਅੰਦਰ ਬੜਾ ਕੂੜ ਕਬਾੜ ਭਰਿਆ ਪਿਆ ਹੈ, ਅਭਿਮਾਨ ਭਰਿਆ ਪਿਆ ਹੈ ਕਿ ਮੈਥੋਂ ਜਿਆਦਾ ਕੋਈ ਨਹੀਂ ਜਾਣਦਾ। ਚਾਰ ਪੈਸੇ ਹੋ ਜਾਣ ਦੂਜੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦੇ, ਥੋੜ੍ਹੀ ਜਿਹੀ ਕਿਧਰੇ ਚੌਧਰ ਮਿਲ ਜਾਵੇ, ਦੂਜੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ, ਇਹ ਗੰਦਗੀ ਹੈ ਦਿਮਾਗ ਦੀ, ਕੁਝ ਵੀ ਨਹੀਂ ਹੋਇਆ ਕਰਦੀ ਇਹ, ਐਵੇਂ ਹੀ ਹੈ ਅਣਜਾਣਪੁਣਾ। ਸੋ ਜਿੰਨੀ ਦੇਰ ਤੱਕ ਅਸਲੀ ਹਾਲਤ ਨਹੀਂ ਆਉਂਦੀ ਸੁਣਨ ਦੀ, ਨਹੀਂ ਇਹ ਸ਼ਬਦ ਸੁਣਦਾ। ਇਕੋ ਹੀ ਸ਼ਬਦ ਹੈ ਕੋਈ ਬਹੁਤੇ ਗਹਿਰੇ ਅਰਥ ਨਹੀਂ ਹਨ ਬੇਅੰਤ ਚਿਰ ਦੇ ਅਸੀਂ ਸੁਣਦੇ ਹਾਂ ਪਰ ਇਸ ਦੇ ਭਾਵ ਤੱਕ ਨਹੀਂ ਪਹੁੰਚਦੇ। ਜੇ ਭਾਵ ਤੱਕ ਪਹੁੰਚ ਜਾਈਏ ਫੇਰ ਤਾਂ ਅਸੀਂ ਸੁਖ ਹੀ ਤਾਂ ਚਾਹੁੰਦੇ ਹਾਂ ਫੇਰ ਤਾਂ ਸਾਨੂੰ ਢੰਗ ਮਿਲ ਗਿਆ ਲੇਕਿਨ ਇਹ ਹੋਇਆ ਨਹੀਂ ਕਰਦਾ ਕਿਉਂਕਿ ਐਸੇ ਕਰਮ ਨਹੀਂ ਹੁੰਦੇ ਤੇ ਐਸੀ ਸਥਿਤੀ ਉਸ ਦੇ ਅੰਦਰ ਅਜੇ ਪੈਦਾ ਨਹੀਂ ਹੋਈ ਜਿਸ ਨੂੰ ਮਹਾਰਾਜ 'ਮੰਨੈ' ਕਹਿੰਦੇ ਨੇ। ਜੇ 'ਮੰਨੇ' ਵਾਲੀ ਅਵਸਥਾ ਆ ਜਾਵੇ ਤਾਂ –

*ਮੰਨੈ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥* *ਅੰਗ - 3*

ਇਕ ਅੱਧਾ ਹੈ ਜਿਹੜਾ ਮੰਨਦਾ ਹੈ –

*ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥*
*ਅੰਗ - 495*

ਸੰਸਾਰ ਵਿਹਾਰਾਂ ਵਿਚ ਪਿਆ ਹੋਇਆ ਹੈ ਸੁਣਦਾ ਹੈ, ਅਣਸੁਣੀ ਕਰਕੇ ਦੁਖੀ ਹੁੰਦਾ ਹੈ, ਦੁਖਾਂ ਨਾਲ ਭਰਿਆ ਰਹਿੰਦਾ ਹੈ। ਸੋ ਇਸ ਨੂੰ ਯਾਦ ਰੱਖੋ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

---

(ਪੰਨਾ 2 ਦੀ ਬਾਕੀ)

ਲਿਖਦੇ ਹਨ। ਹਰਿ ਜਸ ਬੋਲਨ, ਸੁਣਨ ਅਤੇ ਲਿਖਣ ਵਾਲੇ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਅਤੇ ਸਾਰੇ ਪੁੰਨ ਸੁਤੇ ਸਿਧ ਪ੍ਰਾਪਤ ਹੋ ਜਾਂਦੇ ਹਨ।

*ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ*
*ਹਰਿ ਜਸ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ॥*
*ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ॥*
*ਅੰਗ - 322*

ਨਾਮ ਦਾ ਐਸਾ ਉਲੇਖ, ਸਿਮਰਨ ਵਿਧੀ ਅਤੇ ਸੰਜਮ ਇਸ ਅੰਕ ਵਿਚ ਛਪ ਰਹੀਆਂ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੀਆਂ ਲਿਖਤਾਂ 'ਸਤਿਸੰਗ ਅਤੇ ਨਾਮ ਸਿਮਰਨ ਦੀ ਮਹਿਮਾ, ਬਾਰਹਮਾਹਾ ਮਹੀਨਾ ਜੇਠ, ਇੰਗਲੈਂਡ ਵਿਖੇ ਕੀਤੇ ਪ੍ਰਵਚਨ, ਚਉਥੈ ਪਹਰਿ ਸਬਾਹ ਕੈ' ਵਿਚ ਪ੍ਰਾਪਤ ਹਨ। ਆਪ ਜੀ ਪੜ੍ਹੋ ਅਤੇ ਦੂਜਿਆਂ ਨੂੰ ਵੀ ਪ੍ਰੇਰਤ ਕਰੋ, ਇਸ ਮਹਾਨ ਖਜ਼ਾਨੇ ਨਾਲ ਜੋੜੋ ਤਾਕਿ ਅਸੀਂ ਸਭ ਦੁਖ ਕਲੇਸ਼ਾਂ ਦੇ ਜੀਵਨ ਵਿਚੋਂ ਨਿਕਲ ਕੇ ਸੱਚਾ ਸੁੱਚਾ ਖੁਸ਼ੀਆਂ ਖੇੜਿਆਂ ਵਾਲਾ ਜੀਵਨ ਮਾਣ ਸਕੀਏ! ਧੰਨਵਾਦ!!

# ਆਸਾ ਦੀ ਵਾਰ - ਗੁਰਮਤਿ ਟੀਕਾ

*ਡਾ. ਗੁਰਮੁਖ ਸਿੰਘ*

ਨੋਟ – ਆਤਮ ਮਾਰਗ ਦੇ ਪਾਠਕਾਂ ਅਤੇ ਮਹਾਂਪੁਰਸ਼ਾਂ ਦੇ ਪ੍ਰੇਮੀਆਂ ਨੂੰ ਪਤਾ ਹੈ ਕਿ ਸੰਤ ਮਹਾਰਾਜ ਕਿੰਨੇ ਵਰ੍ਹੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੇ ਦੀਵਾਨ ਸੱਜਾ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਰਹੇ ਹਨ। ਦੀਵਾਨ ਦੀ ਸਮਾਪਤੀ ਉਪਰੰਤ ਆਪ ਜੀ ਪ੍ਰਾਪਤ ਹੋਏ ਮੁੱਖ-ਵਾਕ ਦੀ ਸੰਖੇਪ ਵਿਚਾਰ ਵੀ ਕਰਦੇ ਸੀ ਜੋ ਲੜੀਵਾਰ ਛਾਪੀ ਜਾ ਰਹੀ ਹੈ। ਮਹਾਂਪੁਰਸ਼ਾਂ ਦੀ ਅਸੀਸ ਲੈ ਕੇ ਅਸੀਂ 'ਆਸਾ ਦੀ ਵਾਰ' ਦੇ ਸਰਲ ਅਰਥ ਅਰਥਾਤ ਗੁਰਮਤਿ ਟੀਕਾ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਗੁਰਬਾਣੀ ਦਾ ਮੁੱਖ ਉਦੇਸ਼ ਗੁਰਸਿਖ ਦੇ ਮਨੁੱਖਾ ਜੀਵਨ ਦਾ ਕਲਿਆਣ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੀਆਂ ਗੁਰੂ ਨਾਨਕ ਸਾਹਿਬ ਦੀਆਂ ਬਾਣੀਆਂ ਵਿਚੋਂ "ਆਸਾ ਦੀ ਵਾਰ" ਇਕ ਉਤਮ ਦਰਜੇ ਦੀ ਬਾਣੀ ਹੈ ਜੋ ਆਪਣੇ ਮਹੱਤਵ ਸਰੂਪ ਸਿੱਖੀ ਜੀਵਨ ਦਾ ਇੱਕ ਅਤੁੱਟ ਅੰਗ ਬਣ ਗਈ ਹੈ। ਇਸੇ ਲਈ ਇਸ ਬਾਣੀ ਦਾ ਕੀਰਤਨ ਹਰ ਰੋਜ਼ ਅੰਮ੍ਰਿਤ ਵੇਲੇ ਹਰ ਗੁਰਦੁਆਰੇ ਵਿੱਚ ਕੀਤਾ ਜਾਂਦਾ ਹੈ। ਇਹ ਸਰਬ-ਪ੍ਰਿਯ ਰਚਨਾ ਮਨੁੱਖ ਦੇ ਆਦਰਸ਼ ਜੀਵਨ ਨਾਲ ਸੰਬੰਧਤ ਹੈ। ਇਸ ਰਚਨਾ ਵਿੱਚ ਮਨੁੱਖ ਨੂੰ 'ਸੱਚ' ਦੀ ਪ੍ਰਾਪਤੀ ਲਈ ਸਹੀ ਮਾਰਗ ਦਰਸਾਇਆ ਗਿਆ। ਇਹ ਬਾਣੀ ਇਕ ਨਿਰੰਕਾਰ ਦੀ ਉਸਤਤੀ ਵਿੱਚ ਵਿਚਰਦੇ, ਉਸਦੀ ਹੋਂਦ ਨੂੰ ਸਰਬ ਵਿਆਪਕ ਅਤੇ ਸਰਬੱਗ ਪ੍ਰਤੀਤ ਕਰਦੇ, ਸੰਪੂਰਨ ਮਨੁੱਖ ਜਾਤੀ ਨੂੰ ਇਕ ਸਮਾਨ ਸਮਝਦੇ, ਦੂਜਾ ਭਾਉ ਅਤੇ ਕਰਮਕਾਡਾਂ ਨੂੰ ਤਿਆਗ, ਕੇਵਲ ਪ੍ਰੇਮ ਅਤੇ ਸ਼ਰਧਾ ਭਗਤੀ ਰਾਹੀਂ, ਨਿਰਲੇਪ ਜੀਵਨ ਜੀਉਂਦੇ, ਮਿੱਠਾ ਬੋਲਣ, ਨਿਮਰਤਾ, ਦਇਆ ਅਤੇ ਸੰਤੋਖ ਵਰਗੇ ਸਦ ਗੁਣ ਗ੍ਰਹਿਣ ਕਰਕੇ ਹਉਮੈ ਤਿਆਗ, ਸਰਬ ਸਾਂਝੀਵਾਲਤਾ ਅਤੇ ਮਿਲਵਰਤਨ ਦੀ ਜੀਵਨ ਜਾਚ ਸਿਖਾਉਂਦੀ ਹੈ। ਆਪਣੇ ਹਿਰਦੇ ਵਿੱਚ ਪ੍ਰਭੂ ਦੇ ਸੱਚੇ ਨਾਮ ਨੂੰ ਵਸਾ, ਇਸ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਗਿਆਨ ਪ੍ਰਦਾਨ ਕਰਦੀ ਹੈ। 'ਆਸਾ ਦੀ ਵਾਰ' ਇਸ ਤਰ੍ਹਾਂ ਸਹੀ ਜੀਵਨ ਜਾਚ ਦਸ ਕੇ ਗੁਰਸਿਖ ਦੇ ਉਧਾਰ ਦਾ ਸਾਧਨ ਹੈ।

'ਆਸਾ ਦੀ ਵਾਰ' ਦੀਆਂ 24 ਪਉੜੀਆਂ ਅਤੇ 60 ਸਲੋਕ ਹਨ। ਇਨ੍ਹਾਂ ਸਲੋਕਾਂ ਵਿੱਚੋਂ 45 ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ ਅਤੇ 15 ਗੁਰੂ ਅੰਗਦ ਦੇਵ ਜੀ ਦੇ ਹਨ। ਹਰ ਪਉੜੀ ਦੇ ਨਾਲ ਸਲੋਕਾਂ ਦੀ ਗਿਣਤੀ ਇਕੋ ਜਿਹੀ ਨਹੀਂ, ਘੱਟ ਵੱਧ ਹੈ। ਪਹਿਲੇ ਸਲੋਕ ਨੂੰ ਛੱਡ ਕੇ ਬਾਕੀ ਦੇ ਸਲੋਕ ਇਸ ਬਾਣੀ ਨਾਲ ਭਾਵੇਂ ਬਾਅਦ ਵਿੱਚ ਜੋੜੇ ਗਏ ਹਨ, ਪਰ ਫਿਰ ਵੀ ਸਾਰੀ 'ਆਸਾ ਦੀ ਵਾਰ' ਦਾ ਮੁੱਖ ਭਾਵ ਇਕ ਸਾਂਝਾ ਉਪਦੇਸ਼ ਅਤੇ ਵਿਸ਼ਾ ਹੀ ਭਾਸਦਾ ਹੈ। ਇਸ ਬਾਣੀ ਨੂੰ 'ਆਸਾ' ਰਾਗ ਰਾਹੀਂ 'ਟੁੰਡੇ ਅਸਰਾਜੇ ਦੀ ਵਾਰ' ਦੀ ਧੁਨੀ ਨਾਲ ਗਾਉਣ ਦਾ ਉਪਦੇਸ਼ ਹੈ।

ਡਾ. ਗੁਰਮੁਖ ਸਿੰਘ ਜੀ ਨੇ ਇਕ ਬਹੁਤ ਵੱਡਾ ਉੱਦਮ ਕਰਕੇ ਇਸ ਉਤਮ ਬਾਣੀ ਦਾ ਟੀਕਾ ਰਚਿਆ ਹੈ ਜੋ ਇਸ ਸਰਬ-ਪ੍ਰਿਯ ਬਾਣੀ ਦੇ ਅਖਰੀ ਅਤੇ ਅੰਤਰੀਵ ਭਾਵ ਸਮਝਾਉਂਦਾ ਹੈ। ਇਸ ਟੀਕੇ ਦੀ ਵਿਲੱਖਣ ਗੱਲ ਇਹ ਹੈ ਕਿ ਹਰ ਪਉੜੀ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਹੋਰ ਬਾਣੀ ਦੇ ਪ੍ਰਮਾਣ ਦੇ ਕੇ ਪਉੜੀ ਦੇ ਅਰਥਾਂ ਤੇ ਭਾਵਾਂ ਨੂੰ ਸਪਸ਼ਟ ਕੀਤਾ ਗਿਆ ਹੈ। ਇਸ ਤੋਂ ਲੇਖਕ ਦਾ ਗੁਰਬਾਣੀ ਪ੍ਰਤੀ ਗਿਆਨ, ਪਿਆਰ ਅਤੇ ਸ਼ਰਧਾ ਝਲਕਦੀ ਹੈ।

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ***
***ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੂਲ ਮੰਤ੍ਰ ਤੋਂ ਸ਼ੁਰੂ ਹੁੰਦੀ ਹੈ, ਆਸਾ ਦੀ ਵਾਰ ਵੀ ਮੂਲ ਮੰਤ੍ਰ ਤੋਂ ਸ਼ੁਰੂ ਹੁੰਦੀ ਹੈ।

ਮੂਲ ਮੰਤ੍ਰ ਵਿੱਚ ਗੁਰੂ ਨਾਨਕ ਸਾਹਿਬ ਇਕੋ ਇਕ ਸਦੈਵੀ ਹਸਤੀ, ਪਾਰਬ੍ਰਹਮ ਤੇ ਪਾਰਬ੍ਰਹਮ ਦੇ ਗੁਣਾਂ ਦੀ ਵਿਚਾਰ ਸਮਝਾ ਕੇ ਪਾਰਬ੍ਰਹਮ ਦਾ ਅਖਰੀ ਗਿਆਨ ਬਖਸ਼ਦੇ ਹਨ ਤੇ ਕਹਿੰਦੇ ਹਨ ਕਿ ਪਾਰਬ੍ਰਹਮ ਦੀ ਪਛਾਣ, ਅਨੁਭਵੀ ਗਿਆਨ ਪੂਰੇ ਸਤਿਗੁਰੂ ਤੋਂ ਉਪਦੇਸ਼ ਲੈ ਕੇ, ਤੇ ਉਪਦੇਸ਼ ਉਤੇ ਅਮਲ ਕਰ ਕੇ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਚਾਰ ਉਦਾਸੀਆਂ ਦੇ ਲੰਮੇ ਸਫਰ ਵਿੱਚ ਭਾਰਤ ਦੇ ਕੋਨੇ-ਕੋਨੇ ਵਿੱਚ ਤੇ ਵਿਦੇਸ਼ਾਂ ਵਿੱਚ ਵੀ ਗਏ। ਗੁਰੂ ਜੀ ਨੇ ਹਿੰਦੂ ਤੀਰਥਾਂ ਤੇ ਜਾ ਕੇ ਬ੍ਰਾਹਮਣਾਂ ਪੰਡਿਤਾਂ ਨੂੰ ਉਪਦੇਸ਼ ਦਿੱਤਾ, ਪਹਾੜਾਂ ਵਿੱਚ ਜੋਗੀਆਂ ਦੇ ਟਿਕਾਣਿਆਂ ਤੇ ਜਾ ਕੇ ਜੋਗੀਆਂ/ਸਿਧਾਂ ਨੂੰ ਉਪਦੇਸ਼ ਦਿੱਤਾ, ਭਾਰਤ ਦੇ ਮੁਸਲਮਾਨ ਪੀਰਾਂ ਫਕੀਰਾਂ ਨੂੰ ਅਤੇ ਮੱਕੇ ਮਦੀਨੇ ਜਾ ਕੇ ਮੁਸਲਮਾਨ ਪੀਰਾਂ ਨੂੰ ਉਪਦੇਸ਼ ਦਿੱਤਾ। ਗੁਰਮਤਿ ਉਪਦੇਸ਼ ਸਭ ਲਈ ਇੱਕ ਹੀ ਸੀ ਤੇ ਸਰਬ-ਸਾਂਝਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ, ਗੁਰੂ ਅਰਜਨ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀਆਂ ਉਚਾਰੀਆਂ 24 ਪਉੜੀਆਂ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਉਚਾਰੇ ਸਲੋਕ ਅਤੇ ਕੁਝ ਗੁਰੂ ਅੰਗਦ ਸਾਹਿਬ ਦੇ ਉਚਾਰੇ ਸਲੋਕ ਵੀ ਦਰਜ ਕੀਤੇ।

ਆਸਾ ਦੀ ਵਾਰ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਉਪਦੇਸ਼ ਦਾ ਸਾਰ ਹੈ। ਮਜਮੂਨ ਸਿਲਸਿਲੇ ਵਾਰ ਹੈ।

ਪਹਿਲੀ ਪਉੜੀ ਵਿੱਚ ਸਤਿਗੁਰੂ ਜੀ ਇਕ ਪਾਰਬ੍ਰਹਮ ਤੇ ਉਸਦੀ ਬਣਾਈ ਰਚਨਾ/ਸੰਸਾਰ ਦੀ ਵਿਚਾਰ ਸਮਝਾਉਂਦੇ ਹਨ। ਗੁਰਬਾਣੀ ਇਕ ਏਕੰਕਾਰ ਪਾਰਬ੍ਰਹਮ ਦੀ ਵਿਚਾਰ ਇਸ ਤਰ੍ਹਾਂ ਸਮਝਾਉਂਦੀ ਹੈ –

*ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥*

*ਅੰਗ - 296*

ਜਲ ਥਲ ਵਿੱਚ ਇਕ ਏਕੰਕਾਰ ਪਾਰਬ੍ਰਹਮ ਜੋਤਿ ਰੂਪ, ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਆਪ ਭਰਪੂਰ ਵੱਸਦਾ ਹੈ। ਸ੍ਰਿਸ਼ਟੀ ਦੇ ਅਨੇਕਾਂ ਰੂਪ ਪਸ਼ੂ ਪੰਛੀ ਬਰਸਪਤੀ, ਖੰਡ ਬ੍ਰਹਮੰਡ, ਜੋਤਿ, ਪਰਮਚੇਤਨਾ ਦੇ ਹੀ ਧਾਰੇ ਹੋਏ ਵੱਖਰੇ-ਵੱਖਰੇ ਰੂਪ ਹਨ। ਅਨੇਕਾਂ ਰੂਪ ਧਾਰ ਕਰ ਕੇ ਇੱਕ ਏਕੰਕਾਰ ਹੀ ਖੇਡ ਰਿਹਾ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*ਇੱਕ ਏਕੰਕਾਰ - ਪਾਰਬ੍ਰਹਮ*
*ਨਿਰਗੁਣ ਬ੍ਰਹਮ*

ਗੁਰਬਾਣੀ ਦਾ ਪਹਿਲਾ ਅੱਖਰ ਹੈ (੧)। ਗੁਰਬਾਣੀ (੧) ਨੂੰ ਇਕ ਏਕੰਕਾਰ ਵਰਨਣ ਕਰਦੀ ਹੈ। ਇੱਕ ਏਕੰਕਾਰ ਪਾਰਬ੍ਰਹਮ ਹੈ, ਵਾਹਿਗੁਰੂ ਹੈ। ਇੱਕ ਏਕੰਕਾਰ ਨੂੰ ਗੁਰਬਾਣੀ ਜੋਤਿ ਕਹਿੰਦੀ ਹੈ। ਜੋਤਿ ਦੇ ਅਰਥ ਹਨ ਪਰਮਚੇਤਨਾ। ਗੁਰਬਾਣੀ ਜੋਤਿ/ਪਰਮਚੇਤਨਾ ਨੂੰ ਪਰਮ ਪੁਰਖ ਕਹਿੰਦੀ ਹੈ। ਜੋਤਿ ਚੇਤੰਨ ਹੈ, living power ਹੈ, ਹੋਸ਼ ਵਾਲੀ ਪਰਮਜਿੰਦ ਹੈ, ਸੂਖਮ ਹੈ, ਨਿਰਾਕਾਰ ਹੈ, ਉਸ ਦੀ ਦੇਹ ਨਹੀਂ, ਆਨੰਦ ਸਰੂਪ ਹੈ, ਹਮੇਸ਼ਾ ਖੇੜੇ ਵਿੱਚ ਰਹਿੰਦੀ ਹੈ, ਅਬਿਨਾਸੀ ਹੈ। ਕਦੇ ਮਰਦੀ ਨਹੀਂ, ਸਦ ਜੀਵਤ ਹੈ, ਗਿਆਨ ਸਰੂਪ ਹੈ, ਸਭ ਕੁਝ ਜਾਣਦੀ ਸਮਝਦੀ ਹੈ, ਉਸ ਵਿੱਚ ਆਪਣੀ ਮਰਜ਼ੀ ਹੈ ਤੇ ਮਰਜ਼ੀ ਮੁਤਾਬਕ ਸਭ ਕੰਮ ਕਰਨ ਦੀ ਅਪਾਰ ਸਮਰਥਾ ਹੈ। ਇਸ ਕੰਮ ਕਰਨ ਦੀ ਅਪਾਰ ਸਮਰਥਾ ਨੂੰ ਗੁਰਬਾਣੀ ਬ੍ਰਹਮ ਜੋਤਿ ਦਾ 'ਹੁਕਮ' ਕਹਿੰਦੀ ਹੈ।

ਗੁਰਬਾਣੀ ਕਹਿੰਦੀ ਹੈ ਇਕ ਏਕੰਕਾਰ ਪਾਰਬ੍ਰਹਮ ਬੇਅੰਤ ਸਮਾਂ ਸੁੰਨ ਸਮਾਧ ਵਿੱਚ ਰਿਹਾ। ਉਦੋਂ ਕੇਵਲ ਜੋਤਿ ਸੀ, ਪਰਮਚੇਤਨਾ ਸੀ। ਸਮਾਂ, ਅਕਾਸ਼, ਸੰਸਾਰ ਨਹੀਂ ਸੀ। ਕੇਵਲ ਸੁੰਨ ਸੀ ਤੇ ਉਸ ਵਿੱਚ ਜੋਤਿ ਪਰਮਚੇਤਨਾ ਸੀ।

ਜਦੋਂ ਇਕ ਏਕੰਕਾਰ ਨਿਰਗੁਣ ਬ੍ਰਹਮ ਦੀ ਆਪ ਖੇਡਨ ਦੀ ਮਰਜ਼ੀ ਹੋਈ ਤਾਂ ਉਸ ਨੇ ਜੋਤਿ ਦਾ ਪਸਾਰਾ ਜਾਂ ਆਤਮ ਪਸਾਰਾ ਕੀਤਾ।

ਸੰਸਾਰ ਰਚਨ ਲਈ ਬ੍ਰਹਮ ਜੋਤਿ, ਪਰਮਚੇਤਨਾ ਨੇ ਓਅੰ ਧੁੰਨ ਉਚਾਰੀ ਜਿਸ ਨੂੰ ਗੁਰਬਾਣੀ ਬ੍ਰਹਮਸ਼ਬਦ ਕਹਿੰਦੀ ਹੈ। ਬ੍ਰਹਮ ਸ਼ਬਦ ਓਅੰ ਧੁੰਨ ਵਿੱਚ ਪਰਮਚੇਤਨਾ ਹੈ। ਧੁੰਨ, ਪਰਮਚੇਤਨਾ ਨੂੰ ਪਸਾਰਦੀ ਹੈ। ਓਅੰ ਧੁੰਨ ਨੂੰ ਗੁਰਬਾਣੀ ਅਨਹਦ ਸ਼ਬਦ (ਜਿਸ ਦੀ ਹੱਦ ਨਹੀਂ) ਤੇ ਅਨਹਤ ਸ਼ਬਦ (ਬਿਨਾ ਵਜਾਈ ਸੰਗੀਤਕ ਧੁੰਨ) ਕਹਿੰਦੀ ਹੈ। ਧੁੰਨ ਨਾਲ ਪਸਰਦੇ ਬ੍ਰਹਮ, ਨੂੰ ਗੁਰਬਾਣੀ ਸ਼ਬਦ/ਨਾਮ ਕਹਿੰਦੀ ਹੈ।

ਬ੍ਰਹਮ/ਸ਼ਬਦ/ਨਾਮ ਗੁਪਤ ਹੈ, ਸੂਖਮ ਹੈ, ਰੂਪ ਰੇਖ ਰੰਗ ਤੋਂ ਨਿਆਰਾ ਹੈ। ਬ੍ਰਹਮ/ਸ਼ਬਦ/ਨਾਮ ਪਰਮਾਤਮਾ ਹੈ, ਸਭ ਦੀ ਆਤਮਾ ਹੈ। ਬ੍ਰਹਮ/ਸ਼ਬਦ/ਨਾਮ ਨਿਰਗੁਣ ਬ੍ਰਹਮ ਹੈ।

## ਸਰਗੁਣ ਬ੍ਰਹਮ

ਪਸਰੇ, ਗੁਪਤ, ਸੂਖਮ ਬ੍ਰਹਮ/ਸ਼ਬਦ/ਨਾਮ ਪਰਮਚੇਤਨਾ, ਜੋਤਿ ਤੋਂ ਸੰਸਾਰ ਦੇ ਖੰਡ-ਬ੍ਰਹਮੰਡ, ਪਾਤਾਲ-ਦੀਪ, ਪਸ਼ੂ-ਪੰਛੀ, ਬਨਸਪਤੀ, ਜੀਵ-ਜੰਤ ਹਰ ਸਮੇਂ ਉਪਜ ਰਹੇ ਹਨ, ਪਲਦੇ ਹਨ ਤੇ ਖੈ ਹੋ ਰਹੇ ਹਨ। ਸੰਸਾਰ ਨੂੰ ਗੁਰਬਾਣੀ ਦੂਜੀ ਕੁਦਰਤਿ ਕਹਿੰਦੀ ਹੈ। ਦਿੱਸਦਾ ਸੰਸਾਰ ਬ੍ਰਹਮ/ਸ਼ਬਦ/ਨਾਮ ਸੂਖਮ ਜੋਤਿ ਦਾ ਮਾਯਾਵੀ ਸਰੂਪ ਹੈ, ਬ੍ਰਹਮ ਦਾ ਕੂੜ ਰੂਪ ਹੈ, ਬ੍ਰਹਮ ਦਾ ਰਚਿਆ ਭੁਲੇਖੇ ਦਾ ਸੰਸਾਰ ਹੈ।

ਸੰਸਾਰ ਦੇ ਰੂਪ ਰੰਗ ਸੂਖਮ ਤੇ ਸਥੂਲ ਰੂਪ ਪਾਰਬ੍ਰਹਮ ਦੇ ਮਾਇਆਵੀ ਸਰੂਪ ਹਨ, ਮਨੁੱਖ ਨੂੰ ਭੁਲੇਖੇ ਕਰ ਕੇ ਸੱਤ ਲਗਦੇ ਹਨ।

*(ੳ) ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥*

*ਅੰਗ - 250*

*(ਅ) ਤੂ ਸੂਖਮੁ ਹੋਆ ਅਸਥੂਲੀ॥* *ਅੰਗ - 102*

(ਤੂ ਸੂਖਮ ਹੈ, ਸੰਸਾਰ ਦੇ ਸਥੂਲ ਰੂਪ, ਪਾਤਾਲ ਧਰਤੀ ਤੇ ਜੀਵ-ਜੰਤ ਵੀ ਤੂੰ ਹੀ ਹੈ)

*(ੲ) ਜਲ ਥਲ ਬਨ ਪਰਬਤ ਪਾਤਾਲ॥*

*ਪਰਮੇਸਰ ਤਹ ਬਸਹਿ ਦਇਆਲ॥*
*ਸੂਖਮ ਅਸਥੂਲ ਸਗਲ ਭਗਵਾਨ॥*

*ਨਾਨਕ ਗੁਰਮੁਖਿ ਬ੍ਰਹਮ ਪਛਾਨ॥* *ਅੰਗ - 299*

(ਜਲ, ਥਲ, ਪਰਬਤ, ਪਾਤਾਲ ਸਭ ਪਾਰਬ੍ਰਹਮ ਹਨ, ਗੁਰਮੁਖ ਨੂੰ ਗੁਰਮਤਿ ਭਗਤੀ/ਸਿਮਰਣ ਕਰ ਕੇ ਬ੍ਰਹਮ ਦੀ ਪਛਾਣ ਹੋ ਜਾਂਦੀ।)

ਗੁਰੂ ਨਾਨਕ ਸਾਹਿਬ ਨੇ ਮੂਲ ਮੰਤ੍ਰ ਵਿੱਚ ਪਾਰਬ੍ਰਹਮ ਦੇ ਗੁਣਾਂ ਦੀ ਵਿਚਾਰ ਦਿੱਤੀ ਹੈ। ਇਹ ਪਾਰਬ੍ਰਹਮ ਦਾ ਅੱਖਰੀ ਗਿਆਨ ਹੈ ਜਿਸ ਨੂੰ ਸਾਡੀ ਮਨ ਬੁੱਧੀ ਸਮਝ ਸਕਦੀ ਹੈ। ਅਨੁਭਵੀ ਗਿਆਨ, ਆਤਮਕ ਗਿਆਨ ਹੈ, ਜੋ ਵਾਹਿਗੁਰੂ ਨਾਮ ਦੇ ਜਪ/ਸਿਮਰਣ ਨਾਲ, ਗੁਰ ਕਿਰਪਾ ਨਾਲ ਸਿੱਖ ਸੇਵਕ ਨੂੰ ਹੁੰਦਾ ਹੈ।

ਪਹਿਲੇ ਸਲੋਕ ਵਿੱਚ ਸਤਿਗੁਰੂ ਜੀ ਗਿਆਨ ਦਾਤਾ ਸਤਿਗੁਰੂ ਦੀ ਵਿਚਾਰ ਸਮਝਾਉਂਦੇ ਹਨ। ਸਤਿਗੁਰੂ ਉਹ ਹੈ ਜਿਸ ਦੀ ਦੇਹ ਵਿੱਚ ਪਾਰਬ੍ਰਹਮ ਜੋਤਿ ਰੂਪ/ਨਾਮ, ਪਰਤੱਖ ਵੱਸਦਾ ਹੈ। ਪਾਰਬ੍ਰਹਮ ਤੇ ਸਤਿਗੁਰੂ ਵਿੱਚ ਕੋਈ ਭੇਦ ਨਹੀਂ "ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਯਉ"

ਗੁਰਬਾਣੀ ਦੇ ਸਤਿਗੁਰੂ ਤੇ ਹੋਰ ਧਰਮਾਂ ਦੇ ਗੁਰੂ ਸਤਿਗੁਰੂ ਵਿੱਚ ਬਹੁਤ ਭੇਦ ਹੈ। ਗੁਰਬਾਣੀ ਦਾ ਗੁਰੂ-ਸਤਿਗੁਰੂ, ਗੁਰੂ ਨਾਨਕ ਸਾਹਿਬ ਤੇ ਹੋਰ ਸਿੱਖ ਗੁਰੂ, ਗੁਰ ਪਾਰਬ੍ਰਹਮ ਪਰਮੇਸਰ ਹਨ।

ਗੁਰਬਾਣੀ ਸਤਿਗੁਰੂ ਦੀ ਵਿਚਾਰ ਸਮਝਾਉਂਦੀ ਹੈ -

*ਗੁਰਦੇਵ ਮਾਤਾ ਗੁਰਦੇਵ ਪਿਤਾ*
*ਗੁਰਦੇਵ ਸੁਆਮੀ ਪਰਮੇਸੁਰਾ॥*
*ਗੁਰਦੇਵ ਸਖਾ ਅਗਿਆਨ ਭੰਜਨੁ*
*ਗੁਰਦੇਵ ਬੰਧਿਪ ਸਹੋਦਰਾ॥*
*ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ*
*ਗੁਰਦੇਵ ਮੰਤੁ ਨਿਰੋਧਰਾ॥*
*ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ*
*ਗੁਰਦੇਵ ਪਾਰਸ ਪਰਸ ਪਰਾ॥*
*ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ*
*ਗੁਰ ਗਿਆਨ ਮਜਨੁ ਅਪਰੰਪਰਾ॥*
*ਗੁਰਦੇਵ ਕਰਤਾ ਸਭਿ ਪਾਪ ਹਰਤਾ*
*ਗੁਰਦੇਵ ਪਤਿਤ ਪਵਿਤ ਕਰਾ॥*
*ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ*
*ਗੁਰਦੇਵ ਮੰਤੁ ਹਰਿ ਜਪਿ ਉਧਰਾ॥*
*ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ*
*ਹਮ ਮੂੜ ਪਾਪੀ ਜਿਤੁ ਲਗਿ ਤਰਾ॥*
*ਗੁਰਦੇਵ ਸਤਿਗੁਰੁ ਪਾਰਬ੍ਰਹਮ ਪਰਮੇਸਰੁ*
*ਗੁਰਦੇਵ ਨਾਨਕ ਹਰਿ ਨਮਸਕਰਾ॥* *ਅੰਗ - 250*

# ਪਹਿਲੀ ਪਉੜੀ

*ਆਸਾ ਮਹਲਾ ੧॥*
*ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ*
*ਟੁੰਡੇ ਅਸਰਾਜੈ ਕੀ ਧੁਨੀ॥*
*ਸਲੋਕ ਮਹਲਾ ੧॥*
*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧*

ਮੈਂ ਆਪਣੇ ਗੁਰੂ ਤੋਂ ਦਿਨ ਵਿੱਚ ਸੌ ਵਾਰੀ ਸਦਕੇ ਹੁੰਦਾ ਹਾਂ, ਜਿਸ ਗੁਰੂ ਨੇ ਆਪਣੇ ਸੇਵਕਾਂ ਨੂੰ ਚੰਗੇ ਗੁਣਾਂ ਵਾਲੇ, ਚੰਗੇ ਆਚਾਰ-ਬਿਉਹਾਰ ਵਾਲੇ, ਦੇਵਤਾ ਸੁਭਾ, ਵਾਲੇ ਬਣਾ ਦਿੱਤਾ ਤੇ ਬਣਾਉਂਦਿਆਂ ਰੱਤਾ ਦੇਰ ਨਾ ਲੱਗੀ।

ਸੱਜਣ ਠੱਗ ਆਪਣੀ ਸਰਾਂ ਵਿੱਚ ਰਾਹੀਆਂ ਨੂੰ ਠਹਿਰਾਉਂਦਾ ਸੀ ਤੇ ਰਾਤ ਨੂੰ ਮਰਵਾ ਦਿੰਦਾ ਸੀ, ਤੇ ਉਹਨਾਂ ਦਾ ਮਾਲ-ਧਨ ਲੁੱਟ ਲੈਂਦਾ ਸੀ।

ਗੁਰੂ ਨਾਨਕ ਸਾਹਿਬ ਤੇ ਮਰਦਾਨਾ ਵੀ ਸਫਰ ਕਰਦਿਆਂ ਉਸਦੀ ਸਰਾਂ ਵਿੱਚ ਠਹਿਰੇ। ਗੁਰੂ ਨਾਨਕ ਸਾਹਿਬ ਨੇ ਬਾਣੀ ਉਚਾਰੀ ਤੇ ਸੱਜਣ ਠੱਗ ਨੂੰ ਸੋਝੀ ਦਿੱਤੀ ਕਿ ਉਹ ਮੰਦੇ ਕੰਮ ਕਰ ਰਿਹਾ ਹੈ। ਮਾਇਆ ਨੇ ਉਸਦੀ ਸਹਾਇਤਾ ਨਹੀਂ ਕਰਨੀ ਤੇ ਉਸ ਨੂੰ ਆਪਣੀ ਕਰਨੀ ਦੇ ਫਲ ਭੋਗਣੇ ਪੈਣਗੇ। ਗੁਰੂ ਜੀ ਨੇ ਉਸਨੂੰ ਸੱਚ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ। ਉਸ ਨੂੰ ਕਿਹਾ ਕਿ ਤੂੰ ਆਏ-ਗਏ ਰਾਹੀਆਂ ਦੀ ਸੇਵਾ ਕਰਿਆ ਕਰ, ਧਰਮ ਦੀ ਕਿਰਤ ਕਰਿਆ ਕਰ, ਵੰਡ ਛੱਕਿਆ ਕਰ। ਗੁਰੂ ਜੀ ਨੇ ਸੱਜਣ ਨੂੰ ਗੁਰਮੰਤ੍ਰ ਵਾਹਿਗੁਰੂ, ਸ਼ੁਧ ਮਨ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਸੱਜਣ ਠੱਗ, ਠੱਗ ਤੋਂ ਛੇਤੀ ਹੀ ਪਰਉਪਕਾਰੀ ਜਿਉੜਾ, ਸੰਤ ਸੁਭਾ ਹੋ ਗਿਆ ਤੇ ਭਗਤ ਬਣ ਗਿਆ।

*ਮਹਲਾ ੨॥*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰੁ॥੨॥*

ਜੇ ਸੌ ਚੰਦਰਮਾ ਚੜ੍ਹਣ ਤੇ ਹਜ਼ਾਰ ਸੂਰਜ ਚੜ੍ਹਣ, ਭਾਵ ਅਨੇਕਾਂ ਗਿਆਨ ਦੇਣ ਵਾਲੇ ਕੱਚੇ ਗੁਰੂ ਹੋਣ ਤੇ ਅਨੇਕਾਂ ਦਾਰਸ਼ਨਿਕ, ਚਿੰਤਕ ਹੋਣ ਤਾਂ ਵੀ ਪੂਰੇ ਗੁਰੂ ਤੋਂ ਬਿਨਾਂ ਅਗਿਆਨਤਾ ਦਾ ਹਨੇਰਾ ਰਹਿੰਦਾ ਹੈ। ਪੂਰਾ ਗੁਰੂ ਹੀ ਸੱਤ ਪਰਮਾਤਮਾ ਦਾ ਅਨੁਭਵੀ ਗਿਆਨ ਕਰਾ ਸਕਦਾ ਹੈ, ਨਾਮ ਜੋਤਿ ਦੀ ਪਛਾਣ ਕਰਾ ਸਕਦਾ ਹੈ, ਆਤਮਾ ਦਾ ਅਨੁਭਵੀ ਗਿਆਨ ਕਰਾ ਸਕਦਾ ਹੈ।

*ਮਹਲਾ ੧*

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥*

ਬੂਆੜ = ਨਿਸਫਲ, ਤਿਲ ਬੂਆੜ ਜਿਉ = ਬੂਆੜ ਤਿਲਾਂ ਵਾਂਗ, ਨਾਹ = ਖਸਮ, ਬਪੁੜੇ = ਵਿਚਾਰੇ।

ਹੇ ਨਾਨਕ! ਜੋ ਮਨੁੱਖ ਗਿਆਨ ਲਈ ਪੂਰੇ ਗੁਰੂ ਕੋਲ ਨਹੀਂ ਜਾਂਦੇ, ਤੇ ਪੁਸਤਕਾਂ ਆਦਿ ਪੜ੍ਹ ਕੇ ਆਪਣੇ ਆਪ ਨੂੰ ਗਿਆਨ ਵਾਲੇ ਸਮਝਦੇ ਹਨ, ਜਾਂ ਗਿਆਨ-ਧਿਆਨ ਦੀਆਂ ਗੱਲਾਂ ਸੁਣ ਕੇ ਅਤੇ ਧਿਆਨ ਲਗਾ ਕੇ ਗਿਆਨ ਵਾਲੇ ਬਣਦੇ ਹਨ, ਉਹ ਅੰਦਰੋਂ ਸੜੇ ਖਾਲੀ ਬੂਆੜ ਤਿਲ ਦੇ ਬੂਟਿਆਂ ਵਾਂਗ ਹਨ।

ਉਹ ਵਿਚਾਰੇ ਤਿਲਾਂ ਦੇ ਬੂਟੇ ਫੱਲਦੇ ਵੀ ਹਨ ਪਰ ਉਹਨਾਂ ਦੀ ਫਲੀ ਵਿੱਚ ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ। ਇਸ ਲਈ ਉਹ ਆਪਣੇ ਮਾਲਕ, ਖਸਮ ਕਿਸਾਨ ਨੂੰ ਪਰਵਾਨ ਨਹੀਂ। ਐਸੇ ਤਿਲਾਂ ਦੇ ਬੂਟਿਆਂ ਨੂੰ ਚੁੱਕ ਕੇ ਲੈ ਜਾਣ ਵਾਲੇ ਕਮੀਨ ਆਦਿ ਸੌ ਖਸਮ ਬਣ ਬੈਠਦੇ ਹਨ। ਇਸੇ ਤਰ੍ਹਾਂ ਹੀ ਸਤਿਗੁਰੂ ਦੇ ਗਿਆਨ ਤੋਂ ਬਿਨਾ, ਹੋਰ ਰਾਹਾਂ 'ਤੇ ਚਲ ਕੇ ਗਿਆਨੀ ਬਣੇ ਮਨੁੱਖਾਂ ਨੂੰ ਕਬੂਲਣ ਵਾਲੇ ਤੇ ਆਦਰ ਦੇਣ ਵਾਲੇ ਸੰਸਾਰ ਵਿੱਚ ਅਨੇਕਾਂ ਹਨ ਪਰ ਅੰਦਰੋਂ ਖਾਲੀ ਹਨ, ਮੈਲੇ ਹਨ ਤੇ ਖਸਮ ਪਰਮੇਸਰ ਨੂੰ ਪਰਵਾਨ ਨਹੀਂ, ਉਹ ਮੈਲੇ ਹੀ ਰਹਿੰਦੇ ਹਨ, ਤੇ ਜਨਮ ਮਰਨ ਦੇ ਗੇੜ ਵਿੱਚ ਰਹਿੰਦੇ ਹਨ।

ਪਉੜੀ ਵਿੱਚ ਇਕ ਏਕੰਕਾਰ ਨਿਰਗੁਣ ਬ੍ਰਹਮ ਦੀ ਵਿਚਾਰ ਤੇ ਸਰਗੁਣ ਬ੍ਰਹਮ, ਨਾਮ, ਤੇ ਨਾਮ ਤੋਂ ਉਪਜੇ ਸੰਸਾਰ ਦੀ ਵਿਚਾਰ ਹੈ। ਨਾਮ ਸੰਸਾਰ ਵਿੱਚ ਗੁਪਤ ਪਸਰੀ ਜੋਤਿ ਹੈ, supreme consciousness ਹੈ, ਆਤਮਾ ਹੈ।

*ਪਉੜੀ*

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*

ਇਕ ਏਕੰਕਾਰ ਨਿਰਗੁਣ ਬ੍ਰਹਮ ਨੇ ਆਪਣੇ ਆਪ ਨੂੰ ਸਾਜਿਆ, ਜਦੋਂ ਉਹ ਸੁੰਨ ਸਮਾਧ ਵਿਚ ਸੀ - ਪਾਣੀ, ਧਰਤੀ, ਆਕਾਸ, ਸੰਸਾਰ ਨਹੀਂ ਸੀ।

ਇਕ ਏਕੰਕਾਰ ਨਿਰਗੁਣ ਬ੍ਰਹਮ ਨੇ ਜਦੋਂ ਸੁੰਨ ਸਮਾਧ ਤੋਂ ਸੰਸਾਰ ਦੀ ਖੇਡ ਆਪ ਖੇਡਣ ਦਾ ਵਿਚਾਰ ਕੀਤਾ ਤਾਂ ਉਸ ਨੇ ਨਾਮ ਰਚਿਆ। ਨਾਮ ਏਕੰਕਾਰ ਬ੍ਰਹਮ ਦਾ ਪਸਰਿਆ ਸਰੂਪ ਹੈ। ਸੰਸਾਰ ਵਿਚ ਪਸਰੀ ਨਾਮ ਜੋਤਿ, ਬ੍ਰਹਮ ਜੋਤਿ ਦਾ ਆਤਮ ਪਸਾਰਾ ਹੈ।

ਸੰਸਾਰ ਵਿਚ ਗੁਪਤ ਸੂਖਮ ਪਸਰੀ ਨਾਮ ਜੋਤਿ, ਦੁਯੀ ਕੁਦਰਤਿ ਯਾਨੀ (ਸੰਸਾਰ) ਤੇ ਸੰਸਾਰ ਦੇ ਜੀਵ ਜੰਤ ਹਰ ਸਮੇਂ ਹਰ ਥਾਂ ਸਾਜ ਰਹੀ ਹੈ। ਸਤਿਗੁਰੂ ਜੀ ਕਹਿੰਦੇ ਹਨ ਨਾਮ ਜੋਤਿ, ਪਰਮਚੇਤਨਾ ਕੁਦਰਤ ਵਿਚ ਆਸਨ ਲਗਾ ਕੇ ਬੈਠੀ ਹੈ, ਸਰਬ ਵਿਆਪਕ ਹੈ ਤੇ ਆਪਣੀ ਰਚੀ ਖੇਡ ਨੂੰ ਦੇਖ ਕੇ ਖੁਸ਼ ਹੋ ਰਹੀ ਹੈ।

*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥੧॥*

ਜਾਣੋਈ = ਜਾਣਨ ਵਾਲਾ।

ਹੇ ਬ੍ਰਹਮ/ਨਾਮ/ਪਰਮਾਤਮਾ ਵਾਹਿਗੁਰੂ ਜੀ! ਤੁਸੀਂ ਆਪ ਹੀ ਸੰਸਾਰ ਨੂੰ ਦਾਤਾਂ ਦੇਣ ਵਾਲੇ ਹੋ, ਸਾਜਨ ਵਾਲੇ ਹੋ ਤੇ ਤ੍ਰੁੱਠ ਕੇ ਬਖਸ਼ਿਸ਼ਾਂ ਕਰਦੇ ਹੋ। ਤੁਸੀਂ ਇਸ ਸੰਸਾਰ ਦੇ ਸਭ ਜੀਵਾਂ, ਅਨੇਕਾਂ ਰੂਪਾਂ ਰੰਗਾਂ ਨੂੰ ਜਾਣਦੇ ਹੋ, ਤੁਸੀਂ ਆਪ ਹੀ ਜਿੰਦ ਤੇ ਸਰੀਰ ਦਿੰਦੇ ਹੋ, ਆਪ ਹੀ ਲੈ ਲੈਂਦੇ ਹੋ। (ਜੀਵਾਂ ਦੀ ਜਿੰਦ ਚੇਤਨਾ ਹੈ, life consciousness ਹੈ, ਜਿੰਦ ਹਉਂ ਤੇ ਹੋਰ ਵਿਕਾਰਾਂ ਕਰ ਕੇ ਮੈਲੀ ਹੈ। ਗੁਰ ਉਪਦੇਸ਼ ਮੁਤਾਬਿਕ ਸ਼ੁਧ ਮਨ ਗੁਰਮੰਤ੍ਰ ਨਾਮ ਦਾ ਸਿਮਰਨ ਕਰ ਕੇ ਸ਼ੁਧ ਨਿਰਮਲ ਹੋ ਜਾਂਦੀ ਹੈ। ਗੁਰ ਕਿਰਪਾ ਨਾਲ ਹਉ ਦੀ ਅਗਿਆਨਤਾ, ਭੁਲੇਖਾ ਵੀ ਦੂਰ ਹੁੰਦਾ ਹੈ ਤੇ ਪਰਮ ਚੇਤਨਾ ਆਤਮਾ ਵਿੱਚ ਰਲ ਜਾਂਦੀ ਹੈ, ਜਿਸ ਤਰ੍ਹਾਂ ਪਾਣੀ ਵਿੱਚ ਪਾਣੀ। ਇਹ ਬ੍ਰਹਮ ਗਿਆਨ ਦੀ ਅਵਸਥਾ ਹੈ - ***"ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥")***

ਸਾਡੀ ਆਤਮਾ ਹੀ ਪਰਮ-ਆਤਮਾ ਹੈ, ਇਹ ਹੀ ਪਸਰਿਆ ਬ੍ਰਹਮ, ਨਾਮ ਦੀ ਜੋਤਿ ਹੈ। ਸੰਸਾਰ ਦੀ ਖੇਡ, ਨਾਮ ਉਪਜਾ ਰਿਹਾ ਹੈ, ਪਾਲ ਰਿਹਾ ਹੈ ਤੇ ਢਾਹ ਰਿਹਾ ਹੈ। ਤੂੰ ਆਪੇ ਹੀ ਜਿੰਦ ਤੇ ਸਰੀਰ ਦਿੰਦਾ ਹੈਂ ਤੇ ਲੈ ਲੈਂਦਾ ਹੈਂ।

ਇਹ ਸਭ ਸੰਸਾਰ ਦੀ ਖੇਡ ਕਰਦਿਆਂ ਤੂੰ ਕੁਦਰਤਿ ਵਿੱਚ ਨਿਰਾਲਮ ਬੈਠਾ ਹੈਂ, ਤੇ ਸੰਸਾਰ ਦੀ ਖੇਡ/ਕੁਦਰਤਿ ਨੂੰ ਵੇਖ ਕੇ ਖੁਸ਼ ਹੋ ਰਿਹਾ ਹੈਂ। (ਸੰਸਾਰ ਦੀ ਖੇਡ ਕੁਦਰਤਿ, ਬ੍ਰਹਮ ਦਾ ਮਾਇਆਵੀ ਸਰੂਪ ਹੈ, ਕੂੜ ਰੂਪ ਹੈ, ਭੁਲੇਖਾ ਹੈ।)

# ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਉਪਰੰਤ ਜੁੜੀ ਸੰਗਤ ਨਾਲ ਕੀਤੇ ਪ੍ਰਵਚਨ

*(ਲੜੀ ਜੋੜਨ ਲਈ ਦੇਖੋ, ਅਪ੍ਰੈਲ, ਅੰਕ, ਪੰਨਾ-17)*

ਪਿਛਲੇ ਬਚਨਾਂ ਦੇ ਵਿਚ ਵਿਚਾਰਾਂ ਕੁਛ ਅਧੂਰੀਆਂ ਰਹਿ ਗਈਆਂ, ਦੋਹਾਂ ਗੁਰਦਵਾਰਿਆਂ ਵਿਚ ਗਏ, ਨਾ ਗੱਲ ਉਥੇ ਕਹਿ ਹੋਈ, ਨਾ ਓਥੇ ਕਹਿ ਹੋਈ। ਜੇ ਗੱਲ ਨੂੰ ਸਾਬਤ ਕਰਨਾ ਹੈ ਤਾਂ ਸੈਂਕੜੇ ਮਿਸਾਲਾਂ ਨਾਲ ਦੇਣੀਆਂ ਪੈਂਦੀਆਂ ਨੇ।

ਸਾਡਾ ਕਹਿਣਾ ਇਹ ਸੀ ਕਿ ਜਦੋਂ ਸ਼ਮਸਤਬਰੇਜ਼ ਮਰੇ ਹੋਏ ਨਵਾਬ ਦੇ ਲੜਕੇ ਨੂੰ ਇਹ ਕਹਿ ਕੇ ਜੀਉਂਦਾ ਕਰ ਸਕਦਾ ਹੈ, ਪਹਿਲਾਂ ਤਾਂ ਉਸ ਨੇ ਕਿਹਾ ਕਿ ਉਠ, ਖੁਦਾ ਕੇ ਹੁਕਮ ਸੇ ਉਠ ਖੜਾ ਹੋ। ਖੁਦਾ ਦੇ ਹੁਕਮ ਨਾਲ ਤਾਂ ਉਹ ਮਰਿਆ ਸੀ। ਜਦੋਂ ਉਹਨੇ ਕਿਹਾ ਕਿ ਦਰਵੇਸ਼ ਕੇ ਹੁਕਮ ਸੇ ਉਠ ਖੜਾ ਹੋ। ਉਹ ਉਠ ਕੇ ਖੜ੍ਹਾ ਹੋ ਗਿਆ। ਰਾਜ਼ੀ ਤਾਂ ਉਹ ਹੋ ਗਿਆ, ਪਰ ਬਾਅਦ ਵਿਚ ਖੱਲ੍ਹ ਲਾਹੀ ਉਨ੍ਹਾਂ ਨੇ। ਫਤਵਾ ਲਾਇਆ। ਉਹ ਪਹਿਲਾਂ ਹੀ ਕਹਿੰਦਾ ਸੀ ਕਿ ਤੁਸੀਂ ਮੇਰੇ ਨਾਲ ਨਾਜਾਇਜ਼ ਵਧੀਕੀ ਕਰੋਂਗੇ।

ਸਵਾਮੀ ਜੀ ਦੇ ਜਿਹੜੇ ਹੈਡਮਾਸਟਰ ਸੀ ਉਹ ਬਿਲਕੁਲ ਸਪਸ਼ਟ ਲਿਖਦੇ ਨੇ ਕਿ ਉਸ ਸਾਧੂ ਨੇ ਦੋ ਟੁਕੜੇ ਕਰ ਦਿਤੇ ਕੀੜੇ ਦੇ। ਇਕ ਇਧਰ ਸੁੱਟ ਦਿਤਾ, ਇਕ ਇਧਰ। ਮੈਂ ਦੇਖਦਾ ਰਿਹਾ ਕਿ ਦੋਵੇਂ ਇਕੱਠੇ ਹੋ ਕੇ ਫੇਰ ਕੀੜਾ ਤੁਰ ਪਿਆ। ਇਵੇਂ ਜਿਵੇਂ ਤੁਹਾਨੂੰ ਨਹੀਂ ਪਤਾ ਕਿ ਮੌਤ ਕੀ ਹੈ? ਇਹਦੇ ਵਿਚ ਭੇਤ ਹੈ?

ਸੋ ਇਹ ਜਿਹੜੇ ਸਿੰਘ ਸੀਗੇ ਸ਼ਕਤੀ ਵਾਲੇ ਸੀਗੇ। ਲੇਕਿਨ ਗੁਰੂ ਮਹਾਰਾਜ ਨੇ ਐਡੀ ਸਖਤ ਪਾਬੰਦੀ ਲਾਈ ਹੋਈ ਸੀ ਸ਼ਕਤੀਆਂ ਦਿਖਾਉਣ ਤੋਂ। ਸੂਫੀ ਪੀਰ ਸ਼ਕਤੀਆਂ ਦਿਖਾਉਂਦੇ ਸੀ। ਪਰ ਹਲਕੇ ਹੋਏ ਕੁੱਤੇ ਨਾਲ ਵਾਹ ਪਿਆ ਹੋਇਆ ਸੀ। ਇਕ ਟਰੇਂਡ ਬੰਦਾ ਜਿਹਨੂੰ ਤਿਆਰ ਕਰਨ ਵਾਸਤੇ ਦੋ ਸੌ ਤਿੰਨ ਸੌ ਸਾਲ ਲਗਦਾ ਹੈ। ਪਹਿਲੇ ਜਨਮ 'ਚ ਵੀ, ਅਗਲੇ 'ਚ ਵੀ, ਅਗਲੇ 'ਚ ਵੀ.......। ਉਹਨੂੰ ਇਕ ਜਾਹਲ ਬੰਦਾ ਤਲਵਾਰ ਨਾਲ ਮਾਰ ਦਿੰਦਾ ਹੈ। ਗੁਰੂ ਮਹਾਰਾਜ ਕਹਿੰਦੇ ਤੁਸੀਂ ਆਪ ਹੀ ਐਨੇ ਤਕੜੇ ਹੋਵੋ ਕਿ ਉਸ ਤੋਂ ਪਹਿਲਾਂ ਹੀ ਹਲਕੇ ਹੋਏ ਕੁੱਤੇ ਨੂੰ ਮਾਰ ਦੇਵੋਂ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿਤੇ। ਅੰਦਰ ਲੈ ਕੇ ਜਾਣ ਦਾ ਮਨਸਾ ਇਹ ਸੀ ਕਿ ਇਨ੍ਹਾਂ ਨੂੰ ਹੌਲੀ-ਹੌਲੀ ਜ਼ਹਿਰ ਦੇ ਕੇ ਖਤਮ ਕਰ ਦਿਤਾ ਜਾਵੇ। ਬੰਦੇ ਦਾ ਦਿਮਾਗ ਉਥੇ ਪਾਗਲ ਜਿਹਾ ਹੋ ਜਾਂਦਾ ਸੀ, ਹੌਲੀ-ਹੌਲੀ ਉਹ ਮਰ ਜਾਂਦਾ ਸੀ। ਰਾਜੇ ਉਥੇ 52 ਕੈਦ ਸੀ। ਉਨ੍ਹਾਂ ਨੂੰ ਹੌਲੀ-ਹੌਲੀ ਜ਼ਹਿਰ ਦੇ ਰਹੇ ਸੀ। ਇਥੇ ਚੰਦੂ ਸੀਗਾ, ਚੰਦੂ ਨੇ ਸਾਰਾ ਇੰਤਜ਼ਾਮ ਕਰ ਦਿਤਾ। ਜ਼ਹਿਰੀਲੇ ਕਪੜੇ ਦਿਓ ਇਨ੍ਹਾਂ ਨੂੰ।

ਆਪਣੇ ਇਹੋ ਜਿਹੀਆਂ ਜ਼ਹਿਰਾਂ ਨੇ, ਆਪਾਂ ਖੇਤੀਆਂ 'ਚ ਦੇਖਦੇ ਰਹੇ ਹਾਂ ਕਿ ਸਾਹ ਵੀ ਲੈ ਲਵੇ, ਆਦਮੀ ਮਰ ਜਾਂਦਾ ਹੈ।

ਗੁਰੂ ਮਹਾਰਾਜ ਨੇ ਉਹ ਪਹਿਨੇ ਹੀ ਨਾ। ਫੇਰ ਖੁਰਾਕ ਦੇ ਵਿਚ ਜ਼ਹਿਰੀਲੀ ਮਿਲਾਵਟ ਸੀ। ਇਕ-ਇਕ ਕਤਰਾ ਡੱਕੇ ਨਾਲ, ਪਾਰੇ ਦਾ ਦਿੰਦੇ ਜਾਓ ਤੁਸੀਂ, ਛੇ ਮਹੀਨੇ 'ਚ ਉਹਦੇ ਤੇ ਮਾੜਾ ਜਿਹਾ ਅਸਰ ਹੋਏਗਾ।

ਮਹਾਰਾਜ ਖੜਕ ਸਿੰਘ ਵੀ ਇਹਨੇ ਹੀ ਮਾਰਿਆ ਸੀ। ਉਹਦੇ ਵੀ ਖਾਣੇ ਵਿਚ ਪਾਰਾ ਦਿੰਦੇ ਸੀ। ਉਹ ਘਟਦਾ ਗਿਆ, ਪਰ ਹਕੀਮਾਂ ਨੂੰ ਕੁਛ ਪਤਾ ਨਾ ਲੱਗੇ ਕਿ ਇਹਨੂੰ ਕੀ ਹੋ ਗਿਆ। ਲੇਕਿਨ ਧਿਆਨ ਸਿੰਘ ਦਾ ਇੰਤਜ਼ਾਮ ਇਹ ਸੀ ਕਿ ਇਹਨੂੰ ਹੌਲੀ ਹੌਲੀ ਜ਼ਹਿਰ ਨਾਲ ਮਾਰ ਦੇਈਏ। ਇਹ ਸਾਰੇ ਢੰਗ ਨੇ, ਸਾਇੰਟਿਫਿਕ ਗੱਲਾਂ ਨੇ।

ਉਸ ਵੇਲੇ ਭਾਈ ਜੇਠਾ ਜੀ ਤੇ ਭਾਈ ਪ੍ਰਾਣਾ, ਮਾਤਾ ਜੀ ਨੇ ਭੇਜੇ ਉਥੋਂ। ਮਾਤਾ ਜੀ ਨੇ ਬਾਬਾ ਬੁੱਢਾ ਜੀ ਨੂੰ ਬੁਲਾਇਆ ਕਿ ਗੁਰੂ ਪੰਜਵੇਂ ਪਾਤਸ਼ਾਹ ਵੀ ਸ਼ਹੀਦ ਹੋ ਗਏ। ਤੁਸੀਂ ਉਨ੍ਹਾਂ ਨੂੰ ਛੁਡਾਓ। ਉਹ ਕਹਿਣ ਲੱਗੇ, ਮਾਤਾ ਜੀ! ਉਨ੍ਹਾਂ ਨੇ ਐਉਂ ਤਾਂ ਛੱਡਣਾ ਨਹੀਂ। ਸ਼ਕਤੀ ਦਿਖਾਉਣ ਤਾਂ ਛੱਡਣਗੇ। ਉਹ ਕਹਿੰਦੇ ਕਰੋ। ਬਾਬਾ ਬੁੱਢਾ ਜੀ ਨੇ ਇਹੀ ਗੱਲ ਅੱਗੇ ਕਰ ਦਿਤੀ। ਉਹ ਛੱਡ ਦਿਤੇ ਗਏ। ਜਦੋਂ ਜਹਾਂਗੀਰ ਨਾ ਹੀ ਕੱਢੇ ਗੁਰੂ ਮਹਾਰਾਜ ਨੂੰ ਤਾਂ ਇਨ੍ਹਾਂ ਨੇ ਰਾਤ ਨੂੰ ਗੁਪਤ ਸਰੀਰ ਦੇ ਰਾਹੀਂ ਸ਼ੇਰ ਬਣ ਜਾਣਾ ਉਥੇ। ਉਤੇ ਛਾਤੀ ਤੇ ਵਜ਼ਨ ਦੇ ਕੇ ਹਿਲਾਉਣਾ ਉਹਨੂੰ। ਕਹਿਣਾ ਕਿ ਤੂੰ ਗੁਰੂਆਂ ਨੂੰ ਕੈਦ ਕਰਿਆ ਹੈ, ਅਸੀਂ ਮਾਰ ਦੇਵਾਂਗੇ ਤੈਨੂੰ। ਅਸੀਂ ਤੈਨੂੰ ਚਿਤਾਵਨੀ ਦਿੰਦੇ ਹਾਂ।

ਤਿੰਨ ਚਾਰ ਦਿਨ ਪਹਿਲਾਂ ਤਾਂ ਉਹਦੇ ਹਜ਼ੂਰੀਏ ਇਹੀ ਕਹਿੰਦੇ ਰਹੇ ਤੁਹਾਨੂੰ ਭਿਆਨਕ ਸੁਪਨਾ ਆਇਆ ਹੈ। ਫੇਰ ਜੋਤਸ਼ੀਆਂ ਨੇ ਕਿਹਾ ਕਿ ਜਿਹੜੀ ਸਾੜਸਤੀ ਤੁਹਾਡੇ ਤੇ ਚੜ੍ਹੀ ਹੈ ਓਹੀ ਦਰਸ਼ਨ ਦੇ ਰਹੀ ਹੈ। ਉਦੋਂ ਉਥੇ ਜਵਾਬ

ਦੇ ਦਿਆ ਕਰਨ ਉਹਨੂੰ ਕਿ ਤੈਨੂੰ ਹਜ਼ੂਰੀਆਂ ਨੇ ਜੋ ਕਿਹਾ, ਜੋਤਸ਼ੀਆਂ ਨੇ ਜੋ ਕਿਹਾ, ਉਹ ਨਹੀਂ, ਅਸੀਂ ਤਾਂ ਸ਼ਕਤੀ ਹਾਂ, ਤੈਨੂੰ ਖਤਮ ਕਰ ਦੇਵਾਂਗੇ। ਉਹਨੂੰ ਨੀਂਦ ਆਉਣ ਤੋਂ ਹਟ ਗਈ। ਮਾਲੀ ਖੌਰੀਆ ਦੀ ਬਿਮਾਰੀ ਹੋ ਗਈ।

ਅਖੀਰ ਉਹਦੇ ਗੱਲ ਸਮਝ ਆ ਗਈ। ਉਹਨੇ ਹੁਕਮ ਭੇਜਿਆ ਕਿ ਗੁਰੂ ਮਹਾਰਾਜ ਨੂੰ ਛੱਡ ਦਿਓ। ਗੁਰੂ ਮਹਾਰਾਜ ਕਹਿੰਦੇ ਨਾ ਅਸੀਂ ਤਾਂ ਇਥੇ ਬਹੁਤ ਵਧੀਆ ਹਾਂ। ਗੁਰੂ ਸਾਹਿਬ ਜੇਲ੍ਹ ਵਿਚੋਂ ਨਿਕਲਦੇ ਨਹੀਂ ਤੇ ਉਹਨੂੰ ਨੀਂਦ ਨਹੀਂ ਆਉਂਦੀ। ਉਹ ਡਰ ਪਾ ਰਹੇ ਨੇ ਕਿ ਤੈਨੂੰ ਖਤਮ ਕਰ ਦੇਵਾਂਗੇ ਅਸੀਂ। ਉਹ ਪਹਿਰੇਦਾਰਾਂ ਨੂੰ ਕਹਿੰਦਾ ਕਿ ਮੇਰੇ ਆਲੇ ਦੁਆਲੇ ਬਰਛੇ ਲਾ ਕੇ ਖੜ੍ਹੋ ਮੈਂ ਸੌਂਵਾਂ। ਨਾਲ ਜਿਹੜੇ ਪਹਿਰੇਦਾਰ ਖੜ੍ਹਦੇ ਨੇ ਉਨ੍ਹਾਂ ਨੂੰ ਦਿਸਦੇ ਹੀ ਨਹੀਂ। ਉਨ੍ਹਾਂ ਨੂੰ ਉਨ੍ਹਾਂ ਦਾ ਬੋਲ ਵੀ ਨਹੀਂ ਸੁਣਦਾ। ਪਹਿਰੇਦਾਰ ਕਹਿਣ ਲੱਗੇ, ਹਜ਼ੂਰ! ਤੁਹਾਨੂੰ ਕੋਈ ਵਹਿਮ ਹੋ ਗਿਆ।

ਅਖੀਰ ਇਹ ਹੋਇਆ ਕਿ ਉਸ ਨੇ ਕਿਹਾ ਗੁਰੂ ਸਾਹਿਬ ਨੂੰ ਬਹੁਤ ਪਿਆਰ ਨਾਲ ਲਿਆਓ। ਜਿਹੜੇ ਰਾਜੇ ਸੀ ਉਹ ਰੋਣ ਲਗ ਗਏ। ਉਸ ਤੋਂ ਬਾਅਦ ਫੇਰ ਜਹਾਂਗੀਰ ਨੇ ਕਿਹਾ ਕਿ ਤੁਹਾਡਾ ਜਿਹੜਾ ਪੱਲੇ ਫੜ ਕੇ ਨਿਕਲ ਆਉਣਗੇ ਉਹ ਬਾਹਰ ਆ ਜਾਣ। ਮਹਾਰਾਜ ਨੇ 52 ਰਾਜੇ ਸੀ, 52 ਕਲੀਆਂ ਵਾਲਾ ਚੋਲਾ ਸਿਲਵਾ ਲਿਆ। ਲੰਬੀਆਂ ਕਲੀਆਂ ਸੀ, ਪਹਿਲੀ ਲਾਇਨ ਛੋਟੀ, ਦੂਜੀ ਉਸ ਤੋਂ ਵੱਡੀ ਤੀਜੀ ਉਸ ਤੋਂ ਵੱਡੀ। ਉਨ੍ਹਾਂ ਨੇ ਪਿਛੇ-ਪਿਛੇ ਕਲੀਆਂ ਫੜ ਲਈਆਂ ਉਨ੍ਹਾਂ ਨੇ। ਉਹਦੇ ਨਾਲ ਨਿਕਲ ਆਏ। ਕਿਲਾ ਖਾਲੀ ਹੋ ਗਿਆ। ਜਹਾਂਗੀਰ ਦੇ ਕੋਲ ਜਾਣਾ ਹੀ ਸੀ ਉਨ੍ਹਾਂ ਨੇ ਸਾਰਿਆਂ ਨੇ। ਕਿਲੇ ਤੋਂ ਬਾਹਰ ਆ ਗਏ ਤੇ ਜਹਾਂਗੀਰ ਦੇ ਕੋਲ ਪਹੁੰਚ ਗਏ।

ਉਸ ਵੇਲੇ ਗੁਰੂ ਮਹਾਰਾਜ ਨੇ ਇਨ੍ਹਾਂ ਦੋਹਾਂ ਨੂੰ ਭਾਈ ਪ੍ਰਾਣਾ ਤੇ ਜੇਠਾ ਜੀ ਨੂੰ ਬੁਲਾ ਲਿਆ। ਕਹਿਣ ਲੱਗੇ ਤੁਸੀਂ ਸ਼ਕਤੀ ਕਿਉਂ ਦਿਖਾਈ। ਕਹਿਣ ਲੱਗੇ ਮਹਾਰਾਜ ਅਸੀਂ ਡਰੇ ਪਏ ਹਾਂ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਸ਼ਹੀਦ ਕਰ ਦਿਤੇ। ਉਸ ਵਕਤ ਵੀ ਮਹਾਰਾਜ ਨੇ ਸਾਨੂੰ ਵਰਜ ਦਿਤਾ ਸੀ ਕਿ ਖਬਰਦਾਰ ਜੇ ਤੁਸੀਂ ਸ਼ਕਤੀ ਦਿਖਾਈ। ਮਹਾਰਾਜ ਆਪ ਹੀ ਦੇਖੋ ਕਿ ਜਮਾਤ ਅਜੇ ਆਪਣੀ ਬਹੁਤ ਛੋਟੀ ਹੈ। ਉਹ ਜਿਹੜਾ ਪਹਿਲਾ ਦੁਖਾਂਤ ਹੈ ਉਹਦੇ ਵਿਚੋਂ ਉਠੇ ਨਹੀਂ ਅਜੇ ਤਕ। ਲੋਕਾਂ ਦੇ ਮਨਾਂ ਵਿਚ ਵਹਿਮ ਹੋ ਗਿਆ ਕਿ ਗੁਰੂ 'ਚ ਸ਼ਕਤੀ ਨਹੀਂ ਹੈ।

ਸੋ ਮਹਾਰਾਜ ਬਹੁਤ ਮੁਸ਼ਕਲ ਹੈ ਕਿਹਦੇ ਲੜ ਅਸੀਂ ਲੱਗਾਂਗੇ। ਅੱਗੇ ਹੀ ਰੌਲਾ-ਘਚੌਲਾ ਮਚਿਆ ਪਿਆ ਹੈ, ਸੋਢੀਆਂ ਬੇਦੀਆਂ ਦਾ। ਦੂਜਾ ਇਹ ਹੈ ਕਿ ਸਾਨੂੰ ਤਾਂ ਬਾਬਾ ਬੁੱਢਾ ਜੀ ਨੇ ਕਿਹਾ ਸੀ। ਮਹਾਰਾਜ ਜੀ ਨੇ ਬਾਬਾ ਜੀ ਤੋਂ ਪੁਛਿਆ। ਤੁਸੀਂ ਐਨੀ ਦੇਰ ਤੋਂ ਗੁਰੂ ਨਾਨਕ ਸਾਹਿਬ ਦੇ ਨਾਲ ਰਹਿ ਕੇ ਇਹ ਕੀ ਕੰਮ ਕਰਿਆ ਹੈ। ਉਹ ਕਹਿੰਦੇ ਮਹਾਰਾਜ, ਮਾਤਾ ਜੀ ਦਾ ਬਚਨ ਸੀ। ਮਹਾਰਾਜ ਕਹਿੰਦੇ ਕਿ ਬਾਬਾ ਬੁੱਢਾ ਜੀ, ਮਾਤਾ ਜੀ ਦਾ ਕਹਿਆ ਮੈਂ ਨਹੀਂ ਟਾਲ ਸਕਦਾ। ਪਰ ਸ਼ਕਤੀਆਂ ਨਹੀਂ ਦਿਖਾਉਣੀਆਂ। ਕਹਿੰਦੇ ਜਾਓ ਦਰਿਆ 'ਚੋਂ ਇਕ ਬਾਲਟੀ ਭਰ ਕੇ ਲਿਆਓ। ਕਹਿੰਦੇ ਜਾਓ ਡੋਲ੍ਹ ਆਓ। ਡੋਲ੍ਹ ਕੇ ਆ ਗਏ। ਕਹਿੰਦੇ ਕਿਉਂ ਸਾਧਸੰਗਤ ਜੀ! ਜਦੋਂ ਬਾਲਟੀ ਭਰੀ ਸੀ, ਦਰਿਆ ਦਾ ਪਾਣੀ ਘਟ ਗਿਆ ਸੀ? ਕਹਿੰਦੇ ਨਹੀਂ। ਕਹਿੰਦੇ ਜਦੋਂ ਡੋਲ੍ਹਦੇ ਹਾਂ ਵਧ ਗਿਆ ਸੀ? ਕਹਿੰਦੇ ਨਹੀਂ। ਕਹਿੰਦੇ ਜਿਹੜੇ ਗੁਰੂ ਨੇ ਨਾ, ਉਹ ਸ਼ਕਤੀਆਂ ਦਾ ਦਰਿਆ ਨੇ। ਸ਼ਕਤੀਆਂ ਦਿਖਾਉਂਦੇ ਨਹੀਂ ਹੈਗੇ। ਸੋ ਏਸ ਤਰ੍ਹਾਂ ਦੇ ਨਾਲ ਸ਼ਕਤੀਆਂ ਨਹੀਂ ਦਿਖਾਉਂਦੇ। ਸਿੰਘਾਂ 'ਚ ਸ਼ਕਤੀਆਂ ਨੇ।

ਭਾਈ ਦਇਆ ਸਿੰਘ ਜੀ ਨੂੰ ਚਿੱਠੀ ਦੇ ਕੇ ਭੇਜਿਆ ਗੁਰੂ ਦਸਵੇਂ ਪਾਤਸ਼ਾਹ ਨੇ। ਪਹਿਲਾਂ ਚਿੱਠੀ ਤਾਂ ਦੇ ਦਿਤੀ, ਜਵਾਬ ਦੇ ਰਹੇ ਨੇ। ਦੂਜੀ ਚਿੱਠੀ ਮਹਾਰਾਜ ਨੇ ਭੇਜੀ ਜਦ ਤਾਂ ਜਵਾਬ ਦਿਤਾ, ਜਫਰਨਾਮਾ ਹੈ ਨਾ ਉਸ ਦਾ। ਉਸ ਵੇਲੇ ਨਵਾਬ ਸਰਹੰਦ ਦੇ ਹਰ ਥਾਂ ਉਤੇ ਪਹਿਰੇਦਾਰ ਖੜ੍ਹੇ ਨੇ। ਉਨ੍ਹਾਂ ਨੇ ਕਹਿ ਦਿਤਾ, ਅੱਗੇ ਬੰਦਿਆਂ ਨੂੰ ਕਿਹਾ, ਇਨ੍ਹਾਂ ਨੂੰ ਮਿਲਣ ਨਹੀਂ ਦੇਣਾ ਬਾਦਸ਼ਾਹ ਨੂੰ। ਉਹਦੇ ਆਲੇ ਦੁਆਲੇ ਸੀ ਔਰੰਗਜ਼ੇਬ ਦੇ ਸਾਰੇ। ਉਨ੍ਹਾਂ ਨੇ ਛੇ ਮਹੀਨੇ ਭਾਈ ਦਇਆ ਸਿੰਘ ਦੀ ਚਿੱਠੀ ਪਹੁੰਚਣ ਹੀ ਨਹੀਂ ਦਿਤੀ। ਉਸ ਤੋਂ ਬਾਅਦ ਉਨ੍ਹਾਂ ਨੇ ਅੰਤਰਆਤਮੇ ਗੁਰੂ ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਸਾਨੂੰ ਤਾਂ ਜਾਣ ਨਹੀਂ ਦਿੰਦੇ, ਤੁਸੀਂ ਹੁਣ ਕ੍ਰਿਪਾ ਕਰੋ। ਗੁਰੂ ਮਹਾਰਾਜ ਨੇ ਰਾਤ ਨੂੰ ਔਰੰਗਜ਼ੇਬ ਫੜ੍ਹ ਲਿਆ। ਇਹ ਗੱਲ ਕਹੀ ਕਿ ਸਾਡੇ ਸਿੰਘ ਬਾਹਰ ਬੈਠੇ ਨੇ ਤੇ ਸਵੇਰੇ ਹੀ ਬੁਲਾ। ਇਕ ਉਨ੍ਹਾਂ ਨੇ ਦੇ ਦਿਤਾ ਤੀਰ ਕਿ ਜਦੋਂ ਉਹ ਮੰਗਣਗੇ ਦੇ ਦੇਵੀਂ। ਕਹਿੰਦਾ ਅੱਛਾ। ਉਹਨੂੰ ਰਾਤ ਨੂੰ ਨੀਂਦ ਨਾ ਆਈ। ਸਾਰੀ ਰਾਤ ਜਾਗਦਾ ਰਿਹਾ। ਤੜਕੇ ਹੀ ਚਾਰ ਵਜੇ ਹੁਕਮ ਭੇਜ ਦਿਤਾ ਕਿ ਜਿਹੜੇ ਸਿੰਘ ਆਏ ਹੋਏ ਨੇ ਗੁਰੂ ਗੋਬਿੰਦ ਸਿੰਘ ਕੋਲੋਂ ਉਨ੍ਹਾਂ ਨੂੰ ਸਾਡੇ ਪੇਸ਼ ਕਰੋ। ਉਸੇ ਵੇਲੇ ਅਧਿਕਾਰੀ ਵਗੈਰਾ ਜਿਵੇਂ ਦਰਬਾਰ ਲਗਦਾ ਹੈ, ਰਾਤ ਨੂੰ ਲੱਗਿਆ। ਡਰ ਬਹੁਤ ਪੈ ਗਿਆ, ਗੁਰੂ ਮਹਾਰਾਜ ਨੂੰ ਦੇਖਿਆ ਜਲਾਲ ਦੇ ਵਿਚ। ਉਸੇ ਵੇਲੇ ਆਵਾਜ਼ ਪੈ ਗਈ ਕਿ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਹਾਜ਼ਰ ਹੋਣ। ਫੇਰ ਸਮੇਤ ਬਰਛਿਆਂ ਦੇ, ਸਮੇਤ ਕਮਾਣਾਂ ਦੇ, ਸਮੇਤ ਸ੍ਰੀ ਸਾਹਿਬ ਦੇ, ਬਾਦਸ਼ਾਹ ਦੇ ਕੋਲ ਤਾਂ ਬਿਲਕੁਲ ਨਹੀਂ ਸੀ ਜਾ ਸਕਦਾ ਸਸ਼ਤਰ ਵਾਲਾ ਬੰਦਾ। ਉਹ ਸਾਰੇ ਸ਼ਸਤਰ ਲੈ ਕੇ ਚਲੇ ਗਏ, ਉਨ੍ਹਾਂ

ਸਾਰਿਆਂ ਦੀ ਮਤ ਮਾਰੀ ਗਈ। ਉਥੇ ਜਾ ਕੇ ਭਾਈ ਦਇਆ ਸਿੰਘ ਜੀ ਨੇ ਗੱਜ ਕੇ ਫਤਹਿ ਬੁਲਾਈ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਉਹਨੇ ਕਿਹਾ ਹੋਇਆ ਸੀ ਕਿ ਵਾਹਿਗੁਰੂ ਦੀ ਫਤਹਿ ਨਹੀਂ ਮੈਂ ਸੁਣਨੀ। ਬੰਦੇ ਨੂੰ ਮਾਰ ਦਿਓ ਜਿਹੜਾ ਇਹ ਗੱਲ ਕਹਿੰਦਾ ਹੈ। ਉਥੇ ਨਿਯਮ ਸੀ ਸੱਤ ਸਲਾਮਾਂ ਕਰਨ ਦਾ। ਇਹ ਫਤਹਿ ਬੁਲਾਉਂਦੇ ਨੇ ਗੱਜ ਵੱਜ ਕੇ। ਕਹਿਣ ਲੱਗਾ, ਗੁਰੂ ਜੀ ਨੇ ਖਾਲਸਾ ਛੇਤੀ ਪ੍ਰਗਟ ਕਰ ਦਿਤਾ, ਇਹ ਮੇਰਾ ਸਮਾਂ ਸੀਗਾ। ਮੈਨੂੰ ਮਿਲਿਆ ਸੀ ਇਹ ਰਾਜ ਕਰਨ ਦਾ ਸਮਾਂ। ਉਹ ਕਹਿੰਦੇ, ਔਰੰਗਜ਼ੇਬ! ਤੂੰ ਵੀ ਛੇਤੀ ਧਰਮ ਬਦਲਣ ਦੀ ਕਾਰਵਾਈ ਸ਼ੁਰੂ ਕਰ ਦਿਤੀ। ਇਸ ਕਰਕੇ ਖਾਲਸੇ ਦਾ ਪ੍ਰਗਟ ਹੋਣਾ ਵੀ ਜ਼ਰੂਰੀ ਸੀ। ਉਹ ਕਹਿਣ ਲੱਗਿਆ ਕਿ ਇਕ ਮੈਨੂੰ ਗੱਲ ਦੱਸੋ ਕਿ ਗੁਰੂ ਗੋਬਿੰਦ ਸਿੰਘ 'ਚ ਸ਼ਕਤੀ ਕਿੰਨੀ ਕੁ ਹੈ? ਉਹ ਕਹਿੰਦਾ ਗੁਰੂ 'ਚ ਸ਼ਕਤੀ ਦਾ ਤਾਂ ਅੰਦਾਜ਼ਾ ਹੀ ਨਹੀਂ। ਗੁਰੂਆਂ ਦੇ ਸਿੱਖਾਂ 'ਚ ਸ਼ਕਤੀ ਹੈ, ਗੁਰੂ ਘਰ ਦੇ ਤਾਂ ਕੁੱਤਿਆਂ 'ਚ ਵੀ ਸ਼ਕਤੀ ਹੈ। ਉਹ ਲੰਗਰ 'ਚੋਂ ਪ੍ਰਸ਼ਾਦਾ ਛਕਦੇ ਨੇ ਗੁਰੂ ਘਰ ਦਾ। ਕਹਿੰਦਾ ਦਿਖਾ ਸਕਦੇ ਓਂ? ਕਹਿੰਦੇ ਹਾਂ। ਇਕ ਕੁੱਤਾ ਉਥੇ ਰਹਿੰਦਾ ਹੁੰਦਾ ਸੀ ਜਿਥੇ ਇਹ ਪ੍ਰਸ਼ਾਦੇ ਵਗੈਰਾ ਪਕਾਉਂਦੇ ਹੁੰਦੇ ਸੀ। ਓਹ ਵੀ ਨਾਲ ਹੀ ਚਲਿਆ ਗਿਆ। ਕਹਿੰਦੇ ਆ ਬਈ ਕੂਕਰਾ, ਔਰੰਗਜ਼ੇਬ ਤੇਰੀ ਸ਼ਕਤੀ ਦੇਖਣੀ ਚਾਹੁੰਦਾ ਹੈ। ਭਾਈ ਦਇਆ ਸਿੰਘ ਨੇ ਪਿੱਠ ਵਲੋਂ ਦੀ, ਉਹਦੇ ਸਿਰ ਤੇ ਬਰਛਾ ਰੱਖ ਦਿਤਾ। ਉਹ ਕੁੱਤਾ ਪਹਿਲਾਂ ਤਾਂ ਥੋੜ੍ਹਾ ਭੌਂਕਦਾ ਹੈ, ਪਰ ਜਦੇ ਹੀ ਮਨੁੱਖਾਂ ਵਾਂਗੂੰ ਬੋਲਨ ਲਗ ਗਿਆ। ਕਹਿੰਦਾ ਔਰੰਗਜ਼ੇਬ ਤੂੰ ਤਾਂ ਸਾਡੇ ਕੁੱਤਿਆ 'ਚ ਹੀ ਸੀਗਾ, ਇਥੇ ਆ ਕੇ ਰਾਜਾ ਬਣ ਗਿਆ। ਪਰ ਤੂੰ ਇਥੇ ਵੀ ਕੁੱਤਿਆਂ ਵਾਲੇ ਹੀ ਕੰਮ ਕਰੇ, ਪਿਉ ਮਾਰ ਦਿਤਾ, ਭਰਾ ਮਾਰ ਦਿਤੇ। ਸਾਧੂ, ਸੰਤ ਮਾਰ ਦਿਤੇ, ਤੂੰ ਹੁਣ ਆਉਣ ਵਾਲਾ ਹੀ ਹੈਂ, ਤੈਨੂੰ ਵੱਢ-ਵੱਢ ਖਾਵਾਂਗੇ ਅਸੀਂ। ਉਹ ਕਹਿੰਦਾ ਬੱਸ, ਬੱਸ। ਉਹ ਐਨਾ ਡਰਿਆ ਨਾ, ਉਹਨੇ ਉਸੇ ਵੇਲੇ ਕਹਾ ਦਿਤਾ ਕਿ ਗੁਰੂ ਗੋਬਿੰਦ ਸਿੰਘ ਜਿਥੇ ਜਾਂਦੇ ਨੇ, ਪੂਰਾ ਸਤਿਕਾਰ ਉਨ੍ਹਾਂ ਨੂੰ ਮਿਲੇ, ਸਾਰਾ ਖਰਚਾ ਦਿਓ, ਹੋਰ ਜੋ ਕੁਛ ਕਹਿਣ ਉਹ ਕਰੋ। ਉਨ੍ਹਾਂ ਨੂੰ ਫੌਜ ਰੱਖਣ ਉਤੇ ਕੋਈ ਪਾਬੰਦੀ ਨਹੀਂ ਕਿ ਵੱਡੀ ਰੱਖਣ ਚਾਹੇ ਛੋਟੀ ਰੱਖਣ। ਸਾਰੇ ਹਾਕਮਾਂ ਨੂੰ ਚਿੱਠੀਆਂ ਲਿਖ ਦਿਤੀਆਂ।

ਸੋ ਏਸ ਤਰ੍ਹਾਂ ਦੇ ਨਾਲ ਕਰਾਮਾਤ ਦੀ ਮੈਂ ਗੱਲ ਕਰਦਾ ਹਾਂ। ਕਰਾਮਾਤ ਗੁਰੂ ਘਰ 'ਚ ਦਿਖਾਉਣੀ ਬਿਲਕੁਲ ਮਨ੍ਹਾ ਹੈ। ਪਰਉਪਕਾਰ ਵਸ ਮਹਾਤਮਾ ਦਿਖਾ ਦਿੰਦੇ ਨੇ। ਬਾਬਾ ਬੀਰ ਸਿੰਘ ਜੀ ਦਾ ਮੈਂ ਦੱਸਿਆ ਸੀ। ਉਨ੍ਹਾਂ ਨੇ ਦਰਿਆ ਖੜ੍ਹਾ ਕਰ ਦਿਤਾ, ਨਹੀਂ ਚੱਲਣ ਦਿਤਾ। ਉਂਝ ਨਹੀਂ ਸੀ ਦਿਖਾਉਂਦੇ। ਉਂਝ ਜੇ ਸਿੰਘਾਂ ਨੇ ਸ਼ਕਤੀਆਂ ਦਿਖਾਉਣੀਆਂ ਹੁੰਦੀਆਂ ਤਾਂ ਲੜਾਈਆਂ ਦੇ ਵਿਚ ਉਨ੍ਹਾਂ ਨੂੰ ਅੰਨ੍ਹੇ ਉਂਞੇ ਅੰਨੇ ਕਰ ਦਿੰਦੇ ਜਾਂ ਦੱਸ ਦੱਸ ਰੂਪ ਧਾਰ ਲਿਆ ਕਰਦੇ।

ਇਕ ਵਾਰੀ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਹੁਣ ਤਾਂ ਆਪਾਂ 40 ਹੀ ਰਹਿ ਗਏ। ਤੁਸੀਂ ਸ਼ਕਤੀ ਦਿਖਾ ਦਿਓ। ਗੁਰੂ ਮਹਾਰਾਜ ਕਹਿੰਦੇ, ਦੇਖੋ, ਸਿੰਘੋ ਤੁਸੀਂ ਸਾਡੇ ਵਾਸਤੇ ਬਹੁਤ ਕੁਰਬਾਨੀਆਂ ਕਰੀਆਂ, ਤੁਹਾਡਾ ਬਚਨ ਵੀ ਨਹੀਂ ਟਾਲ ਸਕਦੇ ਪਰ ਅਸੀਂ ਮਨੁੱਖਾਂ ਵਾਂਗੂੰ ਕੰਮ ਕਰਨਾ ਹੈ। ਮਹਾਰਾਜ ਕਹਿਣ ਲੱਗੇ ਇਕ ਬਾਣ ਨਾਲ ਅਸੀਂ ਦਿਖਾ ਦਿੰਦੇ ਹਾਂ। ਕਿਉਂਕਿ ਇਹ ਬਾਣ ਓਹੀ ਨੇ ਜਿਹੜੇ ਪਾਂਡਵਾਂ ਵੇਲੇ, ਅਰਜਨ ਦੇ, ਭੀਮ ਦੇ ਹੱਥ ਵਿਚ ਸੀ। ਉਹ ਜਦੋਂ ਇਕ ਵਾਰ ਚਲਾਉਂਦੇ ਸੀ 10,000 ਬੰਦਾ ਮਾਰ ਦਿੰਦੇ ਸੀ। ਫੇਰ ਉਹ ਸਾਫ ਕਰ ਦਿੰਦੇ ਸੀ ਬਾਣ। ਮਹਾਰਾਜ ਨੇ ਇਕ ਬਾਣ ਚਲਾਇਆ 10,000 ਬੰਦਾ ਗਿਰ ਕੇ ਸੁਆਹ ਬਣ ਗਿਆ। ਸਿੰਘਾਂ ਵਿਚ ਹੋਰ ਉਤਸ਼ਾਹ ਹੋ ਗਿਆ ਕਿ ਮਹਾਰਾਜ ਤਾਂ ਸਾਰੀਆਂ ਸ਼ਕਤੀਆਂ ਦੇ ਮਾਲਕ ਨੇ, ਸਾਡੇ ਤੋਂ ਤਾਂ ਇਹ ਸੇਵਾ ਲੈਣੀ ਚਾਹੁੰਦੇ ਨੇ, ਸਰੀਰ ਦੇ ਕੇ।

ਇਕ ਤਾਂ ਹੈ ਨਾ ਤਪ ਕਰਦਾ ਹੈ ਬੰਦਾ, ਉਥੇ ਪਹੁੰਚਦਾ ਹੈ, ਕਿੰਨੇ ਹਜ਼ਾਰ ਸਾਲ ਤਪ ਕਰਦਾ ਹੈ। ਇਕ ਹੈ ਗੁਰੂ ਦੇ ਵਾਸਤੇ ਕੁਰਬਾਨੀ ਦੇ ਦੇਣੀ। ਉਹ ਉਸੇ ਵੇਲੇ ਉਥੇ ਪਹੁੰਚ ਜਾਂਦਾ ਹੈ, ਵੱਡੇ-ਵੱਡੇ ਜੋਗੀਆਂ ਨੂੰ ਜਿਹੜੀ ਪਦਵੀ ਪ੍ਰਾਪਤ ਨਹੀਂ ਹੁੰਦੀ, ਉਹ ਪ੍ਰਾਪਤ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਿਆਂ ਦੇ ਮਨਾਂ ਵਿਚ ਸੀ ਕਿ ਮਹਾਰਾਜ ਤਾਂ ਕੌਤਕ ਕਰ ਰਹੇ ਨੇ, ਸਾਡੇ ਭਲੇ ਵਾਸਤੇ। ਇਸ ਕਰਕੇ ਮੌਤ ਤੋਂ ਡਰਦੇ ਨਹੀਂ ਸੀਗੇ। 200 ਸਾਲ ਦੀ ਸਿੱਖੀ ਹੋ ਗਈ ਸੀ। ਨਾਲੇ ਪੱਕਾ ਵਿਸ਼ਵਾਸ਼ ਹੋ ਗਿਆ ਕਿ ਮਰਦਾ ਕੋਈ ਨਹੀਂ ਹੈ, ਕੇਵਲ ਸਰੀਰ ਬਦਲਦਾ ਹੈ। ਉਚੇ ਮੰਡਲਾਂ ਦੇ ਵਿਚ ਆਹ ਖਾਕੀ ਸਰੀਰ ਨਹੀਂ ਮਿਲਦਾ, ਹੁੰਦਾ ਇਹੋ ਜਿਹਾ ਹੀ ਹੈ। ਲੇਕਿਨ ਹੱਥ ਵਿਚ ਲਓ ਹੱਥ ਵਿਚ ਨਹੀਂ ਆਉਂਦਾ ਤੇ ਉਹ ਕੰਮ ਕਰਦਾ ਹੈ। ਇਥੇ ਦੀ ਰਹਿਣ ਸਹਿਣ ਹੋਰ ਹੈ, ਉਥੇ ਦੀ ਰਹਿਣ ਸਹਿਣ ਹੋਰ ਹੈ। ਇਥੇ ਤਾਂ ਅਸੀਂ ਮਿੱਟੀ ਨਾਲ ਮਿਲੇ ਹੋਏ ਹਾਂ।

ਸੋ ਗੁਰੂ ਮਹਾਰਾਜ ਨਹੀਂ ਚਾਹੁੰਦੇ ਸੀ ਕਿ ਸ਼ਕਤੀਆਂ ਦਿਖਾਓ। ਗੁਰੂ ਨੌਵੇਂ ਪਾਤਸ਼ਾਹ ਨੇ ਭਾਈ ਮਤੀ ਦਾਸ ਨੂੰ ਕਿੰਨਾ ਵਰਜਿਆ ਸੀ। ਇਥੇ ਤੱਕ ਵਰਜਿਆ ਕਿ ਜਿਹੜੀ ਸ਼ਕਤੀ ਉਹਨੇ ਦਿਖਾਉਣੀ ਸੀ, ਉਹ ਸ਼ਕਤੀ ਖੋਹ ਲਈ ਹੱਥ ਰੱਖ ਕੇ। ਹੋਰ ਉਨ੍ਹਾਂ ਕੋਲ ਸ਼ਕਤੀ ਕਿਹੜੀ ਰੱਖੀ, ਉਹ ਰੱਖੀ ਕਿ ਇਹਦੇ ਉਤੇ ਜਦੋਂ ਆਰਾ ਚੱਲੇ ਤੇ ਇਹਦਾ ਜਪੁਜੀ

ਸਾਹਿਬ ਦਾ ਪਾਠ ਚੱਲੀ ਜਾਵੇ। ਉਹ ਵੀ ਸ਼ਕਤੀ ਹੀ ਸੀ ਨਾ। ਨਹੀਂ ਹਾਏ ਓਏ ਬੂ ਓਏ, ਮਰ ਗਿਆ ਓਏ ਹੀ ਹੁੰਦੀ ਹੈ। ਭਾਈ ਦਿਆਲੇ ਨੂੰ ਦੇਗ 'ਚ ਉਬਲਣ ਜੋਗੀ ਸ਼ਕਤੀ ਦੇ ਦਿਤੀ, ਬਾਕੀ ਖੋਹ ਲਈ। ਸੋ ਸ਼ਕਤੀਆਂ ਤਾਂ ਆਮ ਹੀ ਸਿੱਖਾਂ 'ਚ ਹੁੰਦੀਆਂ ਸੀ।

ਸੰਤ ਮਨੀ ਸਿੰਘ ਹੋਏ ਸੀ ਦਿਆਲਪੁਰ ਵਾਲੇ, ਉਹ ਸੰਤ ਮਸਤੂਆਣੇ ਵਾਲਿਆਂ ਦੇ ਸੇਵਕ ਸੀ ਉਹ ਭਜਨ ਬੰਦਗੀ ਬਹੁਤ ਕਰਦੇ ਸੀ ਸਾਰੇ। ਜਿਥੇ ਭਜਨ ਬੰਦਗੀ ਹੋਏਗੀ, ਸ਼ਕਤੀਆਂ ਚੁੱਪ ਕਰਕੇ ਆ ਜਾਂਦੀਆਂ ਨੇ। ਦੂਸਰਾ ਸੰਤਾਂ ਨੂੰ ਪਤਾ ਹੁੰਦਾ ਹੈ ਕਿ ਜੇ ਮੈਂ ਫਲਾਣੀ ਸ਼ਕਤੀ ਹਾਸਲ ਕਰਨੀ ਹੈ, ਮੈਨੂੰ 45 ਦਿਨ ਭੌਰੇ 'ਚ ਬੈਠਣਾ ਪੈਣਾ ਹੈ। ਹੁਣ ਜਿਹੜੀ ਇਹ ਹੈ ਇਹਨੂੰ ਤਾਂ ਗੁਰੂ ਮਹਾਰਾਜ ਕਹਿੰਦੇ ਕੀ ਖੱਟਿਆ? ਪ੍ਰਮੇਸ਼ਰ ਦਾ ਨਾਮ ਛੱਡਿਆ।

ਇਕ ਵਾਰੀ ਮੈਂ ਬਚਪਨ 'ਚ ਸੀ, ਸਿੰਘ ਬਾਣੇ ਵਿਚ ਸੀਗਾ ਮੈਂ। ਮੈਂ ਗਿਆ ਨੌਕਰੀ ਕਰਨ, ਨੌਕਰੀ ਪੁਲਿਸ ਦੀ ਮਿਲੇ। ਨਵਾਬਸ਼ਾਹ ਦੀ ਗੱਲ ਹੈ। ਮੈਂ ਕਿਹਾ ਪੁਲਿਸ ਵਿਚ ਤਾਂ ਮੈਂ ਹੋਣਾ ਨਹੀਂ, ਜਨਮ ਮੇਰਾ ਬਰਬਾਦ ਹੋ ਜਾਏਗਾ। ਉਸ ਵੇਲੇ ਇਕ ਰੁਪਈਏ ਦਾ ਛੇ ਮਣ ਆਟਾ ਆਉਂਦਾ ਹੁੰਦਾ। ਅੱਜ ਦਾ ਕਿੰਨੇ ਹਜ਼ਾਰ ਰੁਪਿਆ ਬਣ ਜਾਂਦਾ ਹੈ। ਮੈਂ ਕਿਹਾ ਕਿ ਮੈਂ ਨਹੀਂ ਨੌਕਰੀ ਕਰਨੀ। ਭਜਨ ਹੀ ਕਰਦਾ ਰਹਿੰਦਾ ਸੀ। ਮੇਰੇ ਮਨ 'ਚ ਆਇਆ ਕਿ ਅਸੀਂ ਤਾਂ ਬਾਣੀ ਨੂੰ ਮੰਨਦੇ ਹੀ ਨਹੀਂ ਹਾਂ। ਵਿਚਾਰ ਇਹ ਆਇਆ ਕਿ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥* *ਅੰਗ - 10*

ਆਹੀ ਅਰਥ ਸਮਝਦੇ ਹਾਂ ਅਸੀਂ ਕਿ ਜਦੋਂ ਵਾਹਿਗੁਰੂ ਨੇ ਰੋਟੀ ਦੇਣੀ ਹੈ, ਕਿਉਂ ਚਿਤਵਦੇ ਹੋ ਉਦਮ।

*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥* *ਅੰਗ - 10*

ਪੱਥਰ ਦੇ ਕੀੜੇ ਨੂੰ ਕੋਈ ਰਾਹ ਨਹੀਂ ਹੁੰਦਾ। ਲੇਕਿਨ ਉਹਦੇ ਕੋਲ ਰਿਜ਼ਕ ਪਹੁੰਚ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮੇਰੇ ਮਨ 'ਚ ਖਿਆਲ ਆਇਆ ਕਿ ਮੈਂ ਹੋਟਲ ਤੇ ਰੋਟੀ ਖਾਂਦਾ ਹਾਂ। ਪੈਸੇ ਸੀ ਮੇਰੇ ਕੋਲ, ਕੋਈ ਮੰਗਤਾ ਆ ਗਿਆ, ਮੈਂ ਉਹਨੂੰ ਹੀ ਫੜਾ ਦਿਤੇ। ਜਦ ਇਕ ਰੁਪਈਏ 'ਚ ਇਕ ਮਹੀਨੇ ਰੋਟੀ ਖਾ ਹੋ ਜਾਂਦੀ ਸੀ। ਖਾਲੀ ਹੋ ਗਿਆ ਬਿਲਕੁਲ। ਮੈਂ ਦਰਵਾਜ਼ਾ ਬੰਦ ਕਰਕੇ ਬਹਿ ਗਿਆ। ਉਥੇ ਇਕ ਮੋਘਾ ਸੀ। ਮੈਂ ਕਿਹਾ ਇਥੋਂ ਦੀ ਥਾਲ ਆ ਜਾਇਆ ਕਰਨਗੇ, ਇਥੋਂ ਦੀ ਚਲੇ ਜਾਇਆ ਕਰਨਗੇ। ਐਂ ਨਹੀਂ ਕਿ ਕੋਈ ਸ਼ੰਕਾ ਸੀ ਮੇਰੇ ਮਨ ਵਿਚ ਸੱਚੀਓਂ ਵਿਸ਼ਵਾਸ਼। ਕੀਰਤਨ ਮੈਂ ਕਰਦਾ ਸੀ ਉਸ ਵੇਲੇ, ਲੋਕ ਸੁਣਦੇ ਸੀ, ਅਸਰ ਹੁੰਦਾ ਸੀ।

ਉਥੇ ਆਟਾ ਸੀ ਥੋੜ੍ਹਾ ਜਿਹਾ ਮੇਰੇ ਮਨ ਵਿਚ ਫੁਰਨਾ ਆਇਆ ਕਿ ਤੂੰ ਆਟੇ ਦੇ ਦੋ ਪ੍ਰਸ਼ਾਦੇ ਲਾਹ ਲੈ। ਅਗਲੇ ਦਿਨ ਇਕ ਮੰਗਤਾ ਆ ਗਿਆ, ਮੈਂ ਕਿਹਾ ਕਿ ਇਹ ਫੁਰਨਾ ਹੀ ਖਤਮ ਕਰੋ, ਆਟਾ ਇਹਨੂੰ ਹੀ ਦੇ ਦਿਓ ਸਾਰਾ। ਹੋਰ ਕਿਸੇ ਨੂੰ ਪਤਾ ਨਾ ਕਿ ਇਹ ਭੁੱਖਾ ਹੀ ਬੈਠਾ ਹੈ। ਸਾਮ੍ਹਣੇ ਸੜਕ ਪਾਰ ਕਰਕੇ ਇਕ ਟਰਾਂਸਪੋਰਟਰ ਸੀਗੇ, ਉਹ ਬੀਬੀ ਦੌੜੀ-ਦੌੜੀ ਆਈ, ਪਲੇਟ ਦੇ ਵਿਚ ਸਾਗ ਪਾਇਆ ਹੋਇਆ। ਹੇਠਾਂ ਬਾਜਰੇ ਦੀ ਰੋਟੀ, ਜ਼ੋਰ ਦੀ ਮਾਰਿਆ ਦਰਵਾਜ਼ੇ ਤੇ ਹੱਥ। ਮੈਂ ਉਹਨੂੰ ਦਰਵਾਜ਼ਾ ਖੋਲ੍ਹ ਦਿਤਾ। ਮੇਰੇ ਹੱਥ ਤੇ ਰੱਖ ਕੇ ਉਹ ਨੱਠ ਗਈ। ਮੈਂ ਕਿਹਾ ਕਿ ਪ੍ਰਸ਼ਾਦਾ ਦੇ ਗਈ, ਚਲੋ ਛਕ ਲੈਂਦੇ ਹਾਂ। ਉਸ ਤੋਂ ਬਾਅਦ ਉਹ ਆਈ, ਪਲੇਟ ਲੈਣ। ਮੇਰਾ ਨਾਉਂ ਲੈ ਕੇ ਕਹਿਣ ਲੱਗੀ, ਵਰਿਆਮ ਸਿੰਘ! ਬੜੀ ਅਜੀਬ ਗੱਲ ਹੋਈ, ਮੈਂ ਸਾਗ ਬਣਾ ਕੇ ਰੋਟੀ ਪਾਈ ਤਵੇ ਤੇ, ਕੋਈ ਮੇਰੇ ਕਪੜੇ ਖਿੱਚੇ, ਐਸ ਤਰ੍ਹਾਂ ਤੇ ਕਹੇ ਕਿ ਜਾਹ, ਉਹਨੂੰ ਪ੍ਰਸ਼ਾਦਾ ਦੇ ਕੇ ਆ। ਮੇਰੀ ਤਵੇ ਤੇ ਦੂਜੀ ਰੋਟੀ ਪਾਈ ਹੋਈ ਸੀ, ਮੈਂ ਤਾਂ ਨੱਠ ਕੇ ਆਈ, ਮੈਨੂੰ ਟਿਕਣ ਨਾ ਦੇਵੇ। ਮੈਂ ਕਿਹਾ ਲੈ ਬਈ, ਇਹ ਗੱਲ ਹੈ ਨਾ ਜਿਹੜੀ ਇਹਨੂੰ ਕੋਈ ਹੋਰ ਜਾਣਦਾ ਨਹੀਂ ਹੈ। ਇਹ ਗੱਲ ਨੂੰ ਸਮਝਣਾ ਬੜਾ ਔਖਾ ਹੈ।

ਅਗਲੇ ਦਿਨ, ਉਥੇ ਇਕ ਠੇਕੇਦਾਰ ਸੀ ਮੋਹਨ ਸਿੰਘ, ਸਿਆਲਕੋਟ ਦਾ। ਉਹ ਆਪਣੀ ਘਰਵਾਲੀ ਨੂੰ ਕਹਿੰਦਾ ਕਿ ਅੱਜ ਜੇ ਤੂੰ ਉਹਦੀ ਰੋਟੀ ਦੇ ਕੇ ਨਾ ਨਾ ਆਈ ਤਾਂ ਮੇਰੀ ਰੋਟੀ ਇਥੇ ਕਾਰਖਾਨੇ ਨਾ ਭੇਜੀ। ਉਹ ਪ੍ਰਸ਼ਾਦਾ ਲੈ ਕੇ ਆ ਗਈ। ਕਈ ਚੀਜ਼ਾਂ ਬਣਾਈਆਂ ਹੋਈਆਂ ਸੀ ਉਹਨੇ। ਮੈਨੂੰ ਕਹਿੰਦੀ ਭਾਅ ਜੀ! ਆਹ ਨਾ ਪ੍ਰਸ਼ਾਦਾ ਛਕ ਲਓ। ਕਹਿੰਦੀ ਅੱਜ ਠੇਕੇਦਾਰ ਸਾਹਿਬ ਮੈਨੂੰ ਐਉਂ ਕਹਿ ਕੇ ਗਏ ਨੇ। ਕਹਿੰਦੀ, ਕੱਲ੍ਹ ਵੀ ਕਿਹਾ ਸੀ, ਪਰਸੋਂ ਵੀ ਕਿਹਾ ਸੀ, ਮੇਰੇ ਤੋਂ ਘੋਲ ਹੋ ਗਈ। ਅੱਜ ਮੈਨੂੰ ਕਹਿ ਗਏ ਕਿ ਮੇਰਾ ਪ੍ਰਸ਼ਾਦਾ ਨਾ ਲਿਆਈਂ। ਮੈਂ ਛਕ ਲਿਆ।

ਉਸ ਤੋਂ ਅਗਲੇ ਦਿਨ ਉਥੇ ਇਕ ਹੋਰ ਬੰਦਾ ਸੀ ਵਰਿਆਮ ਸਿੰਘ ਨਾਮ ਦਾ ਬੰਦਾ ਉਹ ਲੈ ਆਇਆ। ਕਿੰਨੇ ਦਿਨ ਲੰਘ ਗਏ। ਪਹਿਲੇ ਦਿਨ ਆਇਆ ਨਹੀਂ। ਦੂਜੇ ਦਿਨ ਆਇਆ, ਤੀਜੇ ਦਿਨ, ਚੌਥੇ ਦਿਨ, ਪੰਜਵੇਂ ਦਿਨ। ਛੇਵੇਂ ਦਿਨ ਇਕ ਆ ਗਿਆ, ਕਹਿਣ ਲੱਗਾ ਕਿ ਮੇਰੇ ਘਰ ਤੁਸੀਂ ਪ੍ਰਸ਼ਾਦਾ ਛਕੋ। ਮੈਂ ਕਿਹਾ ਨਹੀਂ ਘਰ ਨਹੀਂ ਮੈਂ ਜਾਣਾ। ਉਹ ਉਥੇ ਪ੍ਰਸ਼ਾਦਾ ਲੈ ਆਇਆ। ਛੇ ਦਿਨ ਲੰਘ ਗਏ।

ਮੈਂ ਰੱਬ ਨੂੰ ਕਿਹਾ ਕਿ ਤੂੰ ਇਨ੍ਹਾਂ ਬੰਦਿਆਂ ਨੂੰ ਭੇਜਦਾ ਹੈਂ, ਮੈਂ ਤਾਂ ਕਿਹਾ ਸੀ ਕਿ ਇਥੋਂ ਦੀ ਪ੍ਰਸ਼ਾਦਾ ਦੇ ਦਿਆ ਕਰੀਂ, ਨਾ ਕੋਈ ਰੌਲਾ ਪਵੇ। ਮੈਂ ਹੱਥਾਂ ਤੇ ਪ੍ਰਸ਼ਾਦੇ ਛਕ ਲਵਾਂਗਾ, ਜੇ ਨਾਲ ਕੁਛ ਹੋਏਗਾ ਉਹ ਵੀ ਇਥੇ ਹੀ

ਹੋਏਗਾ। ਨਾ ਭਾਂਡੇ ਰੱਖੀਏ, ਨਾ ਮਾਂਜੀਏ। ਬੁੱਕ ਤੇ ਮੈਂ ਪਾਣੀ ਲੈ ਲੈਣਾ। ਮੈਂ ਕਿਹਾ ਮੈਂ ਕੱਲ੍ਹ ਨੂੰ ਨਹੀਂ ਖਾਣਾ। ਪ੍ਰਸ਼ਾਦੇ ਦੇ ਸਮੇਂ ਤੇ ਇਕ ਬੀਬੀ ਆਈ, ਰਾਵਲਪਿੰਡੀ ਦੀ ਸੀ ਉਹ। ਲਾਜ ਕੌਰ ਸੀ ਉਹਦਾ ਨਾਉਂ, ਉਹਦਾ ਪਤੀ ਚੜ੍ਹਾਈ ਕਰ ਗਿਆ ਸੀ। ਉਹ ਆ ਕੇ ਬਹਿ ਗਈ, ਉਦਾਸ ਜਿਹੀ ਹੋਈ ਹੋਈ। ਮੈਂ ਦਰਵਾਜ਼ਾ ਖੋਲ੍ਹ ਦਿਤਾ। ਅਸੀਂ ਉਹਨੂੰ ਬੀਜੀ ਕਹਿੰਦੇ ਸੀ। ਮੈਂ ਕਿਹਾ ਬੀਜੀ ਕੀ ਗੱਲ? ਸਿਆਣੀ ਬੜੀ ਸੀ। 38 ਮੁਰੱਬੇ ਸੀ ਉਹਦੇ, ਇਕ ਬਜ਼ਾਰ ਪੂਰਾ ਓਹਦਾ ਆਪਣਾ ਸੀ। ਕਈ ਏਕੜ ਦੀ ਆਪ ਦੀ ਕੋਠੀ ਸੀ। ਬਹੁਤ ਅਮੀਰ ਸੀ। ਕਹਿੰਦੀ ਇਕ ਤੇਰੇ ਨਾਲ ਗੱਲ ਕਰਨੀ ਹੈ। ਕਹਿਣ ਲੱਗੀ, ਕਿ ਪਹਿਲਾਂ ਕਹਿ ਕਿ ਮੈਂ ਜਵਾਬ ਨਹੀਂ ਦੇਵਾਂਗਾ, ਜੋ ਕੁਛ ਮੈਂ ਕਹਾਂਗੀ। ਮੈਂ ਕਿਹਾ ਕਿ ਬੀਬੀ, ਇਹ ਤਾਂ ਧਰਮ ਸ਼ਾਸਤਰ ਸਾਰੇ ਹੀ ਕਹਿੰਦੇ ਨੇ, ਬਚਨ ਉਦੋਂ ਦਿਓ ਜਦੋਂ ਤੁਹਾਨੂੰ ਗੱਲ ਪਤਾ ਲਗ ਜਾਏ। ਨਹੀਂ ਤਾਂ ਬਚਨ ਵਿਚ ਫਸ ਜਾਈਦੈ। ਕਹਿਣ ਲੱਗੀ, ਤੂੰ ਮੇਰੇ ਨੌਕਰੀ ਕਰ ਲੈ। ਮੈਂ ਕਿਹਾ, ਤੁਸੀਂ ਗੱਲ ਕਰੋ ਸਾਫ-ਸਾਫ। ਕਹਿੰਦੀ ਮੇਰੀ ਕੋਠੀ ਲੈ ਲੈ। ਉਨ੍ਹਾਂ ਦਿਨਾਂ ਵਿਚ ਕਾਰ ਸੀ ਉਹਦੇ ਕੋਲ 1937 'ਚ। ਉਦੋਂ ਕਾਰਾਂ ਨੂੰ ਕੋਈ ਜਾਣਦਾ ਹੀ ਨਹੀਂ ਸੀ। ਮੈਂ ਬੈਠ ਗਿਆ, ਕੋਠੀ 'ਚ ਲੈ ਗਈ। ਬੜਾ ਪ੍ਰਬੰਧ ਸੀ। ਉਥੇ ਮੈਨੂੰ ਸਾਰੀ ਕੋਠੀ ਦਿਖਾਈ। 20-22 ਕਮਰੇ ਉਹਦੇ। ਮੈਂ ਦੇਖ ਕੇ ਕਿਹਾ ਕਿ ਆਹ ਕਮਰਾ ਵਧੀਆ ਹੈ। ਬਾਗ ਸੀਗਾ ਉਥੇ ਲੱਗਿਆ ਹੋਇਆ ਬਹੁਤ ਸੋਹਣਾ, ਓਧਰ ਨੂੰ ਉਹਦਾ ਦਰਵਾਜ਼ਾ ਸੀ, ਖਿੜਕੀਆਂ ਲੱਗੀਆਂ ਹੋਣ ਕਰਕੇ, ਅੰਦਰ ਬੈਠੇ ਨੂੰ ਹੀ ਸਾਰਾ ਦਿਸੀ ਜਾਂਦਾ ਸੀ। ਉਹ ਕਹਿੰਦੀ ਕਿ ਤੈਨੂੰ ਕਿਹੜਾ ਕਮਰਾ ਸਭ ਤੋਂ ਚੰਗਾ ਲੱਗਿਆ? ਮੈਂ ਕਿਹਾ, ਮੈਂ ਬਾਹਰ ਵਾਲਾ ਵਧੀਆ ਹੈ। ਕਹਿੰਦੀ ਬਾਹਰ ਵਾਲਾ ਤਾਂ ਕਮਰਾ ਲੈ ਲੈ ਤੇ ਪ੍ਰਸ਼ਾਦਾ ਇਥੇ ਛਕਣਾ ਹੈ ਰੋਜ਼। ਇਥੇ ਹੀ ਰਹਿਣਾ ਹੈ ਤੂੰ। ਮੈਂ ਕਿਹਾ ਬੀਬੀ, ਮੈਨੂੰ ਦੋਵੇਂ ਗੱਲਾਂ ਨਹੀਂ ਤੇਰੀਆਂ ਮਨਜ਼ੂਰ। ਤਾਂ ਹੀ ਮੈਂ ਕਹਿੰਦਾ ਸੀ, ਮੈਨੂੰ ਪਹਿਲਾਂ ਦੱਸ। ਮੈਂ ਆਪਣੇ ਘਰ ਫੇਰ ਆ ਗਿਆ। ਉਹ ਘਰ ਤਿੰਨ ਚਾਰ ਜਣਿਆ ਨੇ ਕਿਰਾਏ ਤੇ ਲਿਆ ਹੋਇਆ ਸੀ। ਉਹ ਮੇਰੇ ਮਗਰ ਪ੍ਰਸ਼ਾਦਾ ਲੈ ਕੇ ਫੇਰ ਆ ਗਈ। ਉਹਨੇ ਥਾਲੀ 'ਚ ਪ੍ਰਸ਼ਾਦਾ ਰੱਖਿਆ ਹੋਇਆ। ਥਾਲੀ 'ਚ ਅੱਠ ਨੌਂ ਕੌਲੀਆਂ। ਵੱਡਾ ਸਟੀਲ ਦਾ ਥਾਲ, ਉਨ੍ਹਾਂ ਦਿਨਾਂ 'ਚ ਉਹਦੇ ਕੋਲ ਸੀਗਾ। ਉਹ ਆ ਕੇ ਬਹਿ ਗਈ। ਮੈਂ ਪ੍ਰਸ਼ਾਦਾ ਨਾ ਛਕਾਂ। ਕਿਉਂਕਿ ਮੈਂ ਵਾਹਿਗੁਰੂ ਨੂੰ ਕਿਹਾ ਸੀ ਕਿ ਮੈਂ ਕੱਲ੍ਹ ਨੂੰ ਨਹੀਂ ਛਕਣਾ। ਜੇ ਤੂੰ ਐਸ ਤਰ੍ਹਾਂ ਹੀ ਭੇਜਿਆ ਕਿ ਜੀ ਫਲਾਣਾ ਆ ਗਿਆ, ਫਲਾਣਾ ਆ ਗਿਆ। ਉਹ ਬੈਠੀ ਰਹੀ। ਛਕ ਲਓ। ਉਹ ਕਹਿੰਦੀ ਇਕ ਮੈਂ ਗੱਲ ਦਸਦੀ ਹਾਂ ਕਿ ਸਾਡੇ ਘਰ ਵਿਚ ਛੇ ਦਿਨ ਹੋ ਗਏ ਗੱਲ ਚਲਦੀ ਹੈ ਕਿ ਵਰਿਆਮ ਸਿੰਘ ਨੂੰ ਐਥੇ ਰੱਖੋ, ਇਥੇ ਉਹ ਪ੍ਰਸ਼ਾਦਾ ਛਕੇ, ਉਹਨੇ ਨੌਕਰੀ ਨਹੀਂ ਕਰੀ। ਉਹ ਕਹਿੰਦੀ ਕਿ ਅੱਜ ਸਾਡੇ ਪਰਿਵਾਰ ਨੇ ਫੈਸਲਾ ਕਰ ਲਿਆ, ਜੇ ਉਹਨੇ ਨਾ ਛਕਿਆ ਤਾਂ ਅਸੀਂ ਵੀ ਨਹੀਂ ਛਕਣਾ। ਕਹਿੰਦੀ ਦੋ ਵੱਜ ਗਏ, ਛੋਟੇ-ਛੋਟੇ ਨਿਆਣੇ ਪ੍ਰਸ਼ਾਦਾ ਮੰਗ ਰਹੇ ਨੇ। ਹੁਣ ਮੇਰਾ ਮਨ ਕੀ ਕਰਦਾ। ਮੇਰੇ ਅੰਦਰੋਂ ਆਵਾਜ਼ ਆਈ ਕਿ ਮੈਂ ਐਡੇ ਵੱਡੇ ਸ਼ਹਿਰ ਦੀ ਸਭ ਤੋਂ ਅਮੀਰ ਜਿਹੜੀ ਹੈ ਨਾ ਬੀਬੀ ਉਹਨੂੰ ਤੇਰੇ ਕੋਲ ਲਈਂ ਫਿਰਦਾ ਹਾਂ। ਤੂੰ ਮੰਨਦਾ ਨਹੀਂ। ਮੈਂ ਭੇਜ ਤਾਂ ਦੇਵਾਂਗਾ ਤੈਨੂੰ ਪ੍ਰਸ਼ਾਦੇ ਪਰ ਮੈਂ ਪ੍ਰੀਖਿਆ ਲਵਾਂਗਾ ਪਹਿਲਾਂ। ਜੇ ਨਾ ਪਾਸ ਹੋਇਆ ਫੇਰ? ਮੈਂ ਦਿਆਲਤਾ ਕਰ ਰਿਹਾ ਹਾਂ ਤੇਰੇ ਨਾਲ, ਪਰ ਤੂੰ ਮੇਰੇ ਨਾਲ ਅੜ ਰਿਹਾ ਹੈਂ। ਉਹ ਬੀਬੀ ਕਹਿਣ ਲੱਗੀ, ਇਹਦੇ ਨਾਲ ਹੀ ਸਮਝੌਤਾ ਕਰ ਲਈਏ, ਰੱਬ ਵਾਲਾ ਤਾਂ ਔਖਾ ਹੈ। ਮੈਂ ਕਿਹਾ ਬੀਬੀ! ਗੱਲ ਐਸ ਤਰ੍ਹਾਂ ਹੈ ਕਿ ਮੇਰੀਆਂ ਸ਼ਰਤਾਂ ਨੇ। ਕਹਿੰਦੀ ਦੱਸੋ? ਮੈਂ ਕਿਹਾ ਪਹਿਲੀ ਸ਼ਰਤ ਹੈ ਕਿ ਤੂੰ ਦੱਸਣਾ ਨਹੀਂ ਕਿ ਮੈਂ ਪ੍ਰਸ਼ਾਦਾ ਲੈ ਕੇ ਜਾਨੀ ਹਾਂ। ਦੂਜੀ, ਇਕ ਪ੍ਰਸ਼ਾਦਾ ਲਿਆਉਣਾ ਹੈ ਸਿਰਫ, ਅੱਠਾਂ ਪਹਿਰਾਂ ਬਾਅਦ। ਉਹਦੇ ਨਾਲ ਚਾਹੇ ਦਾਲ ਲੈ ਆਈਂ, ਚਾਹੇ ਲੈ ਆਈਂ ਸਬਜ਼ੀ। ਆਹ ਨੌਂ ਕੌਲੀਆਂ ਨਾ ਲਿਆਈਂ। ਤੀਸਰੀ ਗੱਲ ਇਹ ਹੈ ਕਿ ਬਾਹਰ ਰੌਲਾ ਨਾ ਪਾਈਂ ਕਿ ਮੈਂ ਭਜਨ ਕਰਦਾ ਹਾਂ। ਕਹਿੰਦੀ ਇਹ ਵੀ ਮਨਜ਼ੂਰ ਹੈ। ਦੋ ਢਾਈ ਮਹੀਨੇ ਹੋ ਗਏ ਉਹਦਾ ਪਰਿਵਾਰ, ਕਦੇ ਉਹ, ਕਦੇ ਉਹਦੇ ਭਰਾ ਪ੍ਰਸ਼ਾਦਾ ਲਿਆਉਂਦੇ ਰਹੇ। ਮੈਂ ਇਕ ਟਾਈਮ ਛਕਦਾ ਸੀ, ਛਕ ਲੈਣਾ, ਬਾਕੀ ਭਜਨ 'ਚ ਬੈਠੇ ਰਹਿਣਾ। ਉਸ ਤੋਂ ਬਾਅਦ ਇਕ ਦਿਨ ਆ ਕੇ ਕਿਸੇ ਨੇ ਮੇਰਾ ਦਰਵਾਜ਼ਾ ਖੜਕਾਇਆ। ਕਹਿਣ ਲੱਗੇ, ਜੀ ਦੇਖੋ ਸਾਨੂੰ ਤਾਂ ਪਤਾ ਲੱਗਿਆ ਹੈ ਕਿ ਤੁਸੀਂ ਭਜਨ ਕਰਦੇ ਓਂ। ਇਕੋ ਰੋਟੀ ਖਾਂਦੇ ਹੋ। ਮੈਂ ਕਿਹਾ ਕਿਹਨੇ ਦੱਸਿਆ ਹੈ ਤੁਹਾਨੂੰ? ਕਹਿੰਦੇ ਬੀਬੀ ਰਾਜ ਕੌਰ ਦੇ ਘਰ ਗੱਲ ਕਰਦੇ ਸੀ। ਮੈਂ ਕਿਹਾ ਕਿ ਸ਼ਰਤ ਤੋੜ ਦਿਤੀ ਦੇਖਿਆ। ਰਾਤ ਪਈ, ਰਾਤ ਨੂੰ ਮੈਂ ਉਠਿਆ ਇਕ ਵਜੇ ਇਸ਼ਨਾਨ ਕਰਿਆ, ਹੋਰ ਤਾਂ ਮੇਰੇ ਕੋਲ ਹੈ ਹੀ ਨਹੀਂ ਸੀ ਕੁਛ ਵੀ। ਮੈਂ ਚਾਬੀ ਫਸਾ ਦਿਤੀ ਤਾਲੇ ਦੇ ਵਿਚ। ਮੈਂ ਕਿਹਾ ਆਪੇ ਖੋਲ੍ਹ ਲੈਣਗੇ। ਮੈਂ ਤੁਰ ਗਿਆ, ਰੇਲਵੇ ਸਟੇਸ਼ਨ ਤੇ ਆ ਗਿਆ। ਉਥੇ ਆਇਆ, ਉਥੇ ਕੋਈ ਬੰਦਾ ਮਿਲ ਗਿਆ, ਮੈਨੂੰ ਕਹਿਣ ਲੱਗਿਆ ਕਿ ਤੁਸੀਂ ਐਸ ਵੇਲੇ ਕਿਥੇ ਜਾ ਰਹੇ ਓਂ। ਮੈਂ ਕਿਹਾ ਮੈਨੂੰ ਤਾਂ ਆਪ ਨਹੀਂ ਪਤਾ। ਕਹਿੰਦਾ ਕਿਉਂ? ਮੈਂ ਕਿਹਾ ਜਿਹੜੀ ਗੱਡੀ ਪਹਿਲਾਂ ਆ ਜਾਣੀ ਹੈ, ਉਹਦੇ 'ਚ ਚੜ੍ਹ ਜਾਣਾ ਹੈ। ਗੱਡੀ ਆ ਗਈ, ਮੈਂ ਉਹਦੇ ਵਿਚ ਚੜ੍ਹ ਗਿਆ। ਹੌਲੀ ਹੌਲੀ ਚਲਦੀਆਂ ਸੀ ਗੱਡੀਆਂ ਜਦ। 50 ਮੀਲ ਤੇ ਆ ਕੇ ਰੁਕ ਗਈ। ਸਟੇਸ਼ਨ ਤੇ ਆ ਕੇ ਖੜ੍ਹ ਗਈਆਂ ਤਾਂ ਖੜ੍ਹੀਆਂ ਹੀ ਰਹਿੰਦੀਆਂ ਸੀ। ਇਕ ਸਟੇਸ਼ਨ ਆ ਗਿਆ, ਉਹਦਾ ਨਾਉਂ ਸੀ ਦੌਲਤਪੁਰ। ਉਥੇ

ਜਿਹੜੇ ਟਿਕਟ ਚੈਕ ਕਰਦੇ ਨੇ, ਪੰਦਰਾਂ ਬੰਦੇ ਉਹਦੇ ਆਲੇ ਦੁਆਲੇ, ਕਹਿੰਦਾ ਆਹ ਡੱਬੇ 'ਚ ਬਹਿ ਜਾਓ, ਜਦ ਤੁਹਾਨੂੰ ਪੰਦਰਾਂ-ਪੰਦਰਾਂ ਦਿਨ ਦੀ ਕੈਦ ਬੋਲੀ। ਮੈਂ ਅੱਖਾਂ ਮੀਚੀਂ ਬੈਠਾ ਸੀ, ਮੈਂ ਕਿਹਾ ਵਾਹ ਬਈ ਸੱਚੇ ਪਾਤਸ਼ਾਹ! ਪੰਦਰਾਂ ਦਿਨ ਦਾ ਇੰਤਜ਼ਾਮ ਤੂੰ ਕਰ ਦਿਤਾ, ਇਕ ਦਮ ਹੀ। ਜੇਲ੍ਹ ਮੈਨੂੰ ਕੀ ਕਹਿੰਦੀ ਸੀ, ਪੰਦਰਾਂ ਦਿਨ ਦਾ ਰੋਟੀ ਦਾ ਬੰਦੋਬਸਤ ਹੋ ਹੀ ਗਿਆ। ਮੈਂ ਐਉਂ ਸੋਚ ਲਿਆ। ਐਨੇ ਨੂੰ ਮੇਰੇ ਕੋਲ ਆ ਕੇ ਬਹਿ ਗਿਆ। ਸਿੰਧੀ ਸੀਗਾ। ਮੈਨੂੰ ਕੁਛ ਨਹੀਂ ਕਿਹਾ, ਐਉਂ ਦੇਖੀ ਗਿਆ, ਕਹਿੰਦਾ ਕਿਥੇ ਜਾਣਾ ਹੈ ਤੁਸੀਂ। ਮੈਂ ਕਿਹਾ ਮੈਨੂੰ ਤਾਂ ਪਤਾ ਨਹੀਂ ਮੈਂ ਕਿਥੇ ਜਾਣਾ ਹੈ। ਕਿਹੜਾ ਸਟੇਸ਼ਨ ਆ ਗਿਆ? ਕਹਿੰਦਾ, ਫਲਾਣਾ ਆ ਗਿਆ। ਮੈਂ ਕਿਹਾ ਮੈਂ ਇਥੇ ਹੀ ਉਤਰ ਜਾਣਾ ਹੈ। ਹੁਣ ਇਸ ਗੱਲ ਦੇ ਵਿਚ ਅੰਦਰੋਂ ਕੀ ਸੀ? ਅੰਦਰੋਂ ਇਹ ਸੀ ਕਿ-

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥* *ਅੰਗ - 10*

ਉਦੋਂ ਵਿਸ਼ਵਾਸ਼ ਨਹੀਂ ਸੀ ਡੋਲ੍ਹਦਾ, ਮੈਂ ਕਿਹਾ ਜਿਥੇ ਮੈਂ ਉਤਰ ਗਿਆ, ਉਥੇ ਪ੍ਰਸ਼ਾਦਾ ਆ ਜਾਣਾ ਹੈ। ਹੁਣ ਮੈਂ ਉਥੇ ਉਤਰ ਗਿਆ, ਬਾਬੂ ਨਾਲ ਉਹਨੇ ਕੋਈ ਇਸ਼ਾਰਾ ਕਰਿਆ, ਉਸ ਬਾਬੂ ਨੇ ਮੇਰੇ ਤੋਂ ਟਿਕਟ ਪੁਛਿਆ ਹੀ ਨਹੀਂ। ਬਾਹਰ ਨਿਕਲਿਆ ਤਾਂ ਕਹਿਣ ਲੱਗਿਆ ਕਿ ਮੈਨੂੰ ਮਿਲ ਕੇ ਜਾਇਓ। ਮੈਂ ਬਾਹਰ ਖੜ੍ਹਾ ਰਿਹਾ। ਉਹਨੇ ਹਿਸਾਬ ਕਿਤਾਬ ਕਰਿਆ, ਟਿਕਟ ਵਗੈਰਾ ਆਪਣੇ ਸਹੀ ਕਰੇ। ਵਿਹਲਾ ਹੋ ਕੇ ਗਿਆ, ਮੈਂ ਕਿਹਾ ਦੱਸੋ? ਕਹਿੰਦਾ ਘਰ ਨੂੰ ਚੱਲੋ। ਮੈਂ ਕਿਹਾ, ਕੀ ਗੱਲ? ਕਹਿੰਦਾ ਮੈਂ ਤੁਹਾਨੂੰ ਪ੍ਰਸ਼ਾਦਾ ਛਕਾਉਣਾ ਹੈ। ਨਾ ਕੋਈ ਜਾਣ, ਨਾ ਪਛਾਣ ਨਾ ਮੇਰੇ ਕੋਈ ਵਰਦੀ ਪਾਈ ਹੋਈ ਸੰਤਾਂ ਵਾਲੀ। ਸਿੱਧਾ ਹੀ ਕੁੜਤਾ ਪਾਇਆ ਹੋਇਆ, ਪਜਾਮਾ ਵੀ ਨਾ ਪਾਇਆ ਹੋਇਆ। ਮੈਂ ਚਲਿਆ ਗਿਆ, ਦੁਪਹਿਰਾ ਹੋਇਆ ਹੋਇਆ ਸੀ। ਪ੍ਰਸ਼ਾਦਾ ਲਿਆਂਦਾ, ਜਿੰਨਾ ਮੈਂ ਲੈਣਾ ਸੀ ਰੱਖ ਲਿਆ, ਬਾਕੀ ਮੋੜ ਦਿਤਾ। ਬਚਨ ਹੁੰਦੇ ਰਹੇ, ਉਹ ਬੜਾ ਪ੍ਰਭਾਵਿਤ ਹੋ ਗਿਆ ਸਟੇਸ਼ਨ ਮਾਸਟਰ। 18, ਸਾਢੇ 18 ਸਾਲ ਦੀ ਉਮਰ ਸੀ ਉਸਦੀ। ਮੈਨੂੰ ਕਹਿੰਦਾ ਜੀ, ਤੁਸੀਂ ਜਾਇਓ ਨਾ ਕਿਤੇ, ਇਥੇ ਹੀ ਰਹਿਓ। ਮੈਂ ਕਿਹਾ ਮੈਨੂੰ ਤਾਂ ਕੁਛ ਪਤਾ ਨਹੀਂ, ਰਹਿਣਾ ਹੈ ਜਾਂ ਨਹੀਂ। ਮੇਰੇ ਤੋਂ ਰਹਿ ਨਹੀਂ ਹੁੰਦਾ ਇਕ ਥਾਉਂ। ਮੈਂ ਰਾਤ ਨੂੰ ਰਹਿ ਗਿਆ, ਉਹਨੂੰ ਪਾਠ ਸੁਣਾਇਆ ਰਹਿਰਾਸ ਸਾਹਿਬ ਦਾ। ਅਰਥ ਮੈਨੂੰ ਕੁਦਰਤੀ ਹੀ ਆਉਂਦੇ ਸੀ। ਅਰਥ ਸੁਣਾਏ। ਉਹ ਸਿੰਧੀ ਹੋਰ ਪ੍ਰਭਾਵਤ ਹੋ ਗਿਆ। ਪ੍ਰਸ਼ਾਦਾ ਲਿਆਏ ਮੈਂ ਕਿਹਾ ਮੈਂ ਨਹੀਂ ਏਸ ਵੇਲੇ ਛਕਦਾ। ਸਵੇਰੇ ਮੈਂ ਉਠਿਆ, ਬਾਹਰ ਨੂੰ ਗਿਆ, ਇਸ਼ਨਾਨ ਵਾਸਤੇ, ਸੂਏ ਚਲਦੇ ਹੁੰਦੇ ਜਦ ਪਾਣੀ ਦੇ। ਉਥੇ ਮੈਨੂੰ ਨਜ਼ਰ ਆ ਗਿਆ, ਮੈਂ ਉਥੇ ਇਸ਼ਨਾਨ ਕਰ ਲਿਆ। ਉਥੋਂ ਮੈਂ ਮੁੜ ਕੇ ਏਧਰ ਆਇਆ ਹੀ ਨਾ ਅਗਾਹਾਂ ਨੂੰ ਤੁਰ ਗਿਆ। ਅਗਾਹਾਂ ਨੂੰ ਤੁਰਿਆ ਤਾਂ ਉਥੇ ਇਕ ਮੁਰੱਬਿਆਂ ਵਾਲੇ ਕਰਾਹ ਚਲਾਉਂਦੇ ਸੀ। ਉਹ ਥਾਂ ਮੈਨੂੰ ਬਹੁਤ ਸੋਹਣਾ ਲੱਗਿਆ, ਉਚਾ ਕਰਿਆ ਹੋਇਆ ਉਨ੍ਹਾਂ ਨੇ, ਉਹਦੇ ਵਿਚ ਪਾਣੀ। ਛਾਉਂ ਸੀ ਬਹੁਤ ਗਾੜ੍ਹੀ, ਮੈਂ ਉਥੇ ਬਹਿ ਗਿਆ। ਦੁਪਹਿਰਾ ਹੋਇਆ, ਉਹ ਦੋ ਤਿੰਨ ਵਾਰੀ ਆਏ, ਪਾਣੀ ਪੀਣ। ਉਹ ਜਾ ਕੇ ਮੁੰਡਾ ਕਹਿੰਦਾ, ਬਾਪੂ, ਉਥੇ ਇਕ ਮੁੰਡਾ ਜਿਹਾ ਬੈਠਾ ਹੈ, ਮੈਂ ਪਹਿਲਾਂ ਵੀ ਗਿਆਂ ਉਵੇਂ ਜਿਵੇਂ ਬੈਠਾ ਸੀ, ਹੁਣ ਗਿਆ, ਹੁਣ ਵੀ ਉਵੇਂ ਜਿਵੇਂ ਬੈਠਾ ਹੈ। ਕਹਿੰਦਾ ਪਤਾ ਨਹੀਂ ਕੀ ਕਰਦਾ, ਐਂ ਸਿੱਧਾ ਬੈਠਾ ਹੈ। ਉਹਦਾ ਬਾਪੂ ਆ ਗਿਆ, ਮੈਨੂੰ ਕਹਿੰਦਾ ਓ ਨਿੱਕਿਆ! ਮੈਂ ਚੁੱਪ ਕਰਿਆ ਬੈਠਾ ਰਿਹਾ। ਕਹਿੰਦਾ, ਕਿਥੇ ਜਾਣਾ ਹੈ? ਮੈਂ ਕਿਹਾ ਕਿਤੇ ਵੀ ਨਹੀਂ। ਉਥੇ ਉਨ੍ਹਾਂ ਦੇ ਜਦੋਂ ਦੁਪਿਹਰੇ ਪ੍ਰਸ਼ਾਦੇ ਆਏ, ਉਹ ਸੀਗਾ ਮਝੈਲ, ਸਿੱਧੀ ਬੋਲੀ ਸੀ, ਕਹਿਣ ਲੱਗਿਆ, ਕੁੜੀਏ! ਕਿੰਨੇ ਬੰਦਿਆਂ ਦਾ ਪ੍ਰਸ਼ਾਦਾ ਲਿਆਈਂ ਹੈਂ? ਕਹਿੰਦੀ ਤਿੰਨ ਦਾ ਲੈ ਕੇ ਆਈ ਹਾਂ। ਉਹ ਕਹਿੰਦੀ, ਬੇਬੇ ਨੇ ਕਿਹਾ ਸੀ ਕਿ ਕੋਈ ਬੰਦਾ ਆ ਜਾਂਦਾ ਹੈ, ਇਕ ਜਣੇ ਦਾ ਵਾਧੂ ਲੈ ਜਾ। ਉਹ ਕਹਿੰਦਾ ਚੰਗਾ ਕਰਿਆ ਤੂੰ। ਗੁਰਪਾਲ ਸੀ ਉਹਦੇ ਮੁੰਡੇ ਦਾ ਨਾਉਂ, ਕਹਿੰਦਾ ਜਾਹ ਗੁਰਪਾਲ ਉਹਨੂੰ ਮੁੰਡੇ ਨੂੰ ਲੈ ਆ। ਉਹ ਮੇਰੇ ਕੋਲ ਆ ਗਿਆ। ਕਹਿੰਦਾ, ਭਾਅ ਜੀ, ਪ੍ਰਸ਼ਾਦੇ ਛਕ ਲਓ। ਮੈਂ ਕਿਹਾ ਮੈਂ ਐਉਂ ਤਾਂ ਨਹੀਂ ਛਕਣਾ। ਕਹਿੰਦਾ ਬਾਪੂ ਬੁਲਾਉਂਦਾ ਹੈ। ਮੈਂ ਚਲਿਆ ਗਿਆ, ਕਹਿਣ ਲੱਗਿਆ, ਲੈ ਬਈ ਨਿਕਿਆ! ਪ੍ਰਸ਼ਾਦਾ ਛਕ ਲੈ। ਮੇਰੇ ਮੂੰਹੋਂ ਨਿਕਲਿਆ ਕਿ ਬਾਪੂ ਜੀ, ਮੈਂ ਐਉਂ ਤਾਂ ਛਕਣਾ ਨਹੀਂ। ਕਹਿੰਦਾ ਕਿਵੇਂ ਛਕੇਂਗਾ? ਮੈਂ ਕਿਹਾ, ਤੂੰ ਮੇਰੇ ਤੋਂ ਇਕ ਘੰਟਾ ਕੰਮ ਕਰਾ ਲੈ। ਜੱਟਾਂ ਦਾ ਮੁੰਡਾ, ਮੈਂ ਕਰਾਹ ਕਰਨ ਜਾਣਦਾ ਹਾਂ। ਮੈਂ ਇਕੋ ਰੋਟੀ ਖਾਣੀ ਹੈ, ਵੱਧ ਖਾਣੀ ਨਹੀਂ ਹੈ ਤੇ ਮੇਰੇ ਤੋਂ ਕੰਮ ਕਰਾ ਲੈ। ਉਹ ਕਹਿੰਦਾ, ਮੈਂ ਤਾਂ ਕੰਮ ਕਰਾਉਣਾ ਨਹੀਂ, ਮੈਂ ਕਿਹਾ ਫੇਰ ਮੈਨੂੰ ਤੁਸੀਂ ਕਹੋ ਹੀ ਨਾ ਕਿ ਪ੍ਰਸ਼ਾਦਾ ਛਕ। ਕਹਿੰਦਾ ਚਲ ਆਪਾਂ ਵੀ ਨਹੀਂ ਖਾਂਦੇ। ਉਹਨੇ ਉਠ ਕੇ ਕਰਾਹ ਜੋੜ ਦਿਤਾ, ਮੈਂ ਉਠ ਕੇ ਘੰਡਾ ਫੜ ਲਿਆ। ਉਹ ਜਦੋਂ ਇਕ ਦੋ ਗੇੜੇ ਦਿਤੇ, ਕਹਿੰਦਾ ਹੋ ਗਿਆ, ਰੋਟੀ ਜੋਗਾ, ਬੱਸ, ਬੱਸ। ਉਸ ਤੋਂ ਬਾਅਦ ਬਹਿ ਗਏ। ਮੈਂ ਕਿਹਾ ਕਿ ਮੇਰੇ ਰੋਜ਼ ਇਕ ਘੰਟਾ ਕੰਮ ਕਰਾ ਲਿਆ ਕਰੋ ਤੇ ਜਾਂ ਮੇਰੇ ਤੋਂ ਭਲਾ ਕਰਾ ਲਓ। ਕਹਿੰਦਾ ਭਲੇ ਵਾਲੀ ਗੱਲ ਵਧੀਆ ਲੱਗੀ ਹੈ? ਪਰ ਮੈਂ ਤੁਹਾਨੂੰ ਇਕ ਗੱਲ ਦੱਸ ਦੇਵਾਂ ਕਿ ਸ਼ਰਾਬ ਨਹੀਂ ਛੱਡਣੀ? ਮੇਰੀ ਮਾਂ ਨੇ ਮੈਨੂੰ ਗੁੜ੍ਹਤੀ 'ਚ ਦਿਤੀ ਸੀ। ਮੈਂ ਕਿਹਾ ਬਾਪੂ, ਜਦੋਂ ਤਕ ਮੈਂ ਤੇਰੀ ਸ਼ਰਾਬ ਨਹੀਂ ਛੁਡਾਉਂਦਾ, ਤਦ ਤਕ ਮੈਂ ਇਥੋਂ ਜਾਂਦਾ ਹੀ ਨਹੀਂ। ਇਥੇ ਹੀ ਰਹਾਂਗਾ, ਇਸੇ ਟੋਭੇ ਦੇ ਕੰਢੇ ਤੇ। ਉਹ ਮੁੰਡਾ ਕਹਿੰਦਾ, ਭਾਅ ਜੀ! ਤੁਸੀਂ ਰੋਟੀ ਖਾ ਲਓ,

ਮੈਂ ਸ਼ਰਾਬ ਛੱਡ ਦੇਵਾਂਗੇ। ਮੈਂ ਕਿਹਾ, ਬਾਪੂ ਤੂੰ ਦੱਸ, ਤੇਰੇ ਵਲੋਂ ਜਿੰਨਾ ਚਿਰ ਜਵਾਬ ਨਹੀਂ ਆਉਂਦਾ, ਮੈਂ ਰੋਟੀ ਨਹੀਂ ਖਾਣੀ। ਕਹਿੰਦਾ ਜੇ ਤੇਰੇ 'ਚ ਤਾਕਤ ਹੈ ਛੁਡਾਉਣ ਦੀ, ਤਾਂ ਛੁਡਾ ਦੇਵੀਂ। ਮੈਂ ਕਿਹਾ ਚੰਗਾ ਠੀਕ ਹੈ। ਮੈਂ ਪ੍ਰਸ਼ਾਦਾ ਛਕ ਲਿਆ।

ਰਾਤ ਨੂੰ ਉਥੇ ਆਏ। ਉਥੇ ਆਏ ਤਾਂ ਬੀਬੀਆਂ ਜਦੋਂ ਮੇਰੇ ਕੋਲ ਆਈਆਂ ਤਾਂ ਨੱਕ ਲਾਲ? ਮੈਂ ਕਿਹਾ ਇਹ ਤਾਂ ਨਸਵਾਰ ਲੈਂਦੀਆਂ ਨੇ। ਮੈਂ ਕਿਹਾ, ਤੁਹਾਡੇ ਤਾਂ ਟੱਬਰ ਦਾ ਬੇੜਾ ਹੀ ਗਰਕ ਹੋਇਆ ਪਿਆ ਹੈ। ਆਹ ਕੀ ਕੰਮ ਕਰਦੇ ਓਂ, ਤੁਹਾਡੇ ਹੱਥ ਵੀ ਗੰਦੇ, ਮੈਨੂੰ ਪ੍ਰਸ਼ਾਦਾ ਛਕਾ ਦਿਤਾ ਇਨ੍ਹਾਂ ਹੱਥਾਂ ਨਾਲ। ਉਹ ਡਰ ਗਈਆਂ ਵਿਚਾਰੀਆਂ। ਕਹਿੰਦੀਆਂ, ਭਾਅ ਜੀ, ਜਿਵੇਂ ਤੁਸੀਂ ਕਹੋਂਗੇ ਅਸੀਂ ਉਵੇਂ ਕਰ ਲਵਾਂਗੀਆਂ, ਉਹਦੀ ਘਰਵਾਲੀ ਵੀ ਕਹਿੰਦੀ ਬੇਟਾ, ਜਿਹੜਾ ਕੁਛ ਤੂੰ ਛੱਡਣ ਨੂੰ ਕਹੇਂਗਾ ਅਸੀਂ ਛੱਡ ਦੇਵਾਂਗੇ, ਪਰ ਤੂੰ ਰੋਟੀ ਖਾ ਲੈ। ਮੈਂ ਕਿਹਾ, ਲਿਆਓ ਪਹਿਲਾਂ ਡੱਬੀਆਂ ਸਾਰੀਆਂ। ਸਾਰੀਆਂ ਮੰਗਾ ਲਈਆਂ। ਮੈਂ ਕਿਹਾ ਘਰ ਵਿਚ ਨਾ ਰਹੇ ਕੋਈ। ਮੈਂ ਕਿਹਾ ਨਾਲ੍ਹਾ ਜਿਹੜਾ ਪਾਣੀ ਦਾ ਜਾਂਦਾ ਹੈ ਨਾ, ਇਹਦੇ ਵਿਚ ਖੋਲ੍ਹ ਕੇ ਸੁੱਟ ਦਿਓ ਡੱਬੀਆਂ ਸਾਰੀਆਂ। ਰਾਤ ਨੂੰ ਮੈਂ ਪ੍ਰਸ਼ਾਦਾ ਨਹੀਂ ਸੀ ਛਕਣਾ। ਉਸ ਤੋਂ ਬਾਅਦ ਮੈਂ ਬਾਪੂ ਨੂੰ ਕਿਹਾ ਕਿ ਬੋਤਲ ਲਿਆ ਆਪਣੀ ਸ਼ਰਾਬ ਦੀ, ਇਹਦੇ ਵਿਚੋਂ ਇਕ ਉਂਗਲ ਡੋਲ੍ਹ ਦੇ। ਉਹ ਮੇਰਾ ਕਹਿਣਾ ਮੰਨ ਗਿਆ। ਮੈਂ ਕਿਹਾ, ਇਹਦੇ ਵਿਚੋਂ ਰੋਜ਼ ਇਕ ਉਂਗਲ ਗੇਰ ਦਿਆ ਕਰ। ਉਧਰ ਬੀਬੀਆਂ ਨੂੰ ਕਿਹਾ ਕਿ ਮੈਂ ਰਹਿਰਾਸ ਸਾਹਿਬ ਪੜ੍ਹਦਾ ਤੁਸੀਂ ਸੁਣੋ, ਸਾਰੀਆਂ ਆ ਕੇ। ਉਸ ਤੋਂ ਬਾਅਦ ਉਨ੍ਹਾਂ ਦੇ ਮਨ ਵਿਚ ਇਕ ਤਰ੍ਹਾਂ ਨਾਲ ਸ਼ਰਧਾ ਆ ਗਈ ਕਿ ਮੁੰਡਾ ਜਿਹਾ ਐਵੇਂ ਹੀ ਨਹੀਂ ਤੁਰਿਆ ਫਿਰਦਾ। ਦੂਸਰਾ ਦਿਨ ਹੋਇਆ, ਮੈਂ ਕਿਹਾ ਮੈਂ ਤੁਹਾਨੂੰ ਚਾਰ ਵਜੇ ਉਠਾਵਾਂਗਾ। ਮੈਂ ਤਾਂ ਉਠਣਾ ਹੈ ਇਕ ਵਜੇ। ਦੁੱਧ ਰਿੜਕਣਾ ਹੈ ਤੁਸੀਂ। ਤੁਹਾਨੂੰ ਮੈਂ ਢੰਗ ਦੱਸਾਂਗਾ। ਉਹ ਜਦੋਂ ਰਿੜਕਣ ਲੱਗੀ ਤਾਂ ਮੈਂ ਕਿਹਾ ਕਿ ਇਹਦੇ ਨਾਲ ਸਤਿਨਾਮ ਕਹੀ ਜਾਈ, ਇਹਦੇ ਨਾਲ ਵਾਹਿਗੁਰੂ ਕਹੀਂ ਜਾਈਂ। ਵਧੀਆ ਸਤਿਸੰਗ ਦਾ ਮਾਹੌਲ ਬਣ ਗਿਆ ਉਥੇ ਵੀ। ਮੈਂ ਆਪਣਾ ਲਾਂਭੇ ਗਿਆ, ਤਿੰਨ ਚਾਰ ਘੰਟੇ ਭਜਨ 'ਚ ਬੈਠਾ ਰਿਹਾ ਜਾ ਕੇ। ਉਥੇ ਮੈਂ ਇਕ ਮਹੀਨਾ ਰਿਹਾ ਉਸ ਘਰ ਵਿਚ। ਉਸ ਤੋਂ ਬਾਅਦ ਜਦੋਂ ਬਾਪੂ ਦੀ ਬੋਤਲ ਦੀ ਆਖਰੀ ਉਂਗਲ ਰਹਿ ਗਈ ਨਾ, ਨਾਲੇ ਤਾਂ ਉਹਨੇ ਪੀ ਲਈ, ਨਾਲੇ ਧਾਹ ਮਾਰੀ, ਕਹਿੰਦਾ ਜਨਮਾਂ-ਜਨਮਾਂਤਰਾਂ ਦੀ ਸਾਥਣੇ ਅੱਜ ਤੇਰਾ ਤੇ ਮੇਰਾ ਵਿਛੋੜਾ ਪੈ ਗਿਆ। ਬੋਤਲ ਮਾਰੀ ਵਗਾਹ ਕੇ। ਮੇਰੀ ਸ਼ਰਤ ਪੂਰੀ ਹੋ ਗਈ। ਤੜਕੇ ਹੀ ਮੈਂ ਇਸ਼ਨਾਨ ਕਰਨ ਗਿਆ, ਮੈਂ ਦੱਸਿਆ ਨਾ, ਮੇਰੇ ਗਲ 'ਚ ਕਿਹੜਾ ਕੋਈ ਬੰਧਨ ਸੀ। ਮੈਂ ਜਿਧਰ ਨੂੰ ਮੂੰਹ ਹੈ, ਅੱਗੇ ਨੂੰ ਤੁਰ ਗਿਆ।

ਚਾਰ-ਪੰਜ ਮੀਲ ਮੈਂ ਤੁਰਿਆ। ਉਥੇ ਇਕ ਮਾਈ ਖੜ੍ਹੀ ਸੀ, ਉਥੇ ਪਾਣੀ ਦਾ ਖਾਲ੍ਹਾ ਚਲਦਾ ਸੀ, ਮੈਨੂੰ ਬੜਾ ਪਸੰਦ ਆਇਆ ਉਹ ਥਾਂ। ਉਹਦੇ ਕੋਲੋਂ ਦੀ ਜਦੋਂ ਮੈਂ ਲੰਘਣ ਲੱਗਿਆ ਤਾਂ ਕਹਿਣ ਲੱਗੀ, ਵੇ ਪੁੱਤ! ਠਹਿਰ ਜਾ, ਠਹਿਰ ਜਾ। ਤੂੰ ਕਿਥੋਂ ਆਇਐਂ? ਮੈਂ ਕਿਹਾ, ਬੇਬੇ! ਮੈਂ ਤਾਂ ਬੜੀ ਦੂਰੋਂ ਆਇਆ ਹਾਂ। ਕਹਿੰਦੀ, ਤੂੰ ਜਾਣਾ ਕਿਥੇ ਹੈ? ਇਧਰ ਤਾਂ ਸਾਰੀਆਂ ਆਬਾਦੀਆਂ ਮੁਸਲਮਾਨਾਂ ਦੀਆਂ ਨੇ, ਤੂੰ ਉਧਰ ਤੁਰਿਆ ਜਾਂਦਾ ਹੈਂ? ਕੋਈ ਉਥੇ ਨਵਾਂ ਫਾਰਮ ਲਿਆ ਹੈ? ਮੈਂ ਕਿਹਾ ਨਹੀਂ। ਤੂੰ ਜਾਣਾ ਕਿਥੇ ਹੈ? ਮੈਂ ਕਿਹਾ, ਮੈਨੂੰ ਤਾਂ ਆਪ ਨਹੀਂ ਪਤਾ ਮੈਂ ਜਾਣਾ ਕਿਥੇ ਹੈ? ਜਿਥੇ ਮੈਨੂੰ ਸੋਹਣਾ ਜਿਹਾ ਥਾਉਂ ਲੱਗਿਆ, ਮੈਂ ਬਹਿ ਜਾਣਾ ਹੈ। ਕਹਿੰਦੀ, ਨਾ ਪੁੱਤ ਤੂੰ ਜਾਈਂ ਨਾ। ਤੇਰੇ ਬਾਪੂ ਨੇ ਅੱਠ ਮੁਰੱਬੇ ਖਰੀਦੇ ਨੇ, ਸੱਤ ਮੇਰੇ ਪੁੱਤਰ ਨੇ। ਮੈਨੂੰ ਉਹ ਪੁਛਦੇ ਨੇ ਕਿ ਅੱਠਵਾਂ ਕਿਹਦੇ ਵਾਸਤੇ ਖਰੀਦਿਆ ਹੈ ਤੂੰ? ਤੂੰ ਆ ਗਿਆ, ਮੇਰਾ ਕਿਤੇ ਜਨਮਾਂ ਜਨਮਾਂਤਰਾਂ ਦਾ ਪੁਤਰ ਹੈਂ ਤੂੰ, ਤੂੰ ਹੁਣ ਨਾ ਜਾਈਂ ਸਾਡੇ ਘਰ ਰਹਿ। ਉਸ ਵੇਲੇ ਮੇਰੇ ਦਾੜ੍ਹੀ ਨਹੀਂ ਸੀ ਆਈ। 17-18 ਸਾਲ ਦਾ ਸੀ। ਮੇਰੇ ਮੂੰਹੋਂ ਨਿਕਲਿਆ ਬੇਬੇ! ਮੈਨੂੰ ਸੱਚੀਮੁਚੀਂ ਐਉਂ ਲੱਗਿਆ ਜਿਵੇਂ ਮੇਰੀ ਮਾਂ ਖੜ੍ਹੀ ਹੁੰਦੀ ਹੈ? ਚੰਗਾ ਮੈਂ ਇਥੇ ਹੀ ਰਹਿ ਪੈਂਦਾ ਹਾਂ। ਮੈਂ ਰਹਿ ਪਿਆ ਉਥੇ। ਮੈਂ ਦੋ ਘੰਟੇ ਸੌਣਾ, 22 ਘੰਟੇ ਜਾਗਣਾ, ਭਜਨ ਬੰਦਗੀ ਕਰਨੀ। ਮੈਂ ਉਥੇ ਢਾਈ ਸਾਲ ਰਿਹਾ, ਬੜੀ ਸਤਿਸੰਗ ਹੋ ਗਈ। ਫੇਰ ਮੇਰੇ ਮਨ 'ਚ ਆਇਆ ਕਿ ਇਹ ਪੰਜਾਬੀ ਸਾਰੇ ਹੀ ਸ਼ਰਾਬ ਪੀਂਦੇ ਨੇ, ਆਏ ਨੇ ਪੈਸਾ ਕਮਾਉਣ। ਮੈਂ ਕੀਰਤਨ ਕਰਨ ਲਗ ਗਿਆ, ਕੀਰਤਨ ਦੇ ਬਲ ਨਾਲ 60 ਮੀਲ ਦੇ ਏਰੀਏ 'ਚ ਅੰਮ੍ਰਿਤ ਛਕਾਇਆ ਸਾਰਿਆਂ ਨੂੰ। ਸਭ ਸ਼ਰਾਬਾਂ ਪੀਂਦੇ ਸੀ, ਸੀਗੇ ਮਝੈਲ ਸਾਰੇ। ਇਸ ਤਰ੍ਹਾਂ ਬਹੁਤ ਲੰਮੀਆਂ ਬਾਤਾਂ ਨੇ।

ਮੈਂ ਤੁਹਾਨੂੰ ਐਉਂ ਦਸਦਾ ਹਾਂ ਕਿ ਆਪਾਂ ਬਾਣੀ ਤਾਂ ਪੜ੍ਹਦੇ ਹਾਂ, ਬਾਣੀ ਤੇ ਨਿਸ਼ਚਾ ਨਹੀਂ ਆਉਂਦਾ। ਮੈਨੂੰ ਜਦੋਂ ਉਹ ਬਾਣੀ ਲੱਗੀ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥ ਅੰਗ - 10***

ਹੁਣ ਉਦਮ ਮੈਂ ਕੀ ਚਿਤਵਦਾ ਸੀ, ਨੌਕਰੀ ਦਾ। ਉਹ ਕਹਿੰਦੇ ਤੂੰ ਉਦਮ ਚਿਤਵਦਾ ਹੈਂ, ਰੋਟੀ ਤਾਂ ਵਾਹਿਗੁਰੂ ਜੀ ਨੇ ਦਿਤੀ ਹੋਈ ਹੀ ਹੈ -

***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10***

ਪੱਥਰਾਂ ਦੇ ਵਿਚ ਕੀੜੇ ਬਣਾ ਕੇ, ਉਨ੍ਹਾਂ ਦੇ ਮੂੰਹ ਵਿਚ

ਚੀਨੀ ਜਿਹੀ ਹੁੰਦੀ ਹੈ। ਸੋ ਬਾਣੀ ਦੀ ਕਮਾਈ ਕਰੋ। ਹੱਠ ਨਾਲ ਨਾ ਕਰੋ। ਜੇ ਮੈਂ ਹੱਠ ਨਾਲ ਕਰਦਾ, ਚਲਾਕੀ ਨਾਲ ਕਰਦਾ ਨਾ, ਤਾਂ ਮੈਂ ਉਥੇ ਹੀ ਭੁੱਕਾ ਭਾਕਾ ਮਾਰ ਲੈਣਾ ਸੀ। ਮੈਂ ਬਿਲਕੁਲ ਸਿੱਧਾ ਸੀ, ਸਰਲ ਸੀ ਬਿਲਕੁਲ। ਹੁਣ ਮੈਂ ਉਸ ਤੇ ਕੋਈ ਕਿੰਤੂ ਨਾ ਕਰਿਆ। ਨਹੀਂ ਤਾਂ ਕਹਿੰਦਾ ਕਿ ਮੈਨੂੰ ਰੱਬ ਨੇ ਹੱਥ ਪੈਰ ਦਿਤੇ ਨੇ ਕਮਾਈ ਕਰਨੀ ਚਾਹੀਦੀ ਹੈ। ਮੈਂ ਉਹਦਾ ਟੈਸਟ ਕਿਉਂ ਲੈਂਦਾ? ਮੈਂ ਕਿਹਾ ਉਹ ਦਿੰਦਾ ਹੈ, ਫੇਰ ਮੈਂ ਕਾਹਨੂੰ ਐਵੇਂ ਪੰਗਿਆਂ 'ਚ ਪਵਾਂ।

ਫੇਰ ਮੈਨੂੰ ਮਹਾਰਾਜ ਜੀ ਨੇ ਬੁਲਾ ਲਿਆ, ਪਹਿਲਾਂ ਉਨ੍ਹਾਂ ਨੇ ਬੀਬੀ ਨੂੰ ਬੁਲਾ ਲਿਆ, ਜਿਥੇ ਮੈਂ ਸੀਗਾ। ਬੁਲਾਇਆ ਤਾਂ, ਮੈਂ ਭੌਰਾ ਪੁੱਟ ਕੇ ਦੋ ਮਹੀਨੇ ਵਾਸਤੇ ਮੈਂ ਵਿਚ ਬੈਠਣਾ ਸੀ। ਮੇਰੇ ਤੇ ਅਸਰ ਸੀਗਾ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦਾ। ਉਹ ਇਸੇ ਤਰ੍ਹਾਂ ਬਹਿੰਦੇ ਸੀ, ਭਜਨ ਕਰਦੇ ਸੀ, ਛੇ-ਛੇ ਮਹੀਨੇ। ਮਾਈ ਨੂੰ ਲਗ ਗਿਆ ਪਤਾ। ਮੈਨੂੰ ਕਹਿੰਦੀ ਵੇ ਪੁੱਤ! ਤੇਰਾ ਵਿਆਹ ਵੀ ਹੋਇਆ ਹੋਇਆ ਹੈ। ਮੈਂ ਕਿਹਾ ਹਾਂ। ਕਹਿੰਦੀ, ਉਹ ਕੀ ਕਰਦੀ ਹੋਣੀ ਹੈ? ਮੈਨੂੰ ਪਤਾ ਤਾਂ ਦੇਹ। ਮੈਂ ਪਤਾ ਦੇ ਦਿਤਾ। ਉਹਨੇ ਪੰਦਰਾਂ ਰੁਪਏ ਮਨੀਆਰਡਰ ਕਰਕੇ ਨਾ, ਉਹਨੇ ਕਿਹਾ ਕਿ ਤੁਹਾਡਾ ਮੁੰਡਾ ਹੱਥ ਨਹੀਂ ਲੱਗਣਾ ਤੁਹਾਡੇ ਮੁੜ ਕੇ। ਉਹ ਭੌਰੇ 'ਚ ਬੈਠਣ ਦੀਆਂ ਤਿਆਰੀਆਂ ਕਰਦਾ ਹੈ। ਥੋੜ੍ਹੇ ਦਿਨਾਂ 'ਚ ਭੌਰਾ ਸੁੱਕ ਜਾਣਾ ਹੈ, ਉਹਨੇ ਅੰਦਰ ਵੜ ਜਾਣਾ ਹੈ। ਫੇਰ ਉਹਨੇ ਭੌਰੇ 'ਚੋਂ ਨਿਕਲ ਕੇ ਪਤਾ ਨਹੀਂ ਕਿਧਰ ਨੂੰ ਤੁਰ ਜਾਣਾ ਹੈ। ਜੇ ਸਾਂਭ ਹੁੰਦਾ ਹੈ, ਤਾਂ ਸਾਂਭ ਲਓ ਆ ਕੇ। ਸਾਡੇ ਪਰਿਵਾਰ 'ਚੋਂ ਬਾਪੂ ਜੀ, ਬੀਬੀ ਨੂੰ ਜਾ ਕੇ ਲਾਹੌਰ ਚੜ੍ਹਾ ਆਏ। ਇਹ ਵਿਚਾਰੀ ਇਕੱਲੀ ਹੀ, ਨਿਆਣੀ ਜਿਹੀ ਸੀ, 17-18 ਸਾਲ ਦੀ। ਗੱਡੀ 'ਚ ਬੈਠ ਕੇ ਆ ਗਈ, ਇਹਨੂੰ ਅੱਗੇ ਰਾਹ ਦਾ ਨਾ ਪਤਾ। ਇਧਰ ਖਬਰ ਕਰ ਦਿਤੀ ਉਨ੍ਹਾਂ ਨੇ। ਜਿਥੇ ਮੈਂ ਰਹਿੰਦਾ ਸੀ, ਉਹ ਗੱਡੀ ਲੈ ਕੇ, ਊਠ ਕਰ ਲਏ ਨਾਲ, ਊਠਾਂ ਤੇ ਸਵਾਰੀ ਕਰਦੇ ਸੀ ਸਿੰਧ ਵਿਚ। ਉਥੇ ਜਾ ਕੇ ਅੰਦਾਜ਼ੇ ਨਾਲ ਦੇਖਦੇ ਨੇ, ਕਿਹੜੀ ਗੱਡੀ 'ਚੋਂ ਉਤਰੀ ਹੋਣੀ ਹੈ ਉਹ ਉਹਨੇ ਵੀ ਆਲੇ-ਦੁਆਲੇ ਝਾਕਣਾ ਹੈ। ਉਹ ਪਹੁੰਚ ਗਏ, ਉਨ੍ਹਾਂ ਨੇ ਇਹਨੂੰ ਜਾ ਕੇ ਪੁੱਛਿਆ ਕਿ ਬੀਬੀ, ਤੁਸੀਂ ਧਮੋਟ ਤੋਂ ਆਏ ਹੋ? ਕਹਿੰਦੇ ਹਾਂ। ਆ ਗਏ ਸਾਰੇ। ਉਨ੍ਹਾਂ ਨੇ ਕਿਹਾ ਕਿ ਊਠ ਤੇ ਬਹਿ ਜਾਓ। ਬੀਬੀ ਕਹਿੰਦੀ ਮੈਂ ਤਾਂ ਕਦੇ ਊਠ ਤੇ ਬੈਠੀ ਨਹੀਂ। ਕਹਿੰਦੇ, ਫੇਰ ਗੱਡੀ 'ਚ ਬਹਿ ਜਾਓ, ਸਿੰਧ ਵਿਚ ਰੇਤਾ ਹੀ ਰੇਤਾ ਸੀ। ਸੋ ਬੀਬੀ ਆ ਗਈ। ਇਹਨੇ ਜਦ ਮੇਰਾ ਹਾਲ ਚਾਲ ਦੇਖਿਆ। ਇਹ ਕਹਿਣ ਲੱਗੇ ਕਿ ਮੈਨੂੰ ਇਸ ਤਰ੍ਹਾਂ ਭੇਜਿਆ ਹੈ ਘਰਦਿਆਂ ਨੇ। ਲੈ ਆਓ। ਮੈਂ ਕਿਹਾ ਮੈਂ ਜਾਣਾ ਨਹੀਂ ਹੈਗਾ। ਮੈਂ ਭਜਨ ਕਰਦਾ। ਮੈਨੂੰ ਤੰਗ ਨਾ ਕਰੀਂ। ਉਨ੍ਹਾਂ ਦੇ ਕਈ ਲੜਕੀਆਂ ਸੀ, ਮੈਂ ਕਿਹਾ ਤੁਸੀਂ ਇਥੇ ਰਹੀ ਜਾਓ, ਇਨ੍ਹਾਂ ਦੇ ਕੋਲ। ਇਹਨੇ ਕਿਹਾ ਕਿ ਮੈਂ ਵਿਹਲੀ ਕੀ ਕਰਦੀ ਹਾਂ। ਮੈਂ ਇਨ੍ਹਾਂ ਨੂੰ ਪੜ੍ਹਾ ਦਿੰਦੀ ਹਾਂ, ਪੰਜਾਬੀ। ਬਾਣੀ ਪੜ੍ਹਾ ਦਿੰਦੀ ਹਾਂ। ਤਾਂ ਉਹਨੇ ਬਾਣੀ ਪੜ੍ਹਾਉਣੀ ਸ਼ੁਰੂ ਕਰ ਦਿਤੀ। ਪਹਿਲਾਂ ੳ ਅ ਸਿਖਾਇਆ। ਉਹ ਸਿੰਧ ਦੇ ਜੰਗਲਾਂ 'ਚ ਰਹਿਣ ਵਾਲੇ, ਪੰਜਾਬੀ ਕਿਥੇ? ਸਾਰੇ ਹੀ ਅਨਪੜ੍ਹ? ਸਕੂਲ ਲੱਗਣ ਲਗ ਗਿਆ, ਬੀਬੀਆਂ ਵੀ, ਮੁੰਡੇ ਵੀ ਸਾਰੇ ਆ ਕੇ, ਸਕੂਲ ਲੱਗ ਜਾਇਆ ਕਰੇ ਤੇ ਪੜ੍ਹਨ ਲਗ ਗਏ। ਪਹਿਲਾਂ ਕੈਦੇ ਪੜ੍ਹਾ ਦਿਤੀ, ਫੇਰ ਹੌਲੀ-ਹੌਲੀ ਉਨ੍ਹਾਂ ਨੂੰ ਪੰਜ ਗ੍ਰੰਥੀ ਪੜ੍ਹਾ ਦਿਤੀ, ਬਾਈ ਵਾਰਾਂ ਪੜ੍ਹਾ ਦਿਤੀਆਂ, ਨੌਂ ਮਹੀਨੇ ਹੋ ਗਏ। ਇਹ ਪੜ੍ਹੀ ਤਾਂ ਹੈ ਨਹੀਂ ਸੀ, ਉਰਦੂ ਦਾ ਕਾਇਦਾ ਦੇਖ ਕੇ ਉਰਦੂ ਵੀ ਪੜ੍ਹਾ ਦਿਤਾ। 10 ਤੱਕ ਪਹਾੜੇ ਯਾਦ ਕਰਾ ਦਿਤੇ। ਇਹ ਰੁਝੀ ਹੋਈ ਸੀ, ਆਪਣੇ ਕੰਮ 'ਚ। ਮੈਂ ਰੁਝਿਆ ਰਿਹਾ ਆਪ ਦੇ ਕੰਮ 'ਚ। ਨਾ ਇਹ ਮੈਨੂੰ ਕੁਛ ਕਹੇ, ਨਾ ਮੈਂ ਇਹਨੂੰ ਕੁਛ ਕਹਾਂ। ਨੌਂ ਮਹੀਨੇ ਲੰਘ ਗਏ, ਦੀਵਾਲੀ ਆ ਗਈ। ਮੇਰੇ ਕੋਲ ਆ ਗਏ ਕਹਿਣ ਲੱਗੇ, ਮੈਂ ਗੱਲ ਕਰਨੀ ਹੈ ਤੁਹਾਡੇ ਨਾਲ? ਅੱਜ ਤੁਸੀਂ ਘਰ ਆਓ। ਮੈਂ ਕਿਹਾ ਚੰਗਾ, ਅੱਜ ਪਹਿਲੀ ਵਾਰ ਇਹਨੇ ਕੋਈ ਮੇਰੇ ਤੋਂ ਮੰਗ ਮੰਗੀ ਹੈ। ਠੀਕ ਹੈ ਮੈਂ ਗੱਲ ਕਰ ਲਵਾਂਗਾ। ਮੈਂ ਚਲਿਆ ਗਿਆ, ਜਾ ਕੇ ਉਥੇ ਬਹਿ ਗਿਆ, ਮੈਂ ਕਿਹਾ ਦੱਸੋ ਕੀ ਗੱਲ ਹੈ? ਕਹਿੰਦੀ ਗੱਲ ਇਹ ਹੈ ਕਿ ਆਪਾਂ ਸੰਤ ਨਹੀਂ ਬਣਨਾ? ਸੰਤਾਂ ਦੇ ਸੇਵਾਦਾਰ ਬਣਨਾ ਹੈ। ਦੂਜਾ ਇਹਨੇ ਕਿਹਾ ਕਿਸੇ ਅੱਗੇ ਹੱਥ ਕਰਕੇ ਨਹੀਂ ਅਡਣਾ। ਆਪਣੇ ਹੱਥੋਂ ਦੇਣਾ ਹੈ। ਦੂਜੇ ਦੇ ਹੱਥਾਂ ਵਿਚ ਜਾਵੇ, ਸਾਡੇ ਕੋਲ ਕਿਸੇ ਦਾ ਧਾਨ ਨਾ ਆਵੇ।

ਉਧਰਲੇ ਪਾਸੇ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਨੂੰ ਸਾਰੀਆਂ ਗੱਲਾਂ ਦਾ ਪਤਾ ਸੀ ਕਿ ਇਹ ਕੀ ਕਰ ਰਿਹਾ ਹੈ? ਉਹ ਅੰਤਰਜਾਮੀ ਸੀ। ਸ਼ਕਤੀਆਂ ਮੈਂ ਦੇਖੀਆਂ ਨੇ ਹਰੇਕ ਬੰਦੇ 'ਚ ਨਹੀਂ ਹਨ।

ਮੈਨੂੰ ਕਹਿੰਦੇ ਕਿ ਮਸਤੂਆਣੇ ਬਾਬਿਆਂ ਦੀ ਬਰਸੀ ਮਨਾ ਰਹੇ ਨੇ। ਚੱਲੀਏ, ਮੈਂ ਵੀ ਤਿਆਰ ਹੋ ਗਿਆ, ਚਾਰ ਪੰਜ ਜਣੇ ਸੀ ਨਾਲ। ਕੋਈ ਦੋ ਮੀਲ ਤੋਂ ਮੁੜ ਪਿਆ, ਕੋਈ ਤਿੰਨ ਤੋਂ, ਕੋਈ ਚਾਰ ਤੋਂ। ਮੈਨੂੰ ਕਹਿੰਦਾ ਆਜਾ, ਹੁਣ ਤੂੰ ਇਕੱਲਾ ਰਹਿ ਗਿਆ, ਮੈਂ ਕਿਹਾ ਨਹੀਂ ਹੁਣ ਤਾਂ ਮੈਂ ਸਿਰੇ ਹੀ ਜਾਵਾਂਗਾ। ਉਥੇ ਸੰਤ ਆਏ ਹੋਏ ਸੀ, ਥਾਂ-ਥਾਂ ਤੋਂ। ਹੁਣ ਤਾਂ ਸਾਡੇ ਅੰਦਰ ਹੋਰ ਤਰ੍ਹਾਂ ਦੀਆਂ ਗੱਲਾਂ ਨੇ ਨਾ। ਜਦੋਂ ਅਸੀਂ ਕਿਸੇ ਦੇ ਚੋਲਾ ਦੇਖਣਾ ਅਸੀਂ ਉਹਦੇ ਪਿਛੇ-ਪਿਛੇ ਹੱਥ ਬੰਨ੍ਹ ਕੇ ਤੁਰੇ ਫਿਰਨਾ ਕਿ ਸੰਤ ਹੈ ਕੋਈ। ਉਹ ਸੰਤ ਕਹਿੰਦਾ ਕਿ ਆਹ ਮੁੰਡਾ ਕੱਲ੍ਹ ਦਾ ਆਇਆ ਹੋਇਆ ਹੈ, ਨਾ ਇਹਨੇ ਰੋਟੀ ਖਾਧੀ ਹੋਈ ਹੈ, ਨਾ ਇਥੋਂ ਹਿੱਲਿਆ ਹੈ, ਦੇਖੋ, ਕਿਹੋ ਜਿਹੀ ਬਿਰਤੀ ਹੈ, ਆਪਾਂ ਇਹਨੂੰ ਪ੍ਰਸ਼ਾਦਾ ਤਾਂ ਛਕਾ ਦੇਈਏ। ਉਹ ਸਾਰੇ ਬੰਦੇ ਕਹਿਣ ਲੱਗੇ ਕਿ ਅਸੀਂ ਵੀ ਦੇਖਦੇ ਹਾਂ ਕਿ ਇਹ ਕੱਲ੍ਹ ਦਾ ਇਥੇ ਹੀ ਬੈਠਾ ਹੈ। ਕਹਿਣ ਲੱਗੇ ਕਿ ਓਏ, ਨਿਕਿਆ ਤੂੰ ਪ੍ਰਸ਼ਾਦਾ ਛਕਿਆ ਹੈ? ਮੈਂ ਕਿਹਾ ਨਹੀਂ। ਚਲ, ਕਹਿੰਦੇ ਸਾਡੇ ਨਾਲ। ਮੈਂ ਤੁਰ ਪਿਆ, ਪ੍ਰਸ਼ਾਦਾ ਛਕਾਇਆ। ਕਹਿੰਦੇ ਹੁਣ ਦੀਵਾਨ ਸੁਣੀਏ। ਇਕ ਸੰਤ

ਕਹਿੰਦਾ ਮੇਰੇ ਨਾਲ ਚੱਲਿਆ ਚਲ, ਸਮਸ਼ੇਰ ਸਿੰਘ ਸੀਗਾ। ਮੈਂ ਪਰ੍ਹੇ ਚਲਿਆ ਗਿਆ, ਉਹ ਮੈਨੂੰ ਜਗ੍ਹਾ ਬੜੀ ਪਸੰਦ ਆਈ। ਟਿੱਬੇ ਦੇ ਉਤੇ ਛੱਪਰ ਪਾਏ ਹੋਏ। ਉਥੇ ਮੈਂ ਤਿੰਨ ਮਹੀਨੇ ਰਿਹਾ। ਨਾ ਘਰਦਿਆਂ ਨੂੰ ਪਤਾ ਸੀ ਕਿ ਮੈਂ ਕਿਧਰ ਗਿਆ। ਨਾ ਕੋਈ ਟੋਲ੍ਹਦਾ ਹੁੰਦਾ ਸੀ ਉਨ੍ਹਾਂ ਦਿਨਾਂ 'ਚ। ਉਥੇ ਮੇਰਾ ਕੰਮ ਸੀ ਕਿ ਸਰਕੜਿਆਂ 'ਚ ਜਾ ਬਹਿਣਾ ਸਾਰਾ ਦਿਨ ਬੈਠੇ ਰਹਿਣਾ। ਦੋਵੇਂ ਜਣੇ ਅਸੀਂ ਭੋਰੇ ਵਿਚ ਰਹਿੰਦੇ ਸੀ। ਉਹ ਸੰਤ ਸੀ ਤਤਿਕਸ਼ਾ ਵਾਲਾ। ਉਹਨੇ ਕੋਈ ਬਿਸਤਰਾ ਨਾ ਵਿਛਾਇਆ, ਪੋਹ ਦਾ ਮਹੀਨਾ। ਜਦੋਂ ਉਹਨੇ ਨਹੀਂ ਵਿਛਾਇਆ, ਮੈਂ ਵੀ ਨਹੀਂ ਵਿਛਾਇਆ। ਨਾ ਸਰ੍ਹਾਣੇ ਲਏ। ਜਦੋਂ ਠੰਢ ਨੇ ਬਹੁਤਾ ਜ਼ੋਰ ਕਰਨਾ, ਅਸੀਂ ਉਠ ਕੇ ਇਸ਼ਨਾਨ ਕਰ ਲੈਣਾ। ਸ੍ਵਾਸ ਨਾਲ ਖਿਚੋ ਨਾ ਜੇ, ਤਾਂ ਕਪੜੇ ਦੀ ਲੋੜ ਨਹੀਂ ਰਹਿੰਦੀ। ਗਰਮੀ ਆਪਣੇ ਸਰੀਰ 'ਚ ਹੀ ਐਨੀ ਹੋ ਜਾਂਦੀ ਹੈ। ਉਹਨੇ ਦਿਨ ਵਿਚ ਕੰਮ ਕਰਨ ਲਗ ਜਾਣਾ, ਮੈਂ ਚਲਿਆ ਜਾਣਾ ਸਰਕੜਿਆਂ 'ਚ। ਤਿੰਨ ਮਹੀਨੇ ਹੋਏ ਤਾਂ ਮੈਂ ਉਥੋਂ ਤੁਰ ਗਿਆ। ਕਹਿੰਦਾ, ਤੂੰ ਜਾਂਦਾ ਕਿਥੇ ਹੈਂ? ਮੈਂ ਕਿਹਾ ਕਿਤੇ ਵੀ ਨਹੀਂ। ਉਥੋਂ ਮੈਂ ਤੁਰਿਆ, ਸ਼ਾਮ ਨੂੰ ਮੈਂ ਚੀਮੇ ਪਹੁੰਚ ਗਿਆ। ਉਥੇ ਸੰਤ ਤੇਜਾ ਸਿੰਘ ਡਬਲ ਐਮ.ਏ. ਹੁੰਦੇ। ਉਥੇ ਰਹਿਰਾਸ ਦਾ ਟਾਈਮ ਹੋ ਗਿਆ, ਕਾਰ ਸੇਵਾ ਹੁੰਦੀ ਸੀ। ਉਥੇ ਮੈਂ ਇਕ ਕੋਠੜੀ 'ਚ ਬਹਿ ਗਿਆ। ਬਾਬੇ ਆਏ, ਸਾਰੀ ਸੰਗਤ ਨੂੰ ਦੇਖਿਆ ਉਨ੍ਹਾਂ ਨੇ। ਕਹਿੰਦੇ ਬਈ ਪ੍ਰਸ਼ਾਦੇ ਛਕੋ, ਪ੍ਰਸ਼ਾਦੇ ਛਕੋ, ਲੰਗਰ ਸ਼ੁਰੂ ਹੋ ਗਿਆ, ਰਹਿਰਾਸ ਸਾਹਿਬ ਦਾ ਪਾਠ ਹੋ ਗਿਆ ਹੁਣ। ਘਰ ਗਏ ਉਨ੍ਹਾਂ ਦੇ ਲੜਕੇ ਦਾ ਨਾਉਂ ਕੁਲਦੀਪ ਸਿੰਘ ਸੀ। ਕਹਿੰਦੇ, ਕੁਲਦੀਪ ਸਿੰਘ! ਇਕ ਆਪਣੇ ਗੁਰਦੁਆਰੇ 'ਚ ਮੁੰਡਾ ਆਇਆ ਬੈਠਾ ਹੈ, ਉਹ ਫਲਾਣੇ ਕੋਨੇ 'ਚ ਬੈਠਾ ਹੈ। ਉਹਨੂੰ ਘਰ ਲਿਆ, ਉਹਨੂੰ ਲੰਗਰ 'ਚ ਨਾ ਪ੍ਰਸ਼ਾਦਾ ਛਕਣ ਦੇਵੀਂ। ਉਹ ਮੈਨੂੰ ਲੈ ਗਿਆ। ਉਹਨਾਂ ਦੇ ਘਰੋਂ ਬੀਬੀ ਨੇ ਸਾਗ ਮੱਕੀ ਦੀ ਰੋਟੀ ਬਣਾਈ ਹੋਈ। ਚੁਲ੍ਹੇ ਦੇ ਕੋਲ ਜਿਵੇਂ ਘਰਦਿਆਂ ਨੂੰ ਬਿਠਾ ਕੇ ਛਕਾਈਦਾ ਹੈ ਇਵੇਂ ਪ੍ਰਸ਼ਾਦਾ ਛਕਾਇਆ। ਕਹਿੰਦੇ ਤੂੰ ਉਥੇ ਨਹੀਂ ਸੌਣਾ, ਇਥੇ ਘਰ 'ਚ ਹੀ ਪੈਣਾ ਹੈ। ਉਹ ਥਾਉਂ ਸੀ ਖੁਲ੍ਹਾ ਜਿਹਾ। ਮੈਂ ਸਾਰੀ ਰਾਤ ਜਾਗਦਾ ਰਿਹਾ ਕਿ ਮੈਂ ਇਸ਼ਨਾਨ ਕਰਨਾ ਹੈ, ਇਹ ਸਾਰੇ disturb ਹੋ ਜਾਣਗੇ। ਪਹਿਲਾਂ ਤਾਂ ਮੈਂ ਬੈਠਾ ਹੀ ਰਿਹਾ। ਫੇਰ ਮੈਂ ਹੌਲੀ ਹੌਲੀ ਉਠ ਕੇ ਇਸ਼ਨਾਨ ਕਰਿਆ। ਫੇਰ ਮੈਂ ਮੁੜ ਕੇ ਆਇਆ ਹੀ ਨਾ। ਪਹਿਲਾਂ ਉਥੇ ਬਾਹਰ ਬੈਠਾ ਰਿਹਾ, ਚਾਨਣਾ ਹੋਇਆ, ਉਥੋਂ ਮੈਂ ਅੱਗੇ ਨੂੰ ਤੁਰ ਪਿਆ, ਮਾਨਸਾ ਵਲ ਨੂੰ। ਤੁਰਦੇ-ਤੁਰਦੇ ਮੈਂ ਉਥੇ ਪਹੁੰਚ ਗਿਆ, ਮਾਨਸਾ ਤੋਂ ਪਰ੍ਹੇ ਇਕ ਪਿੰਡ ਸੀ। ਉਥੇ ਸੀਗੀ ਇਕ ਝਰੀ, ਉਹਦੇ ਵਿਚ ਵੜ ਗਿਆ ਮੈਂ। ਉਥੇ ਇਕ ਬੰਦਾ ਸੀ, ਉਹ ਮੈਨੂੰ ਇਕ ਟਾਈਮ ਪ੍ਰਸ਼ਾਦਾ ਦੇ ਜਾਂਦਾ ਸੀ। ਛੇ ਮਹੀਨੇ ਹੋ ਗਏ ਮੈਨੂੰ। ਮਹਾਰਾਜ ਜੀ ਆਏ, ਪਿੰਡ ਦੀਵਾਨ ਲੱਗੇ ਤੇ ਬੀਬੀ ਗਈ ਮੱਥਾ ਟੇਕਣ? ਮਹਾਰਾਜ ਜੀ ਦੀ ਪਛਾਣ ਇਹੋ ਜਿਹੀ ਸੀ ਕਿ ਇਕ ਵਾਰੀ ਦੇਖ ਕੇ ਫੇਰ ਨਹੀਂ ਸੀ ਭੁੱਲਦੇ। ਉਹ ਬੇਬੇ ਨੂੰ ਕਹਿਣ ਲੱਗੇ, ਵਰਿਆਮ ਸਿੰਘ ਕਿਥੇ ਹੈ? ਉਹ ਕਹਿਣ ਲੱਗੇ ਕਿ ਤੁਹਾਡੇ ਦੀਵਾਨ ਤੇ ਗਿਆ ਸੀ, ਸਾਨੂੰ ਤਾਂ ਆਪ ਉੱਘ ਸੁੱਘ ਨਹੀਂ ਕਿ ਕਿਥੇ ਹੈ ਕਿਥੇ ਨਹੀਂ ਹੈ? ਕੀ ਓਹਦਾ ਹਾਲ ਹੈ? ਉਹ ਅੰਤਰ ਧਿਆਨ ਹੋਏ। ਕਹਿੰਦੇ ਅੱਜ ਆ ਜਾਏਗਾ। ਸੁਰਤ ਮੇਰੀ ਬਹੁਤ ਉਪਰ ਚੜ੍ਹੀ ਹੋਈ ਸੀ। ਉਹ ਇਕ ਦਮ ਕੱਟ ਦਿਤੀ ਮਹਾਰਾਜ ਜੀ ਨੇ। ਇਕ ਦਮ ਮੈਨੂੰ ਸੋਝੀ ਆ ਗਈ ਸਰੀਰ ਦੀ। ਤੇਜ਼ੀ ਦੇ ਨਾਲ ਮੇਰੀ ਨਬਜ਼ ਚੱਲਣ ਲਗ ਗਈ, ਦਿਲ ਦੀ ਧੜਕਣ ਵਧ ਗਈ। ਸੰਤ ਕੋਈ ਖਿੱਚੇ ਨਾ, ਇਹ ਦੋਵੇਂ ਨਿਸ਼ਾਨੀਆਂ ਹੁੰਦੀਆਂ ਨੇ। ਮੈਂ ਫੇਰ ਸੁਰਤ ਖਿੱਚ ਲਈ। ਉਨ੍ਹਾਂ ਨੇ ਫੇਰ ਕੱਟ ਦਿਤੀ। ਤਿੰਨ ਵਾਰ ਏਸ ਤਰ੍ਹਾਂ ਹੋਇਆ। ਤੀਜੀ ਵਾਰੀ ਮੈਂ ਸੋਚਿਆ ਕਿ ਮੈਨੂੰ ਕੋਈ ਖਿੱਚ ਰਿਹਾ ਹੈ। ਮੈਨੂੰ ਖਿਆਲ ਆਇਆ ਕਿ ਹੋ ਸਕਦਾ ਹੈ ਕਿ ਮੈਂ ਬੀਬੀ ਨਾਲ ਧੱਕਾ ਹੀ ਕਰਿਆ ਹੈ। ਨਾ ਮੈਂ ਉਹਦਾ ਹਾਲ ਪੁਛਿਆ, ਨਾ ਕੋਈ ਗੱਲ ਕਰੀ ਹੈ। ਕਿਸੇ ਸੰਕਟ ਵਿਚ ਨਾ ਹੋਵੇ ਏਸ ਵੇਲੇ ਉਹ। ਮੈਂ ਉਥੋਂ ਦੌੜ ਕੇ ਮਾਨਸਾ ਸਟੇਸ਼ਨ ਤੇ ਪਹੁੰਚ ਗਿਆ, ਉਧਰੋਂ ਗੱਡੀ ਆ ਗਈ, ਬਾਬੂ ਨੂੰ ਮੈਂ ਪੈਸੇ ਫੜਾ ਦਿਤੇ, ਮੇਰੇ ਕੋਲ 12 ਕੁ ਆਨੇ ਸੀਗੇ। ਮੈਂ ਕਿਹਾ, ਮੈਨੂੰ ਟਿਕਟ ਦੇ ਦੇ। ਉਹਨੇ ਗਾਰਡ ਨੂੰ ਕਿਹਾ, ਗਾਰਡ ਨੇ ਗੱਡੀ ਹੌਲੀ ਕਰ ਲਈ, ਨੱਠ ਕੇ ਮੈਂ ਉਹਦੇ ਵਿਚ ਚੜ੍ਹ ਗਿਆ। ਪਿੰਡ ਆ ਗਿਆ। ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ ਸੀ। ਜਦੋਂ ਮੈਂ ਮੱਥਾ ਟੇਕਿਆ। ਇਸ਼ਾਰਾ ਕਰ ਦਿਤਾ ਕਿ ਇਥੇ ਬਹਿ ਜਾ ਆ ਕੇ। ਉਥੇ ਬਹਿ ਗਿਆ। ਮੈਨੂੰ ਬਾਹਰ ਲੈ ਗਏ, ਕਹਿੰਦੇ ਅੱਜ ਸਾਡੇ ਨਾਲ ਕੋਈ ਬੰਦਾ ਨਹੀਂ ਜਾਏਗਾ, ਇਹ ਜਾਏਗਾ ਸਾਡੇ ਨਾਲ। ਨਹਿਰ ਦੇ ਕੰਢੇ ਜਾ ਕੇ ਕੱਪੜਾ ਵਿਛਾ ਦਿਤਾ, ਉਥੇ ਬਹਿ ਗਏ। ਕਹਿੰਦੇ ਕਿਥੇ ਸੀਗਾ ਤੂੰ। ਮੈਂ ਕਿਹਾ ਕਿ ਮਹਾਰਾਜ! ਮੈਂ ਮਾਨਸਾ ਸੀ। ਕਹਿੰਦੇ ਅਸੀਂ 10 ਵਜੇ ਘਰ ਗਏ ਸੀਗੇ। ਉਥੇ ਬੀਬੀ ਆਈ ਸੀ ਮੱਥਾ ਟੇਕਣ। ਸਾਡੇ ਮਨ ਵਿਚ ਬੜਾ ਤਰਸ ਜਿਹਾ ਆਇਆ ਕਿ ਉਹ ਵਿਚਾਰੀ ਪਤਾ ਨਹੀਂ ਕਿਵੇਂ ਹੋਣੀ, ਉਹ ਪਤਾ ਨਹੀਂ ਕਿਧਰ ਗਿਆ ਹੋਇਆ ਹੈ। ਬੀਬੀ ਨੂੰ ਪੁਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਤਾਂ ਛੇ ਮਹੀਨੇ ਤੋਂ ਨਹੀਂ ਪਤਾ ਕਿ ਕਿਥੇ ਹੈ। ਮੈਂ ਕਿਹਾ ਕਿ ਅੱਜ ਆ ਜਾਏਗਾ। ਮੈਂ ਕਿਹਾ ਮਹਾਰਾਜ! ਐਨੇ ਜ਼ੋਰ ਦੀ ਖਿਚਿਆ, ਪੂਰੀ ਸੁਰਤ ਤੋੜ ਦਿਤੀ ਉਥੋਂ। ਕਹਿੰਦੇ ਤੂੰ ਆਉਣਾ ਨਹੀਂ ਸੀ ਜੇ ਅਸੀਂ ਤੇਰੀ ਸੁਰਤ ਨਹੀਂ ਸੀ ਤੋੜਦੇ। ਸੋ ਇਸੇ ਤਰ੍ਹਾਂ ਨਾਲ ਮਹਾਰਾਜ ਜੀ ਧਿਆਨ ਰਖਦੇ ਸੀ ਮੇਰਾ।

ਮੈਂ ਸਿੰਧ ਦੀ ਗੱਲ ਕਰਦਾ ਸੀ ਨਾ। ਮਾਂ ਬਾਪ ਕਹਿਣ ਲੱਗੇ ਮਹਾਰਾਜ ਜੀ ਨੂੰ ਕਿ ਉਹ ਤਾਂ ਸਿੰਧ 'ਚ ਰਹਿੰਦਾ ਹੈ, ਕੋਈ ਪਤਾ ਨਹੀਂ ਉਹਦਾ ਕਿ ਕੀ ਕਰਦਾ ਹੈ ਉਹਦਾ ਕੀ ਨਹੀਂ ਕਰਦਾ। ਮਹਾਰਾਜ ਕਹਿੰਦੇ, ਬੁਲਾ ਦਿੰਦੇ ਹਾਂ ਅਸੀਂ। ਮਹਾਰਾਜ ਜੀ ਨੇ ਚਿੱਠੀ ਲਿਖ ਦਿਤੀ ਮੈਨੂੰ। ਕਹਿੰਦੇ ਆਹ

(ਬਾਕੀ ਪੰਨਾ 37 ਤੇ)

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

ਮਹਾਨ ਯੋਗੀ ਪਰਮ ਪੁਰਸ਼ ਡਾ. ਸਵਾਮੀ ਰਾਮ ਜੀ ਸੰਸਾਰ ਪ੍ਰਸਿੱਧ ਮਹਾਨ ਯੋਗੀ ਹੋਏ ਹਨ ਜਿਨ੍ਹਾਂ ਦਾ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਨਾਲ ਬਹੁਤ ਹੀ ਦਿਲੀ ਪਿਆਰ ਸੀ। ਮਹਾਂਪੁਰਸ਼ਾਂ ਨੇ ਸਰੀਰ ਕਾਲ ਵਿਚ ਵਿਚਰਦਿਆਂ ਇਸ ਧਰਤੀ ਦੇ ਰੰਗ ਮੰਚ ਉਪਰ ਅਨੇਕਾਂ ਹੀ ਕਰਮਯੋਗੀ ਵਾਂਗੂੰ ਕਰਤੱਵ ਕੀਤੇ ਹਨ ਜਿਸ ਦੀ ਅਮਿਟ ਛਾਪ ਸਦਾ ਵਾਸਤੇ ਕਾਇਮ ਰਹੇਗੀ। ਉਨ੍ਹਾਂ ਦੇ ਹੀ ਆਦੇਸ਼ ਮੁਤਾਬਿਕ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਵਲੋਂ ਪਰਮ ਪੂਜਯ ਬੀਜੀ ਦੇ ਅਸ਼ੀਰਵਾਦ ਦੇ ਨਾਲ ਦਿਨ ਰਾਤ ਦੀ ਮਿਹਨਤ ਕਰਕੇ ਸਵਾਮੀ ਜੀ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਆਤਮ ਮਾਰਗ ਵਿਚ ਸਮੇਂ-ਸਮੇਂ ਛਪਦਾ ਆ ਰਿਹਾ ਹੈ। ਪਾਠਕਾਂ ਦੇ ਅਨੇਕਾਂ ਹੀ ਪਿਆਰ ਸਤਿਕਾਰ ਭਰੇ ਪੱਤਰ ਰੋਜ਼ ਨਿਤ ਦਿਹਾੜੇ ਆਤਮ ਮਾਰਗ ਅਦਾਰੇ ਨੂੰ ਪ੍ਰਾਪਤ ਹੋ ਰਹੇ ਹਨ ਜਿਸ ਤੋਂ ਜਗਿਆਸੂਆਂ ਦੀ ਤੀਬਰ ਤਾਂਘ, ਇੱਛਾ ਸ਼ਕਤੀ ਦਾ ਪਤਾ ਲਗਦਾ ਹੈ। ਡਾ. ਬੀਬੀ ਤੇਜਿੰਦਰ ਮਲਹੋਤਰਾ ਆਪਣੇ ਪਿਆਰੇ ਦੇ ਪਿਆਰ ਅੰਦਰ ਜੀਵਨ ਬਤੀਤ ਕਰਦੇ ਹੋਏ ਮਹਾਨ ਫਿਲਾਸਫੀ ਨੂੰ ਪੰਜਾਬੀ ਬੋਲੀ ਦੇ ਸਿੱਧੇ-ਸਾਧੇ ਸ਼ਬਦਾਂ ਵਿਚ ਅਨੁਵਾਦ ਕਰ ਰਹੇ ਹਨ। ਸਾਰੇ ਹੀ ਤੱਤ ਬੇਤੇ ਅਨੁਭਵੀ ਮਹਾਂਪੁਰਸ਼ਾਂ ਦਾ ਉਪਦੇਸ਼ ਸਰਬ ਸਾਂਝਾ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਸਤਿ ਬਚਨ ਸਾਧੂ ਕਹਹਿ............॥ ਅੰਗ-807***

ਆਤਮ ਮਾਰਗ ਪਤ੍ਰਿਕਾ ਦਾ ਇਕ ਇਕ ਅੱਖਰ ਗੁਰਬਾਣੀ ਦੇ ਪ੍ਰਕਾਸ਼ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕੋਈ ਵੀ ਰਾਗ ਦ੍ਵੈਸ਼ ਵਾਲਾ ਸ਼ਬਦ ਨਹੀਂ ਲਿਖਿਆ ਜਾਂਦਾ ਕੇਵਲ ਤੇ ਕੇਵਲ ਅਦ੍ਵੈਤ ਸਿਧਾਂਤ ਉਪਰ ਹੀ ਅਧਾਰਿਤ ਹੁੰਦਾ ਹੈ, ਤਾਂ ਹੀ ਇਸ ਰੂਹਾਨੀ ਪਤ੍ਰਿਕਾ ਨੂੰ ਹਿੰਦੀ, ਅੰਗਰੇਜ਼ੀ ਵਿਚ ਵੀ ਹਰ ਮਜ਼ਹਬ ਦਾ ਜਗਿਆਸੂ ਪੜ੍ਹ ਕੇ ਆਤਮ ਮਾਰਗ ਦਾ ਪਾਂਧੀ ਬਣ ਰਿਹਾ ਹੈ।

ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਗੁਰੂ ਕ੍ਰਿਪਾ ਕਰਨ ਬੀਬੀ ਤੇਜਿੰਦਰ ਮਲਹੋਤਰਾ ਇਸੇ ਤਰ੍ਹਾਂ ਹੀ ਮਹਾਨ ਸੇਵਾ ਆਪਣੇ ਪਿਆਰੇ ਦੇ ਪਿਆਰ ਵਿਚ ਸਾਧੂ ਸੰਤਾਂ ਮਹਾਂਪੁਰਸ਼ਾਂ ਦੀ ਫਿਲਾਸਫੀ ਦਾ ਪੰਜਾਬੀ ਅਨੁਵਾਦ ਕਰਕੇ ਆਪਣੇ ਪਿਆਰੇ ਦੀਆਂ ਖੁਸ਼ੀਆਂ ਦੇ ਪਾਤਰ ਹੋਣ। ਸਾਨੂੰ ਆਸ ਹੈ ਕਿ ਆਤਮ ਮਾਰਗ ਦੇ ਸਮੂੰਹ ਪਾਠਕ ਇਸ ਤਰ੍ਹਾਂ ਦੀਆਂ ਮਹਾਨ ਲਿਖਤਾਂ ਤੋਂ ਪੂਰਾ ਪੂਰਾ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨਗੇ। ***ਹਰਪਾਲ ਸਿੰਘ***

## ਰਿਸ਼ੀਆਂ ਮੁਨੀਆਂ ਦਾ ਡੂੰਘਾ ਬ੍ਰਹਮਗਿਆਨ

ਮਨੁੱਖ ਇਤਿਹਾਸ ਦੀ ਲਾਇਬ੍ਰੇਰੀ ਵਿਚ ਵੈਦਿਕ ਸਾਹਿਤ ਸਭ ਤੋਂ ਪ੍ਰਾਚੀਨ ਸਾਹਿਤ ਹੈ। ਇਹ ਸਾਹਿਤ ਇਕ ਗਰਮ ਦੇਸ਼ ਦੇ ਇਕ ਘਣੇ ਜੰਗਲ ਦੀ ਤਰ੍ਹਾਂ ਹੈ। ਕੋਈ ਕਰਮਾਂ ਵਾਲਾ ਹੀ ਹੈ ਜਿਹੜਾ ਧੀਰਜ ਨਾਲ, ਸਹਿਜ ਨਾਲ ਇਸ ਸਾਫ ਸੁਥਰੇ ਪਰ ਔਖੇ ਤੇ ਸੂਖਮ ਰਾਹ ਤੋਂ ਸਥਿਰ ਹੋ ਕੇ ਲੰਘਦਾ ਹੈ। ਇਸ ਘਣੇ ਤੇ ਡੂੰਘੇ ਜੰਗਲ ਵਿਚੋਂ ਲੰਘ ਕੇ ਇਕ ਖੋਜੀ ਆਦਮ (eden) ਦੇ ਬਾਗ ਵਿਚ ਪਹੁੰਚਦਾ ਹੈ। ਇਥੇ ਪਹੁੰਚ ਕੇ ਉਸ ਨੂੰ ਰਿਸ਼ੀਆਂ ਮੁਨੀਆਂ ਦੇ ਦਰਸ਼ਨ ਹੁੰਦੇ ਹਨ। ਰਿਸ਼ੀ ਮੁਨੀ ਇਥੇ ਆਪਣੇ ਅਨੰਦ ਵਿਚ ਬੈਠੇ ਅਜਰ, ਅਮਰ, ਫੁਲਾਂ ਦੀ ਸੁਗੰਧ ਮਾਣ ਰਹੇ ਹਨ ਤੇ ਆਪਣੀ ਗਿਆਨ ਅਵਸਥਾ ਵਲ ਜਾ ਰਹੇ ਹਨ। ਇਹ ਬਿਲਕੁਲ ਸੱਚ ਹੈ। ਜਦੋਂ ਵੀ ਕੋਈ ਜਗਿਆਸੂ ਪੂਰੀ, ਸੱਚੀ ਲਗਨ ਨਾਲ ਆਤਮ ਮਾਰਗ ਤੇ ਤੁਰਦਾ ਹੈ, ਅਧਿਆਤਮ ਦੀ ਖੋਜ ਵਿਚ ਜਾਂਦਾ ਹੈ, ਆਪਣੀ ਸੋਚ, ਕਥਨੀ, ਕਰਨੀ ਤੇ ਪੂਰਾ ਕਾਬੂ ਰਖਦਾ ਹੈ, ਉਸ ਨੂੰ ਸਤਿ ਦੀ ਪ੍ਰਾਪਤੀ ਹੋ ਜਾਂਦੀ ਹੈ।

ਵੈਦਕ ਸਾਹਿਤ ਪੜ੍ਹ ਕੇ, ਉਸ ਦੀ ਡੂੰਘਾਈ ਤਕ ਜਾ ਕੇ ਇਹ ਜਗਿਆਸੂ ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਕਰ ਹੀ ਲੈਂਦੇ ਹਨ। ਇਨ੍ਹਾਂ ਗ੍ਰੰਥਾਂ ਦਾ ਵਿਸ਼ਾ ਸੰਸਾਰਕ ਇੰਦਰੀਆਂ ਦੀ ਸਮਝ ਤੋਂ ਬਾਹਰ ਹੈ। ਬੁੱਧੀ ਤੋਂ ਵੀ ਬਾਹਰ ਹੈ, ਬੁੱਧੀ ਵੀ ਇਸ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਜਾਣ ਸਕਦੀ। ਉਪਨਿਸ਼ਦਾਂ ਦੀ ਸਿਖਿਆ ਕੋਈ ਰੂੜੀਬੱਧ ਨਹੀਂ, ਕੋਈ ਕੱਟੜਵਾਦ ਦੀ ਸਿਖਿਆ ਨਹੀਂ ਹੈ। ਇਹ ਸਿਖਿਆ ਇਕ ਵਿਸ਼ਵ ਦੀ ਸਾਂਝੀ ਸਿਖਿਆ ਹੈ। ਇਹ ਸਮੇਂ, ਪੁਲਾੜ, ਕਾਰਨਤਾ ਦੀ ਸੀਮਾ ਤੋਂ ਪਰ੍ਹੇ ਹੈ।

ਉਪਨਿਸ਼ਦਾਂ ਦਾ ਗਿਆਨ ਸਥਾਈ ਹੈ ਭਾਵੇਂ ਇਸ ਦੇ ਅਲੰਕਾਰ, ਮੂਰਤੀ ਨਿਰਮਾਣ, ਸੰਕੇਤ ਨਿਸ਼ਾਨ ਤੇ ਦ੍ਰਿਸਟਾਂਤ ਵੱਖ ਹੋ ਗਏ ਹੋਣ, ਬਦਲ ਗਏ ਹਨ। ਜਿਹੜੇ ਉਪਨਿਸ਼ਦਾਂ ਨੂੰ ਪੜ੍ਹਨ ਦਾ ਸ਼ੌਂਕ ਰਖਦੇ ਹਨ ਉਹ ਪਹਿਲਾਂ ਇਨ੍ਹਾਂ ਚਿੰਨ੍ਹਾਂ ਨੂੰ ਅਲੰਕਾਰਾਂ ਨੂੰ ਦ੍ਰਿਸ਼ਟਾਂਤਾਂ ਨੂੰ ਸਮਝਣਾ ਸਿੱਖਣ, ਉਨ੍ਹਾਂ ਨੂੰ ਜਾਨਣਾ ਸਿੱਖਣ, ਫੇਰ ਹੀ ਉਹ ਇਨ੍ਹਾਂ ਨੂੰ ਸਮਝ ਸਕਣਗੇ।

ਉਪਨਿਸ਼ਦਾਂ ਦੀ ਸਿਖਿਆ ਦਾ ਇਕ ਵਸਤੂ ਵਿਸ਼ਾ ਹੈ, ਉਹ ਹੈ ਮੁਕਤੀ, ਛੁਟਕਾਰਾ, ਇਹ ਸਿਖਿਆ ਸਦਾ ਬਹਾਰ ਹੈ, ਜਦੋਂ ਪੜ੍ਹੋ ਬਿਲਕੁਲ ਨਵੀਂ ਨਕੋਰ ਹੈ, ਓਨੀ ਹੀ

ਰੌਚਕ ਹੈ ਜਿੰਨੀਆਂ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਸੀ। ਸਾਰੇ ਉਪਨਿਸ਼ਦਾਂ ਦੀ ਸਿਖਿਆ ਜਗਿਆਸੂ ਨੂੰ ਆਤਮਾ ਪ੍ਰਤੀ ਸੂਝਵਾਨ ਕਰਦੀ ਹੈ। ਆਤਮਾ ਦਾ ਬ੍ਰਹਮਾ ਨਾਲ ਕੀ ਰਿਸ਼ਤਾ ਹੈ? ਇਹ ਦਸਦੀ ਹੈ। ਮਨੁੱਖ ਦਾ ਸਤਿ ਨਾਲ, ਪ੍ਰਮਾਤਮਾ ਨਾਲ ਕੀ ਰਿਸ਼ਤਾ ਹੈ? ਇਸ ਬਾਰੇ ਗਿਆਨ ਕਰਾਉਂਦੇ ਹਨ। ਇਹ ਹੀ ਉਪਨਿਸ਼ਦਾਂ ਦਾ ਨਿਚੋੜ ਹੈ, ਇਹ ਹੀ ਇਕ ਕੇਂਦਰੀ ਵਿਸ਼ਾ ਹੈ।

ਇਨ੍ਹਾਂ ਵਿਚ ਮਹਾਂਵਾਕ ਹਨ ਬੜੀਆਂ ਡੂੰਘੀਆਂ ਸੱਚੀਆਂ ਕਥਾਵਾਂ ਹਨ ਜਿਵੇਂ ਕਿ 'ਤੱਤ ਤਵੱਮ ਅਸੀ' ਤੂੰ ਹੀ ਹੈ, ਤੂੰ ਹੀ ਉਹ ਹੈਂ। ਹੋਰ ਹੈ 'ਅਹੰਮ ਬ੍ਰਹਮ ਅਸਮੀ' ਮੈਂ ਹੀ ਬ੍ਰਹਮ ਹਾਂ। 'ਸਰਵੰਮ ਖਾਲੂ ਇਦਮ ਬ੍ਰਹਮ' ਇਹ ਸਭ ਬ੍ਰਹਮ ਹੈ। ਪਰ ਇਥੇ ਇਹ ਦੱਸ ਦੇਣਾ ਅਵਸ਼ਕ ਹੋਵੇਗਾ ਕਿ ਜਦੋਂ ਤਕ ਜਗਿਆਸੂ ਇਹ ਗਿਆਨ ਲੈਣ ਲਈ ਤਿਆਰ ਨਹੀਂ ਹੋਵੇਗਾ। ਉਦੋਂ ਤਕ ਉਹ ਇਹ ਸਭ ਕੁਝ ਨਹੀਂ ਸਮਝ ਸਕਦਾ, ਬਹੁਤ ਵਾਰੀ ਇਨ੍ਹਾਂ ਵਿਚ ਵਿਰੋਧ ਲਗਦਾ ਹੈ, ਖੰਡਨ ਲਗਦਾ ਹੈ, ਵਾਸਤਵ ਵਿਚ ਇਹ ਖੰਡਨ ਨਹੀਂ ਹੈ ਇਹ ਤਾਂ ਤੁਹਾਡੀ ਸਾਧਨਾ ਦੀਆਂ ਪੌੜੀਆਂ ਹਨ, ਤੁਹਾਡੀ ਸਾਧਨਾ ਦੀ ਸਥਿਤੀ ਹੈ।

ਇਹ ਸਾਹਿਤ ਸਾਰੀ ਮਨੁੱਖਤਾ ਲਈ ਹੈ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ ਭਵਿੱਖ ਜਾਨਣਾ ਚਾਹੁੰਦੇ ਹਨ। ਭਵਿੱਖ ਬਾਰੇ ਉਤਸੁਕ ਹਨ। ਉਹ ਉਪਨਿਸ਼ਦਾਂ ਅਨੁਸਾਰ ਅਨੁਸਾਸ਼ਨ ਪੈਦਾ ਕਰ ਸਕਦੇ ਹਨ। ਉਨ੍ਹਾਂ ਦੀ ਸਿਖਿਆ ਗ੍ਰਹਿਣ ਕਰ ਸਕਦੇ ਹਨ। ਅੱਜ ਦਾ ਜਗਿਆਸੂ ਆਪਣੇ ਆਪ ਨੂੰ ਗੁਆਚਿਆ ਮਹਿਸੂਸ ਕਰਦਾ ਹੈ। ਬਿਲਕੁਲ ਅਸੰਤੁਸ਼ਟ ਮਹਿਸੂਸ ਕਰਦਾ ਹੈ, ਸਾਰੇ ਸੰਸਾਰ ਵਿਚ ਧੂੰਆਂਧਾਰ ਫੈਲਿਆ ਹੋਇਆ ਹੈ। ਗੁਬਾਰ ਛਾਇਆ ਪਿਆ ਹੈ, ਮਾਇਆ ਦਾ ਪਸਾਰਾ ਹੀ ਦਿਸਦਾ ਹੈ। ਸਾਰੇ ਸੰਸਾਰ ਦੇ ਪ੍ਰਾਣੀ ਸੁੱਖ ਦਾ ਸਾਹ ਲੈਣਾ ਲੋਚਦੇ ਹਨ। ਕੋਈ ਨਵੀਨਤਾ, ਕੋਈ ਰਾਹਤ ਮਹਿਸੂਸ ਕਰਨਾ ਚਾਹੁੰਦੇ ਹਨ। ਇਹ ਕਰਨ ਲਈ ਭਾਵ ਨਵੀਨਤਾ ਲਈ ਤਾਜ਼ਗੀ ਲਈ ਉਨ੍ਹਾਂ ਨੂੰ ਉਪਨਿਸ਼ਦਾਂ ਦੇ ਗਿਆਨ ਵਿਚ ਟੁੱਭੀ ਲਾਉਣੀ ਚਾਹੀਦੀ ਹੈ, ਜੇ ਉਹ ਉਪਨਿਸ਼ਦਾਂ ਦੇ ਗਿਆਨ ਸਾਗਰ ਵਿਚ ਟੁੱਭੀ ਲਾਉਣਗੇ, ਉਨ੍ਹਾਂ ਨੂੰ ਗਿਆਨ ਦੇ ਮੋਤੀ ਪ੍ਰਾਪਤ ਹੋਣਗੇ ਹੀ, ਨਾਲ ਹੀ ਉਨ੍ਹਾਂ ਨੂੰ ਅਮਰ ਸੁਆਸ ਵੀ ਪ੍ਰਾਪਤ ਹੋਣਗੇ। ਇਹ ਹੀ ਵਿਸ਼ਵ ਦਾ ਇਕ ਬੜਾ ਭਾਰਾ ਸੋਮਾ ਹੈ।

ਥੱਕਿਆ ਹੋਇਆ ਜਗਿਆਸੂ ਜੇ ਕਿਸੇ ਵੀ ਸਮੱਸਿਆ ਦੇ ਸਮਾਧਾਨ ਲੱਭ ਰਿਹਾ ਹੈ ਕਿਸੇ ਉਲਝਣ ਨੂੰ ਸੁਲਝਾਉਣਾ ਚਾਹੁੰਦਾ ਹੈ, ਉਸ ਨੂੰ ਜਵਾਬ ਉਪਨਿਸ਼ਦਾਂ ਵਿਚ ਹੀ ਮਿਲੇਗਾ। ਉਪਨਿਸ਼ਦ ਕਹਿੰਦੇ ਹਨ ਅੰਦਰ ਜਾਓ, ਅੰਦਰ ਝਾਤੀ ਮਾਰੋ, ਅੰਤਰਮੁਖੀ ਹੋ ਜਾਓ, ਅੰਦਰੋਂ ਹੀ ਮਿਲੇਗਾ। ਜਦੋਂ ਵੀ ਇਹ ਜਾਣ ਜਾਂਦਾ ਹੈ ਕਿ ਉਸ ਦੀ ਆਤਮਾ ਹੀ ਪ੍ਰਮਾਤਮਾ ਹੈ, ਉਸ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ। ਬੇੜੀਆਂ ਟੁੱਟ ਜਾਂਦੀਆਂ ਹਨ, ਉਹ ਪੂਰੀ ਤਰ੍ਹਾਂ ਨਾਲ ਸੁਤੰਤਰ ਹੋ ਜਾਂਦਾ ਹੈ।

ਉਪਨਿਸ਼ਦਾਂ ਦੀ ਸਿਖਿਆ ਤਾਂ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਬਾਗ ਵਿਚੋਂ ਫੁੱਲ ਇਕੱਠੇ ਕੀਤੇ ਜਾਣ, ਵੱਡੇ-ਵੱਡੇ ਸਿੱਧ ਪੁਰਖ, ਗੁਰੂ ਇਨ੍ਹਾਂ ਨੇ ਤਾਂ ਉਪਨਿਸ਼ਦਾਂ ਦੇ ਗਿਆਨ ਨੂੰ ਕੇਵਲ ਇਕ ਧਾਗੇ ਵਿਚ ਹੀ ਪਰੋਇਆ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਹਰ ਸਿਖਿਆ ਦਾ ਇਕ ਹਾਰ ਪਰੋ ਦਿਤਾ ਹੈ। ਅੱਜ ਦਾ ਸੰਸਾਰ ਬੜੇ ਹੀ ਭਿਆਨਕ ਮੋੜ ਤੋਂ ਲੰਘ ਰਿਹਾ ਹੈ, ਹਰ ਕੋਈ ਦਬਾਓ ਮਹਿਸੂਸ ਕਰ ਰਿਹਾ ਹੈ, ਬਹੁਤ ਹੀ ਜ਼ਿਆਦਾ ਨਾ-ਖੁਸ਼ ਹੈ, ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ। ਮਨੁਖਤਾ ਨੂੰ ਇਹ ਬਿਲਕੁਲ ਭੁੱਲ ਗਿਆ ਹੈ ਕਿ ਉਨ੍ਹਾਂ ਦੇ ਇਤਿਹਾਸ ਦਾ ਚਾਨਣ-ਮੁਨਾਰਾ ਕੀ ਹੈ। ਹਰ ਜਗ੍ਹਾ ਤੇ ਬੇਅੰਤ ਬੇਚੈਨੀ ਹੈ, ਭਵਿੱਖ ਬਿਲਕੁਲ ਧੁੰਦਲਾ ਪਿਆ ਹੈ ਤੇ ਬਿਲਕੁਲ ਇਸ ਤਰ੍ਹਾਂ ਲਗ ਰਿਹਾ ਹੈ ਜਿਵੇਂ ਅਸੀਂ ਹਨ੍ਹੇਰੇ ਵਿਚ ਜਾ ਰਹੇ ਹੋਈਏ।

ਇਸ ਸਾਰੇ ਸੰਘਰਸ਼ ਤੋਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਆਉਣ ਵਾਲੇ ਸਮੇਂ ਵਿਚ ਕੋਈ ਕਿਰਨ ਚਮਕੇਗੀ ਜਿਸ ਤੋਂ ਅੱਗੇ ਫੇਰ ਮਨੁੱਖਤਾ ਦਾ ਫੁੱਲ ਖੇੜੇ ਵਿਚ ਆਵੇਗਾ ਤੇ ਸਭਿਅਤਾ ਦਾ ਅਗਲਾ ਪੰਨਾ ਲਿਖਿਆ ਜਾਵੇਗਾ। ਅਜੇ ਤਾਂ ਅਸੀਂ ਜਿਵੇਂ ਖੜ੍ਹੇ ਪਾਣੀ ਦੀ ਘੁੰਮਣ ਘੇਰੀ ਵਿਚ ਫਸ ਗਏ ਹਾਂ। ਬੁੱਧੀਜੀਵੀ ਇਸ ਗੱਲ ਤੋਂ ਕਾਫੀ ਫਿਕਰਮੰਦ ਹਨ ਕਿ ਅੱਜ ਦੀ ਮਾਨਵਤਾ ਕਿੰਨੀ ਪੀੜਤ ਹੈ, ਪਰ ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਇਸ ਤੋਂ ਬਾਅਦ ਇਹ ਉਹ ਮੋੜ ਆਵੇਗਾ ਜਦੋਂ ਨਵੀਂ ਰੋਸ਼ਨੀ ਚਮਕੇਗੀ, ਉਸ ਤੋਂ ਨਵੇਂ ਭਵਿੱਖ ਦਾ ਨਿਰਮਾਣ ਹੋਵੇਗਾ ਜਿਹੜਾ ਸਾਨੂੰ ਸਾਡੇ ਟਿਕਾਣੇ ਤੇ ਪਹੁੰਚਾ ਦੇਵੇਗਾ।

ਅੱਜ ਦੇ ਵਿਗਿਆਨਕ ਉਨ੍ਹਾਂ ਨਵੇਂ ਤਰੀਕਿਆਂ ਦੀ ਖੋਜ ਦੇਖ ਰਹੇ ਹਨ ਜਿਹੜੇ ਵਿਗਿਆਨ ਦੇ ਆਤਮਕ ਸਿੱਟੇ ਕੱਢ ਕੇ ਦੇ ਸਕਣ। ਇਹ ਸੰਭਵ ਹੈ ਕਿ ਉਪਨਿਸ਼ਦਾਂ ਦੀ ਫਿਲੌਸਫੀ ਉਨ੍ਹਾਂ ਦਾ ਗਿਆਨ ਇਸ ਜ਼ਰੂਰਤ ਨੂੰ ਪੂਰਾ ਕਰ ਦੇਵੇਗੀ ਤੇ ਉਨ੍ਹਾਂ ਨੂੰ ਚਾਨਣ ਦੇ ਦੇਵੇਗੀ ਜਿਹੜੇ ਹਨ੍ਹੇਰੇ ਨੂੰ ਜਾਣ ਗਏ ਹਨ ਤੇ ਇਹ ਜਾਣਦੇ ਹਨ ਕਿ ਹਨ੍ਹੇਰੇ ਦਾ ਪਸਾਰਾ ਚਾਰੋਂ ਪਾਸੇ ਫੈਲਿਆ ਹੋਇਆ ਹੈ। ਅਸੀਂ ਆਪਣੇ ਜੀਵਨ ਵਿਚ ਆਪ ਹੀ ਬਹੁਤ ਸਾਰਾ ਘੜਮੱਸ ਪਾ ਲਿਆ ਹੈ, ਅਸੀਂ ਜੀਵਨ ਦੀ ਭੇਡ ਚਾਲ ਵਿਚ ਤੁਰ ਪਏ ਹਾਂ ਤੇ ਹੁਣ ਇਹ ਸਾਡੇ ਵਸ ਤੋਂ ਬਾਹਰ ਹੋ ਗਈ ਹੈ।

ਮੈਂ ਇਸ ਗੱਲ ਦੀ ਆਸ ਕਰਦਾ ਹਾਂ ਕਿ ਅੱਜ ਦੇ ਭਾਈ ਅੱਜ ਦੀਆਂ ਬੀਬੀਆਂ ਛੇਤੀ ਤੋਂ ਛੇਤੀ ਮੁੜ ਕੇ ਘਰ ਆ ਜਾਣ ਤੇ ਪੁਰਾਤਨ ਖੋਜਾਂ ਦੀਆਂ ਕੀਮਤਾਂ ਕਦਰਾਂ ਨੂੰ ਸਮਝ ਲੈਣ। ਅੱਜ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਦੋ ਪਹਿਲੂ ਹਨ, ਇਕ ਬਾਹਰੀ ਦੂਸਰਾ ਅੰਦਰੂਨੀ। ਇਸ ਤਰ੍ਹਾਂ ਕਰਨ ਨਾਲ ਭੌਤਿਕ ਵਿਗਿਆਨ ਆਰਾਮ ਦਾ ਇਕ ਸਾਧਨ

ਬਣ ਸਕਦੇ ਹਨ ਤੇ ਦੂਸਰੇ ਪਾਸੇ ਪੁਰਾਤਨ ਵਿਗਿਆਨ ਜਿਵੇਂ ਕਿ ਉਪਨਿਸ਼ਦ ਮਨੁੱਖ ਨੂੰ ਉਸ ਦੇ ਅੰਦਰ ਨੂੰ ਖੋਜ ਕੇ ਪ੍ਰਗਟ ਕਰਨ ਵਿਚ ਸਹਾਈ ਹੋ ਸਕਦਾ ਹੈ ਤੇ ਅੰਦਰ ਦੀਆਂ ਡੂੰਘੀਆਂ ਖੋਜਾਂ ਕਰ ਸਕਦਾ ਹੈ। ਅੰਦਰ ਤੇ ਬਾਹਰ ਦੇ ਇਸ ਜੀਵਨ ਵਿਚ ਸੇਤੂ ਬਣਾਏ ਬਿਨਾਂ, ਪੁਰਾਤਨ ਤੇ ਅਜੋਕੇ ਸੰਸਾਰ ਤੇ ਸੇਤੂ ਬਣਾਏ ਬਿਨਾਂ, ਸ਼ਾਂਤੀ, ਖੁਸ਼ੀ, ਵਿਸਮਾਦ, ਅਨੰਦ ਇਨ੍ਹਾਂ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ।

## ਉਪਨਿਸ਼ਦ

ਜਿਵੇਂ ਕਿ ਅਸੀਂ ਪਹਿਲੇ ਦੱਸ ਆਏ ਹਾਂ ਕਿ ਵੇਦ ਸਭ ਤੋਂ ਪੁਰਾਤਨ ਗ੍ਰੰਥ ਹਨ। ਵੇਦਾਂ ਨੂੰ ਸਾਹਿਤ ਦੇ ਪੱਖੋਂ ਵੀ ਚਾਨਣ ਮੁਨਾਰਾ ਮੰਨਿਆ ਜਾਂਦਾ ਹੈ। ਵੇਦ ਸ਼ਬਦ ਸੰਸਕ੍ਰਿਤ ਦੇ ਸ਼ਬਦ ਤੋਂ ਆਇਆ ਹੈ ਇਸ ਦੇ ਅਰਥ ਹਨ ਜਾਨਣਾ ਜਾਂ ਗਿਆਨ। ਇਹ ਉਤਮ ਗਿਆਨ ਪਰਾ ਵਿਗਿਆਨ ਦਾ ਸਰੋਤ ਹਨ ਇਨ੍ਹਾਂ ਗ੍ਰੰਥਾਂ ਵਿਚ ਬ੍ਰਹਮ ਸ਼ਬਦ ਹਨ, ਇਹ ਗਿਆਨ ਬ੍ਰਹਮ ਗਿਆਨ ਹੈ।

ਬ੍ਰਾਹਮਣ ਗ੍ਰੰਥ ਇਸ ਗਿਆਨ ਦੇ ਰੱਖਣ ਵਾਲੇ ਇਸ ਦੇ ਧਰੋਹਰ ਸੀ। ਇਹ ਬ੍ਰਹਮ ਸ਼ਬਦ ਹਨ ਇਨ੍ਹਾਂ ਦੀ ਰਚਨਾ ਕਿਸ ਮਨੁੱਖ ਦੀ ਕੀਤੀ ਹੋਈ ਨਹੀਂ ਹੈ, ਜੀਵਨ ਦਾਤਾ, ਵਿਸ਼ਵ ਕਰਤਾ ਨੇ ਵਿਸ਼ਵ ਦੀ ਰਚਨਾ ਵੇਦਾਂ ਦੇ ਗਿਆਨ ਤੋਂ ਹੀ ਕੀਤੀ ਹੈ, ਇਹ ਪ੍ਰਮਾਤਮਾ ਹੀ, ਕਰਤਾ ਹੀ, ਇਹ ਗਿਆਨ ਬਿਨਾਂ ਕਿਸੇ ਉਚੇਚੇ ਦੇ ਅੱਗੇ ਰੱਖ ਸਕਦਾ ਹੈ, ਬਿਲਕੁਲ ਓਨੀਂ ਹੀ ਸਰਲਤਾ ਨਾਲ ਜਿੰਨੀ ਸਰਲਤਾ ਨਾਲ ਸ੍ਵਾਸ ਲੈਂਦੇ ਹਾਂ।

ਮੰਡੂਕ ਉਪਨਿਸ਼ਦ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦੇ ਹੋਂਦ ਵਿਚ ਆਉਣ ਦੇ ਸਮੇਂ ਪ੍ਰਭੂ ਨੇ ਵੇਦ ਬ੍ਰਹਮਾ ਨੂੰ ਸੁਣਾਏ, ਇਹ ਗਿਆਨ ਬ੍ਰਹਮਾ ਨੂੰ ਦਿਤਾ। ਬ੍ਰਹਮਾ ਹੀ ਸਭ ਤੋਂ ਪਹਿਲਾ ਵਿਸ਼ਵ ਵਿਚ ਆਏ। ਬ੍ਰਹਮ ਜਦੋਂ ਧਿਆਨ ਵਿਚ ਬੈਠੇ ਹੀ, ਬੜੀ ਹੀ ਗੂੜ੍ਹੀ ਸਮਾਧੀ ਵਿਚ ਬੈਠੇ ਸੀ ਉਨ੍ਹਾਂ ਨੂੰ 'ਓਮ' ਦੀ ਆਵਾਜ਼ 'ਓਮ' ਦੀ ਧੁਨ ਸੁਣੀ, ਇਹ ਹੀ ਵੇਦਾਂ ਦੇ ਗਿਆਨ ਦਾ ਤੱਤ, ਨਚੋੜ ਮੰਨਿਆ ਜਾਂਦਾ ਹੈ। ਇਸ ਪਵਿੱਤਰ ਧੁਨ ਨੂੰ ਸ਼ਬਦ ਨੂੰ ਅਨੇਕਾਂ ਅੱਖਰਾਂ ਦੀ ਸਹਾਇਤਾ ਨਾਲ ਵੇਦਾਂ ਦੇ ਮੰਤਰ, ਪੂਜਾ ਦੇ ਸਲੋਕ, ਰਚੇ। ਇਸ ਪ੍ਰਕਾਰ ਵੇਦ ਪ੍ਰਗਟ ਹੋਏ।

ਵੇਦਾਂ ਦੇ ਉਚਾਰਣ ਨੂੰ ਸ਼ਰੁਤੀਆਂ ਕਿਹਾ ਜਾਂਦਾ ਹੈ ਇਸ ਦੇ ਅਰਥ ਹਨ ਸੁਣਨਾ। ਇਹ ਗਿਆਨ ਸਮਾਧੀ ਵਿਚ ਬੈਠ ਕੇ ਹੋਇਆ। ਇਹ ਅੱਗੋਂ ਵੀ ਜ਼ਬਾਨੀ ਹੀ ਦਿਤਾ ਗਿਆ, ਉਚਾਰਣ ਕਰਕੇ ਹੀ ਦੱਸਿਆ ਗਿਆ, ਕਈ ਸਦੀਆਂ ਤਕ ਇਹ ਗਿਆਨ ਇਸ ਤਰ੍ਹਾਂ ਹੀ ਮੁਖ ਰਾਹੀਂ ਇਕ ਪੀੜੀ ਤੋਂ ਦੂਸਰੀ ਪੀੜੀ ਨੂੰ ਦਿਤਾ ਜਾਂਦਾ ਰਿਹਾ ਜਾਂ ਕਹਿ ਲਵੋ ਗੁਰੂ ਆਪਣੇ ਸ਼ਿਸ਼ਾਂ ਨੂੰ ਦਿੰਦਾ ਰਿਹਾ।

ਵੇਦਾਂ ਦਾ ਗਿਆਨ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜਾਂ ਇਹ ਕਹਿ ਲਵੋ ਦੋ ਭਾਗਾਂ ਵਿਚ ਹੈ 'ਕਰਮਕਾਂਡ' ਅਤੇ ਗਿਆਨ ਕਾਂਡ। ਪਹਿਲੇ ਦਾ ਸਬੰਧ ਕਰਮਾਂ ਨਾਲ ਹੈ। ਰਸਮੋ ਰਿਵਾਜਾਂ ਨਾਲ ਹੈ, ਰਹੁਰੀਤ ਰਹਿਣੀ ਬਹਿਣੀ ਨਾਲ ਹੈ। ਇਹ ਸਭ ਕੁਝ ਕਰਨ ਨਾਲ ਸੰਸਾਰਕ ਸੁਖ ਮਿਲਦੇ ਹਨ, ਧਨ ਮਾਲ ਮਿਲਦਾ ਹੈ ਤੇ ਮਰਨ ਪਿਛੋਂ ਸਵਰਗ ਦੀ ਪ੍ਰਾਪਤੀ ਹੁੰਦੀ ਹੈ, ਇਸ ਨਾਲ ਬਾਹਰੀ ਸੰਸਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ ਤੇ ਇਥੇ ਦੇ ਜੀਵਨ ਤੇ ਮਰਨ ਉਪਰਾਂਤ ਦੇ ਜੀਵਨ ਦਾ ਪਤਾ ਲਗਦਾ ਹੈ। ਦੂਸਰਾ ਹੈ ਗਿਆਨ ਕਾਂਡ ਇਸ ਨਾਲ ਜੀਵਨ ਦੇ ਉਚੇਰੇ ਤੇ ਡੂੰਘੇ ਪਧਰਾਂ ਦਾ ਪਤਾ ਲਗਦਾ ਹੈ ਜਿਸ ਨਾਲ ਅੰਤ ਵਿਚ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਮਿਲਦਾ ਹੈ।

ਇਸ ਦੇ ਨਾਲ ਹੀ ਸਤਿ ਤੇ ਗਿਆਨ ਪ੍ਰਾਪਤੀ ਲਈ ਵੀ ਸੰਸਥਾਵਾਂ ਚਲਣ ਲੱਗੀਆਂ। ਉਨ੍ਹਾਂ ਨੂੰ ਵਿਆਸ ਕਹਿੰਦੇ ਸੀ, ਬ੍ਰਹਮਾ ਸਾਰੇ ਗਿਆਨੀਆਂ ਦੇ ਉਪਰ ਹੁੰਦੇ, ਉਨ੍ਹਾਂ ਦੇ ਗੁਰੂ ਸੀ ਉਨ੍ਹਾਂ ਨੇ ਸਾਰੇ ਵਿਆਸਾਂ ਕੋਲੋਂ ਵੇਦਾਂ ਦਾ ਸੰਗਠਨ ਕਰਾਇਆ ਤੇ ਇਹ ਵੈਦਕ ਸਾਹਿਤ ਤਿਆਰ ਕੀਤਾ, ਵਿਆਸ ਨੇ ਮਹਾਂਭਾਰਤ ਵੀ ਲਿਖੀ ਜਿਸ ਵਿਚੋਂ ਗੀਤਾ ਦਾ ਗ੍ਰੰਥ ਕੱਢਿਆ ਗਿਆ ਹੈ। ਗੀਤਾ ਦੀ ਫਿਲੌਸਫੀ ਅਤਿ ਗੂੜ੍ਹੀ ਤੇ ਡੂੰਘੀ ਹੈ ਇਹ ਸਾਨੂੰ ਜੀਵਨ ਜਾਂਚ, ਜੀਵਨ ਦੀ ਹੋਂਦ ਬਾਰੇ ਗਿਆਨ ਦਿੰਦੀ ਹੈ।

ਵਿਆਸ ਨੇ ਵੇਦਾਂ ਦਾ ਸੰਗਠਨ ਕੀਤਾ, ਉਨ੍ਹਾਂ ਦਾ ਤਰਤੀਬਵਾਰ ਵਿਧੀਪੂਰਵਕ ਸੰਗਠਤ ਕੀਤਾ ਫੇਰ ਇਨ੍ਹਾਂ ਪਵਿੱਤਰ ਗਿਆਨ ਸਿਖਿਆ ਨੂੰ ਚਾਰ ਜਿਲਦਾਂ ਵਿਚ ਵਿਉਂਤਬਧ ਕੀਤਾ। ਰਿਗ ਵੇਦ, ਯਜੁਰ ਵੇਦ, ਸਾਮ ਵੇਦ ਤੇ ਅਥਰਵੇਦ। ਇਸ ਤਰ੍ਹਾਂ ਨਾਲ ਵਿਆਸ ਕੇਵਲ ਇਕ ਸੰਗ੍ਰਹਿ ਕਰਤਾ ਹਨ, ਵੇਦਾਂ ਦਾ ਸੰਗ੍ਰਹਿ ਕਰਕੇ ਉਨ੍ਹਾਂ ਨੂੰ ਵਿਧੀਪੂਰਵਕ ਜਿਲਦ ਕਰਨ ਵਾਲੇ ਹਨ, ਉਨ੍ਹਾਂ ਦੇ ਰਚੇਤਾ ਨਹੀਂ।

ਵੇਦਾਂ ਦਾ ਗਿਆਨ ਉਨ੍ਹਾਂ ਮਹਾਂਪੁਰਖਾਂ, ਸਿੱਧ ਪੁਰਖਾਂ ਰਾਹੀਂ ਹੋਇਆ ਹੈ ਜਿਨ੍ਹਾਂ ਦੇ ਮਨ ਹਿਰਦੇ ਦਿਮਾਗ ਧੋਤੇ ਜਾ ਚੁੱਕੇ ਸੀ। ਪਵਿੱਤਰ ਹੋ ਚੁੱਕੇ ਸੀ, ਜਿਹੜੇ ਆਤਮ ਮਾਰਗ ਤੇ ਚੱਲ ਕੇ ਪੂਰੇ ਅਨੁਸਾਸ਼ਨ ਵਿਚ ਰਹਿ ਕੇ ਆਪਣੇ ਆਪ ਨੂੰ ਇਕਾਗਰ ਕਰਕੇ ਆਪਣੇ ਆਪ ਨੂੰ ਕੇਂਦਰਤ ਕਰ ਸਕੇ। ਇਹੋ ਜਿਹੇ ਮਹਾਂਪੁਰਖਾਂ ਨੂੰ ਰਿਸ਼ੀ ਕਿਹਾ ਗਿਆ ਹੈ ਭਾਵ 'ਸਤਿ ਪੁਰਖ' ਰਿਸ਼ੀਆਂ ਮੁਨੀਆਂ ਵਿਚ ਬੀਬੀਆਂ ਤੇ ਭਾਈ ਦੋਨੋਂ ਹੀ ਸੀ। ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਵੈਦਕ ਸਮੇਂ ਵਿਚ ਬੀਬੀਆਂ ਤੇ ਭਾਈਆਂ ਵਿਚ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ, ਦੋਨਾਂ ਨੂੰ ਬਰਾਬਰ ਹੀ ਦੇਖਿਆ ਜਾਂਦਾ ਸੀ। ਆਤਮ ਮਾਰਗ ਤੇ ਚੱਲਣ ਲਈ ਬਰਾਬਰ ਦੀਆਂ ਸੁਵਿਧਾ ਸੀ ਤੇ ਦੋਨਾਂ ਤੇ ਬਰਾਬਰ ਦੀਆਂ ਹੀ ਪ੍ਰਾਪਤੀਆਂ ਕੀਤੀਆਂ ਹਨ।

(ਬਾਕੀ ਪੰਨਾ 37 ਤੇ)

(ਪੰਨਾ 25 ਦੀ ਬਾਕੀ)

ਚਿੱਠੀ ਪੜ੍ਹ ਕੇ ਨਾ, ਜੇ ਸੂਰਜ ਡੁੱਬਣ ਵਾਲਾ ਹੋਇਆ ਤਾਂ ਪਿੰਡ ਵਿਚ ਨਾ ਡੁਬੋਈ ਇਹਨੂੰ, ਅਗਲੀ ਜੂਹ ਤੋਂ ਬਾਹਰ ਨਿਕਲ ਆਈਂ। ਹੁਣ ਐਡਾ ਸਖਤ ਹੁਕਮ ਮਹਾਂਪੁਰਸ਼ਾਂ ਦਾ। ਮੈਂ ਉਨ੍ਹਾਂ ਨੂੰ ਕਹਿ ਦਿਤਾ ਕਿ ਆਹ ਚਿੱਠੀ ਆਈ ਹੈ, ਮੈਂ ਤਾਂ ਹੁਣੇ ਹੀ ਜਾਂਦਾ। ਬੀਬੀ ਨਾਲ ਸੀ। ਅਸੀਂ ਦੋਵੇਂ ਜਣੇ ਤੁਰੇ। ਉਨ੍ਹਾਂ ਨੇ ਸਾਰਿਆਂ ਜਣਿਆਂ ਨੇ, ਲੰਮਾ ਇਕੱਠ ਹੋ ਗਿਆ ਉਨ੍ਹਾਂ ਦਾ। ਲੰਮੀ ਲਾਇਨ ਬਣਾ ਲਈ। ਥੱਲੇ ਲਿਟ ਗਏ ਧਰਤੀ ਤੇ। ਕਹਿੰਦੇ, ਸਾਡੇ ਉਤੇ ਦੀ ਲੰਘ ਕੇ ਚਲੇ ਜਾਓ, ਨਾਲ ਰੋਣ ਬਹੁਤ ਜ਼ਿਆਦਾ। ਮੈਨੂੰ ਵੀ ਰੁਆਉਣ। ਮੈਂ ਕਿਹਾ ਮੈਂ ਹੁਕਮ ਨਹੀਂ ਮਹਾਂਪੁਰਸ਼ਾਂ ਦਾ ਟਾਲ ਸਕਦਾ। ਹੁਕਮ ਐਹੋ ਜਿਹਾ ਹੈ, ਸੂਰਜ ਅੱਗੇ ਛਿਪਣ ਵਾਲਾ ਹੋਇਆ ਪਿਆ ਹੈ। ਜੂਹ ਅਜੇ ਤੁਹਾਡੀ ਕਿੰਨੀ ਦੂਰ ਤਕ ਹੈ। ਮੈਂ ਜੂਹ ’ਚੋਂ ਲੰਘਣਾ ਹੈ, ਮੈਨੂੰ ਰੋਕੋ ਨਾ।

ਉਥੋਂ ਮੈਂ ਤੁਰ ਪਿਆ, ਉਨ੍ਹਾਂ ਨੇ ਵਿਚਾਰਿਆਂ ਨੇ ਕਿਹਾ ਕਿ ਫੇਰ ਆਉਣਾ ਤੁਸੀਂ। ਗੁਰਦੁਆਰਾ ਮੈਂ ਉਥੇ ਬਣਾ ਦਿਤਾ ਸੀ। ਚਾਰ ਮੀਲ ਤੇ ਇਕ ਘਰ ਸੀਗਾ ਪੰਜਾਬੀਆਂ ਦਾ। ਉਹ ਵੀ ਉਥੇ ਦੀ ਸੀ, ਉਹ ਮੈਨੂੰ ਘਰ ਲੈ ਗਈ। ਅੰਮ੍ਰਿਤਸਰ ਪਹੁੰਚ ਗਏ। ਉਥੇ ਭਾਈ ਰਣਧੀਰ ਸਿੰਘ ਮਿਲ ਗਏ ਅੰਮ੍ਰਿਤਸਰ। ਉਹ ਤਾਂਗੇ ’ਚ ਜਾ ਰਹੇ ਸੀ, ਕੀਰਤਨ ਕਰਕੇ। ਉਹ ਇਕ ਦਮ ਉਤਰ ਆਏ। ਕਹਿੰਦੇ ਹੀਰਾ ਸਿੰਘ ਦੀ ਬੀਬੀ (ਬੇਟੀ) ਜਾ ਰਹੀ ਹੈ। ਬੜਾ ਹੀ ਪਿਆਰ ਕਰਿਆ ਉਨ੍ਹਾਂ ਨੇ। ਸਾਡੇ ਕਪੜੇ ਪਾਏ ਹੋਏ ਲੱਠੇ ਦੇ। ਮੈਨੂੰ ਬੜਾ ਪਿਆਰ ਕਰਿਆ। ਕਹਿੰਦੇ ਜਿਹੜਾ ਕੰਮ ਕਰ ਰਿਹਾ ਹੈਂ ਨਾ ਇਸ ਤੋਂ ਪਿਛੇ ਨਾ ਹਟੀਂ। ਤਕੜਾ ਹੋ ਕੇ ਕਰੀਂ।

ਉਥੋਂ ਮੈਂ ਮਹਾਰਾਜ ਜੀ ਕੋਲ ਆ ਗਿਆ।

ਸੋ ਮੈਂ ਇਕ ਗੱਲ ਕਰਦਾ ਸੀ ਕਿ ਆਪਾਂ ਬਾਣੀ ਪੜ੍ਹਦੇ ਤਾਂ ਹਾਂ, ਕਮਾਉਂਦੇ ਨਹੀਂ ਹੈਗੇ। ਐਨੇ ਅਵੇਸਲੇ ਹੋਏ ਹੋਏ ਹਾਂ, ਬਾਣੀ ਦੀ ਕਮਾਈ ਨਹੀਂ ਕਰਦੇ। ਫੇਰ ਔਖੇ ਹੁੰਦੇ ਰਹਿੰਦੇ ਹਾਂ ਕਿ ਸਾਡਾ ਆਹ ਨਹੀਂ ਹੋਇਆ, ਆਹ ਨਹੀਂ ਹੋਇਆ। ਬਾਣੀ ਕਹਿੰਦੀ ਹੈ ਕਿ ਸਾਰੇ ਰੋਗ ਨਾ –

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥***

***ਅੰਗ - 922***

ਬਾਣੀ ਸੁਣ ਕੇ ਸਾਰੇ ਦੁਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

***‘ਚਲਦਾ’***

(ਪੰਨਾ 28 ਦੀ ਬਾਕੀ)

ਵੇਦਾਂ ਦੇ ਦੋ ਹਿੱਸੇ ਹਨ ਇਕ ਮੰਤਰ, ਦੂਸਰਾ ਬ੍ਰਾਹਮਣ ਮੰਤਰ ਭਾਗ ਨੂੰ ਸੰਗਹਿਤਾ ਵੀ ਕਿਹਾ ਜਾਂਦਾ ਹੈ। ਸੰਗਹਿਤਾ ਦਾ ਅਰਥ ਹੈ ਇਕੱਠਾ ਕਰਨਾ, ਇਕੱਤਰ ਕਰਨਾ ਇਕ ਭਜਨ ਦਾ ਮੰਤਰਾਂ ਦਾ ਸੰਗ੍ਰਹਿ ਕਰਨਾ ਹੈ ਇਹ ਉਹ ਮੰਤਰ ਹਨ ਜਿਹੜੇ ਬਲੀ ਤਿਆਗ ਸਮੇਂ ਪੜ੍ਹੇ ਜਾਂਦੇ ਹਨ, ਸਭ ਤੋਂ ਵੱਧ ਮਹੱਤਵਪੂਰਨ ਹੈ, ਸੋਮ ਭੇਟਾ, ਸੋਮ ਸਮਰਪਣ ਇਹ ਇਕ ਬਹੁਤ ਹੀ ਵਿਵੇਕਪੂਰਨ ਰਸਮ ਹੈ। ਇਸ ਨੂੰ ਪੁਰਾਤਨ, ਪੰਚਾਇਤ ਮਿਲ ਕੇ ਕਰਦੀ ਸੀ, ਇਸ ਨੂੰ ਕਰਨ ਤੋਂ ਭਾਵ ਹੁੰਦਾ ਸੀ ਕਿ ਪ੍ਰਮਾਤਮਾ ਦੇ ਨੇੜੇ ਜਾਣਾ ਤੇ ਹੋਰ ਉਚੀਆਂ ਤੇ ਡੂੰਘੀਆਂ ਸ਼ਕਤੀਆਂ ਨੂੰ ਜਾਗਰਣ ਕਰਨਾ। ਇਥੇ ਬਲੀਦਾਨ ਸ਼ਬਦ ਦੇ ਅਰਥ ਹਨ ਫਲ ਦਾ ਤਿਆਗ, ਕਰਮ ਕਰਕੇ ਫਲ ਦਾ ਤਿਆਗ ਕਰਨਾ।

ਬ੍ਰਾਹਮਣ ਸਾਹਿਤ ਵਿਚ ਰਸਮਾਂ ਦਾ ਕਰਮਕਾਂਡ ਕਰਨ ਦੀ ਵਿਧੀ ਦੱਸੀ ਗਈ ਹੈ, ਕਦੋਂ ਕੀ, ਕਿਵੇਂ ਕਰਨਾ ਚਾਹੀਦਾ ਹੈ, ਬ੍ਰਾਹਮਣ ਸਾਹਿਤ ਦਾ, ਜਦੋਂ ਅੱਗੇ ਵਿਸਤਾਰ ਕੀਤਾ ਗਿਆ ਉਹ ਸੀ ‘ਅਰਣਾਕਯ’ ਜਿਸ ਨੂੰ ‘ਜੰਗਲ ਖੋਜ-ਪ੍ਰਬੰਧ’ ਵੀ ਕਹਿੰਦੇ ਹਨ ਜੋ ਕਿ ਜੰਗਲ ਵਿਚ ਰਹਿਣ ਵਾਲਿਆਂ ਦਾ ਮਾਰਗ ਦਰਸ਼ਨ ਕਰਦੀ ਹੈ। ਜੰਗਲ ਵਿਚ ਰਹਿਣ ਵਾਲਿਆਂ ਕੋਲ ਕੋਈ ਸੁਵਿਧਾ ਨਹੀਂ ਕਿ ਉਹ ਕਰਮਕਾਂਡ ਲਈ ਚੀਜ਼ਾਂ ਇਕੱਠੀਆਂ ਕਰ ਸਕਣ। ਉਨ੍ਹਾਂ ਦੀ ਪੂਜਾ ਅਰਚਾ ਮੈਡੀਟੇਸ਼ਨ ਧਿਆਨ ਸਭ ਕੁਝ ਸੰਕੇਤਕ ਹੀ ਹੁੰਦੇ, ਅੰਤਰੀਵ ਹੁੰਦੇ ਹਨ। ਉਨ੍ਹਾਂ ਦੀਆਂ ਵਿਧੀਆਂ ਮਾਨਸਕ ਪੱਧਰ ਤੋਂ ਉਪਰ ਹੋ ਕੇ ਅਧਿਆਤਮਕ ਪੱਧਰ ਤਕ ਚੁਕ ਲਈਆਂ ਜਾਂਦੀਆਂ ਸੀ।

ਵੈਦਕ ਸਮੇਂ ਵਿਚ ਜੀਵ ਦੀ ਆਯੂ ਸੌ ਸਾਲ ਦੀ ਹੁੰਦੀ ਸੀ, ਇਹ ਚਾਰ ਭਾਗਾਂ ਵਿਚ ਵੰਡੀ ਹੋਈ ਸੀ, ਪਹਿਲਾ ਭਾਗ ਬ੍ਰਹਮਚਰੀਆ, ਵਿਦਿਆਰਥੀ ਜੀਵਨ ਜੋ ਪੱਚੀ ਸਾਲ ਦੀ ਉਮਰ ਤਕ ਹੁੰਦਾ ਸੀ, ਦੂਸਰਾ ਗ੍ਰਹਿਸਤ ਆਸ਼ਰਮ ਜਿਹੜਾ ਪੱਚੀ ਸਾਲ ਤੋਂ ਪੰਜਾਹ ਸਾਲ ਤਕ ਸੀ ਇਸ ਵਿਚ ਪਰਿਵਾਰਕ ਜੀਵਨ ਬਤੀਤ ਕਰਨਾ ਸੀ। ਤੀਸਰਾ ਬਾਨਪ੍ਰਸਤ ਇਹ ਪੰਜਾਹ ਤੋਂ ਪਝੱਤਰ ਸਾਲ ਤਕ ਦੀ ਉਮਰ ਇਹ ਜੰਗਲਾਂ ਵਿਚ ਰਹਿਣ ਦਾ ਸਮਾਂ ਆਖੀਰ ਦੇ ਪੱਚੀ ਸਾਲ ਪਝੱਤਰ ਤੋਂ ਸੌ ਸਾਲ ਤਕ ਸੰਨਿਆਸ ਮੰਨਿਆ ਜਾਂਦਾ ਸੀ ਇਸ ਵਿਚ ਸਭ ਕੁਝ ਤਿਆਗ ਕੇ ਰਹਿਣਾ।

ਪਹਿਲੇ ਪੱਚੀ ਸਾਲ ਵਿਦਿਆਰਥੀ ਨੂੰ ਬ੍ਰਹਮਚਰੀਆ ਬਾਰੇ ਦੱਸਿਆ ਜਾਂਦਾ ਸੀ। ਉਸ ਦੀ ਮਹੱਤਤਾ ਦੱਸੀ ਜਾਂਦੀ ਸੀ ਤੇ ਬ੍ਰਹਮਚਰੀਆ ਰਹਿਣਾ ਬਹਿਣਾ ਦੱਸਿਆ ਜਾਂਦਾ ਸੀ। ਜਿਵੇਂ ਥੋੜ੍ਹੇ ਤੋਂ ਥੋੜ੍ਹੇ ਵਿਚ ਰਹਿ ਕੇ ਗੁਜ਼ਾਰਾ ਕਰਨਾ ਹੈ। ਵਿਦਿਆਰਥੀ ਜੀਵਨ ਜੀਣ ਦੀ ਜਾਂਚ ਸਿਖਦੇ ਸੀ। ਸੰਸਾਰ

(ਬਾਕੀ ਪੰਨਾ 53 ਤੇ)

# ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-27)*

ਸੋ ਜਦੋਂ ਅਸੀਂ ਵਿਸਥਾਰ ਦੇ ਨਾਲ ਸੁਣੀਏ ਦੋ ਚੀਜ਼ਾਂ ਹੁੰਦੀਆਂ ਹਨ। ਇਕ ਤਾਂ ਹੁੰਦਾ ਹੈ ਤੱਤ ਗਿਆਨ। ਮੈਂ ਜੋ ਬਾਤ ਕਰ ਰਿਹਾ ਸੀ ਪਹਿਲਾਂ ਦਰਸ਼ਨ ਦੀ ਸੀ। ਉਸ ਦੇ ਵਿਚ ਕੀ ਹੁੰਦਾ ਹੈ ਕਿ ਸਾਰੇ ਅਧਿਕਾਰੀ ਨਹੀਂ ਹੁੰਦੇ। ਐਨੀ ਸੰਗਤ ਵਿਚ ਨੀਂਦ ਆ ਜਾਏਗੀ ਕਿੰਨਿਆ ਨੂੰ ਜੇ ਮੈਂ ਇਸੇ ਤਰ੍ਹਾਂ ਬੋਲਦਾ ਰਿਹਾ ਕਿਉਂਕਿ ਗ੍ਰਹਿਣ ਨਹੀਂ ਕਰ ਸਕਦੇ, ਅਜੇ ਅਵਸਥਾ ਨਹੀਂ ਆਈ ਹੁੰਦੀ ਕਿ ਗੱਲ ਫੜ ਲੈਣ।

ਦੂਸਰਾ ਹੁੰਦਾ ਹੈ ਕਿ ਦਵਾਈ ਤਾਂ ਦੇਣੀ ਹੈ ਪਰ ਕੈਪਸੂਲ ਵਿਚ ਦੇਣੀ ਹੈ। ਉਹ ਹੁੰਦਾ ਹੈ ਕਿ ਇਕ ਜੀਵਨ ਲੈ ਲਿਆ। ਉਸ ਜੀਵਨ ਦੇ ਆਲੇ ਦੁਆਲੇ ਜਿਵੇਂ ਉਸ ਨੇ ਜੀਵਨ ਗੁਜਾਰਿਆ ਹੈ ਉਸ ਦੇ ਬਾਰੇ ਗੱਲ ਕਰਕੇ ਸਮਝਾਉਣਾ ਹੈ ਕਿ ਇਹ ਇਸ ਤਰ੍ਹਾਂ ਰਿਹਾ ਸੀ, ਉਹ ਗੱਲ ਸਮਝ ਵਿਚ ਆ ਜਾਂਦੀ ਹੈ।

ਤੁਹਾਡੇ ਦੁਆਬੇ ਦੇ ਗੁਰੂ ਚੌਥੇ ਪਾਤਸ਼ਾਹ ਵੇਲੇ, ਪੰਜਵੇਂ ਪਾਤਸ਼ਾਹ ਵੇਲੇ ਸਿਖੀ ਇਥੇ ਆਈ ਹੈ। ਉਸ ਤੋਂ ਪਹਿਲਾਂ ਕੀ ਸੀ? ਗੁਰੂਆਂ ਵੇਲੇ ਕੀ ਸੀ? ਇਥੇ ਸੁਲਤਾਨੀਏ ਹੁੰਦੇ ਸੀ, ਸਰਵਰੀਏ ਜਿਨ੍ਹਾਂ ਨੂੰ ਕਹਿੰਦੇ ਨੇ। ਅਹਿਮਦ ਇਕ ਹੋਇਆ ਹੈ, ਚਿਲ੍ਹੇ ਕੱਟੇ ਉਸ ਨੇ, ਕਰਾਮਾਤਾਂ ਕਰਦਾ ਹੁੰਦਾ। ਉਸ ਦੇ ਭਰਾਵਾਂ ਨੇ ਉਥੋਂ ਕੱਢ ਦਿੱਤਾ। ਉਹ ਅੱਗੇ ਚਲੇ ਗਿਆ ਧੌਂਕਲ। ਉਥੇ ਜਾ ਉਨ੍ਹਾਂ ਨੇ ਮਾਰ ਦਿੱਤਾ ਭਰਾਵਾਂ ਨੇ। ਉਸ ਦੇ ਜਿਹੜੇ ਮਜ਼ਾਵਰ ਸੀ ਉਨ੍ਹਾਂ ਨੇ ਬੜੀ ਮਸ਼ਹੂਰੀ ਕਰੀ, ਬੜੀ ਕਰੀ। ਇਸ ਦੇ ਅੜਿਕੇ ਜੱਟ ਆ ਗਏ, ਇਥੇ ਦੇ ਕਿਰਤੀ ਆ ਗਏ ਦੁਆਬੇ ਦੇ, ਮਾਲਵੇ ਦੇ ਵੀ। ਜਦੋਂ ਔਰੰਗਜੇਬ ਨੇ ਕਿਹਾ ਮੈਂ ਇਸਲਾਮ ਦੇ ਵਿਚ ਲੈਣੇ ਨੇ ਕਿ ਇਕੋ ਕਰਨਾ ਹੈ। ਮੈਨੂੰ ਦਸੋ ਮੈਂ ਛੇਤੀ ਕਿਵੇਂ ਕਰਾਂ। ਉਥੇ ਇਹ ਕਿਹਾ ਕਿ ਇਹ ਜਿਹੜੇ ਪੰਜਾਬ ਵਾਲੇ ਲੋਕ ਇਹ ਤਾਂ ਅੱਧੇ ਮੁਸਲਮਾਨ ਬਣੇ ਹੋਏ ਹੀ ਨੇ, ਇਨ੍ਹਾਂ ਨੂੰ ਤਾਂ ਥੋੜ੍ਹਾ ਜਿਹਾ ਕਹਿਣ ਦੀ ਹੀ ਲੋੜ ਹੈ। ਜਿਹੜੇ ਕਸ਼ਮੀਰ ਦੇ ਬ੍ਰਾਹਮਣ ਨੇ ਉਨ੍ਹਾਂ ਨੂੰ ਬਣਾਓ ਪਹਿਲਾਂ। ਇਹ ਕਿਵੇਂ ਬਣੇ ਹੋਏ ਸੀ? ਇਹ ਇਸ ਤਰ੍ਹਾਂ ਸੀ ਇਹ ਕਬਰ ਨੂੰ ਮੱਥਾ ਟੇਕਦੇ ਸੀ। ਗੁਰੂਆਂ ਵੱਲ ਨਹੀਂ ਸੀ ਜਾਂਦੇ ਤੇ ਫੇਰ ਸੰਗ ਲੈ ਕੇ ਜਾਂਦੇ ਸੀ, ਲੋਹੇ ਦੀ ਛੜੀ ਜਿਹੀ ਹੁੰਦੀ ਸੀ, ਉਹ ਪਿੱਠ ਦੇ ਉਤੇ ਮਾਰੀ ਜਾਂਦੇ। ਰਾਤ ਨੂੰ ਖੇਲ੍ਹ ਹੁੰਦੀ ਦੁਨੀਆਂ ਦੇਖਣ ਆਉਂਦੀ। ਇਕ ਨੂੰ ਦੇਖ ਦੂਜਾ ਨਾ ਰੂਹਾਨੀਅਤ ਦਾ ਪਤਾ ਨਾ ਕਾਸੇ ਦਾ। ਤੇਰੀ ਮੱਝ ਤਾਂ ਹੋਏਗੀ ਰਾਜੀ ਤੂੰ ਚੂਰਮਾ ਕੱਢ ਪੀਰ ਵਾਸਤੇ, ਉਹ ਪੀਰਾਂ ਦੇ ਪਿਛੇ ਲਾ ਦਿੱਤੇ। ਗੁਰੂ ਮਹਾਰਾਜ ਦਾ ਜਿਹੜਾ ਉਪਦੇਸ਼ ਸੀ ਉਹ ਉਤਮ ਤੇ ਉੱਚਾ ਸੀ। ਇਥੇ ਫੇਰ ਦੁਆਬੇ ਵਿਚ ਬੜੇ ਉਚ ਕੋਟੀ ਦੇ ਮਹਾਤਮਾ ਹੋਏ ਨੇ ਬੜੇ ਉਚੇ ਉਚੇ। ਗੜ੍ਹ ਸ਼ੰਕਰ ਦੇ ਭਾਈ ਤਿਲਕੂ ਬਹੁਤ ਬ੍ਰਹਮ ਗਿਆਨੀ, ਬਹੁਤ ਉਚੇ ਸੀ, ਇਵੇਂ ਜਿਵੇਂ ਸੰਗਢੇਸੀਆਂ। ਹੋਰ ਬਹੁਤ ਸਾਰੇ ਹੋਏ ਨੇ ਇਥੇ ਤੇ ਉਨ੍ਹਾਂ ਦੇ ਵਿਚੋਂ ਹੀ ਗੁਰਸਿਖ ਤੁਹਾਡੇ ਇਲਾਕੇ ਦੇ ਜਿਥੇ ਆਪਾਂ ਬੈਠੇ ਹਾਂ ਇਸ ਥਾਂ ਦੇ ਹੋਏ ਨੇ। ਉਸ ਨੂੰ ਬਾਅਦ ਵਿਚ ਭਾਈ ਮੰਝ ਦਾ ਨਾਉਂ ਦਿੱਤਾ ਗਿਆ। ਭਾਈ ਤੀਰਥਾ ਸੀ ਉਸ ਦਾ ਨਾਂ। ਆਹ ਕੋਲ ਹੀ ਸੀ ਤੁਹਾਡੇ ਬੰਨਿਆ ਦੇ ਕੋਲ। ਉਸ ਦਾ ਜਿਹੜਾ ਰਿਸ਼ਤੇਦਾਰ ਸੀ ਭਾਈ ਤਿਲਕੂ। ਜਿਹੜਾ ਭਾਈ ਤੀਰਥਾ ਸੀ ਇਹ ਚੌਧਰੀ ਸੀ 10-20 ਪਿੰਡਾਂ ਦਾ, ਚੰਗਾ ਮੰਨਿਆ ਹੋਇਆ, ਬੋਲ ਚਾਲ ਵਾਲਾ, ਜੁਬਾਨ ਵਾਲਾ ਬੜਾ ਹੀ ਭਲਾ ਪੁਰਸ਼ ਸੀ ਲੇਕਿਨ ਸੰਗ ਲੈ ਕੇ ਜਾਇਆ ਕਰਦਾ ਸੀ ਸਾਲ ਦੋ ਸਾਲ ਵਿਚ। ਚੌਂਕੀਆਂ ਪਿੰਡਾਂ ਵਿਚ ਭਰਦੇ ਹੁੰਦੇ। ਇਹ ਤੁਹਾਡੇ ਮੈਂ ਵੀ ਦੇਖੀਆਂ ਹਨ ਜਦੋਂ ਕਿਤੇ ਮੈਂ ਆਉਂਦਾ ਹੁੰਦਾ ਛੋਟਾ ਹੁੰਦਾ। ਕਹਿੰਦੇ ਹੁੰਦੇ ਅੱਜ ਫਲਾਣੇ ਥਾਂ ਚੌਂਕੀ ਹੈ, ਅੱਜ ਫਲਾਣੇ ਥਾਂ ਹੈ, ਲੋਕ ਜਾਂਦੇ ਹੁੰਦੇ। ਲੋਕ ਸੁਖਦੇ ਹੁੰਦੇ ਕਿ ਐਨੀ ਚੌਂਕੀਆਂ ਭਰਾ ਗਾਂ ਮੇਰਾ ਫਲਾਣਾ ਕੰਮ ਠੀਕ ਹੋ ਜਾਵੇ। ਸਿਖੀ ਵਲ ਨੂੰ ਨਹੀਂ ਸੀ ਜਾਂਦੇ। ਰੋਟ ਬਣਾਉਂਦੇ ਹੁੰਦੇ ਜਦੋਂ ਉਹ ਪੱਕ ਜਾਣਾ ਧਰਤੀ ਤੇ ਫੇਰ ਜਿਹੜਾ ਭਰਿਆਈ ਹੁੰਦਾ ਪਿੰਡ ਦਾ ਢੋਲ ਵਜਾਉਣ ਵਾਲਾ ਉਸ ਨੇ ਚੱਕ ਮਾਰਨਾ ਇਕ ਕੰਢੇ ਤੇ, ਕਹਿਣਾ ਇਹ ਫਰੂਦ ਦੇ ਦਿੱਤਾ, ਹੁਣ ਇਸ ਨੂੰ ਭੋਗ ਲੱਗ ਗਿਆ, ਆਪਾਂ ਤਾਂ ਕ੍ਰਿਪਾਨ ਨਾਲ ਲਾਉਂਦੇ ਹਾਂ। ਉਹ ਇਸ ਤਰ੍ਹਾਂ ਲਾਉਂਦੇ ਸੀ। ਸਾਡੇ ਬਜੁਰਗ ਫੇਰ ਉਸ ਤੋਂ ਪ੍ਰਸ਼ਾਦ ਲੈ ਕੇ ਛਕਦੇ ਸੀ, ਆਹ ਹਾਲ ਪੰਜਾਬ ਦਾ ਸੀ। ਇਹ ਜਿਹੜਾ ਭਾਈ ਤਿਲਕੂ ਸੀ ਗੜ੍ਹ ਸ਼ੰਕਰ ਦਾ ਇਹ ਸਿੱਖੀ ਵਿਚ ਆ ਗਿਆ। ਇਸ ਦਾ ਭਾਈ ਮੰਝ ਰਿਸ਼ਤੇਦਾਰ ਸੀ। ਕਹਿੰਦਾ ਤੂੰ ਕਿਹੜੇ ਚੱਕਰ ਵਿਚ ਪਿਆ ਹੋਇਆ ਹੈਂ, ਬੜੀ ਮੁਸ਼ਕਲ ਦੇ ਨਾਲ ਮਾਨਸ ਦੇਹ ਪ੍ਰਾਪਤ ਹੋਈ ਹੈ। ਇਸ ਨੇ ਕੁਝ ਨਹੀਂ ਕਰਨਾ ਤੂੰ ਜੀਉਂਦੇ ਗੁਰੂ ਦੀ ਸ਼ਰਨ ਪੈ। ਉਸ ਨੇ ਬਹੁਤ ਸਮਝਾਇਆ। ਸਮਝਾਉਣ ਦੇ ਨਾਲ ਗੱਲ ਸਮਝ ਵਿਚ ਆ ਗਈ।

ਕਹਿਣ ਲੱਗੇ, "ਦੇਖ! ਇਸ ਵੇਲੇ ਅੰਮ੍ਰਿਤਸਰ ਦੇ ਅੰਦਰ ਗੁਰੂ ਅਰਜਨ ਪਾਤਸ਼ਾਹ ਨੇ ਤੂੰ ਉਨ੍ਹਾਂ ਦੀ ਸ਼ਰਨ ਲੈ ਕਦੇ ਜਾ ਕੇ।"

ਇਸ ਨੇ ਕਿਹਾ, "ਚੰਗਾ ਮੈਂ ਜਾਵਾਂਗਾ।"

ਅੱਜ ਇਹ ਸੰਗ ਲਈ ਜਾ ਰਿਹਾ ਹੈ, ਚੌਧਰੀ ਹੈ

ਇਲਾਕੇ ਦਾ। ਸਾਰੇ ਇਸ ਦੇ ਪਿਛੇ ਨੇ ਹਜਾਰਾਂ ਦੀ ਤਾਦਾਦ ਵਿਚ ਬੰਦੇ ਰਲਦੇ ਹੀ ਜਾਂਦੇ ਨੇ, ਰਲਦੇ ਹੀ ਜਾਂਦੇ ਨੇ ਬੜਾ ਵੱਡਾ ਦੁਆਬੇ ਦਾ ਜਥਾ ਬਣ ਗਿਆ। ਇਹ ਜਦੋਂ ਉਥੇ ਪਹੁੰਚਿਆ ਤਾਂ ਜਾ ਕੇ ਗੁਰੂ ਮਹਾਰਾਜ ਦਾ ਸਤਿਸੰਗ ਸੁਣਨ ਲਗ ਗਏ। ਜਦੋਂ ਬਚਨ ਸੁਣੇ ਤਾਂ ਐਸੀ ਚੋਟ ਇਸਦੇ ਹਿਰਦੇ ਤੇ ਪਈ ਕਿ ਉਸ ਨੇ ਪਹਿਲੀ ਵਾਲੀ ਜਿੰਦਗੀ ਹੀ ਗਵਾ ਦਿੱਤੀ ਤੇ ਗੁਰੂ ਮਹਾਰਾਜ ਕਿੰਨੀ ਸਪਸ਼ਟਤਾ ਦੇ ਨਾਲ ਇਕ ਆਮ ਬੰਦੇ ਦੀ ਸਮਝ ਵਿਚ ਜਿਹੜੀ ਗੱਲ ਆ ਜਾਵੇ ਉਹ ਦਸਦੇ ਨੇ ਇਸ ਤਰ੍ਹਾਂ ਪੜ੍ਹੋ।

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਜਿਹੜੀ ਦੇਹੀ ਨੂੰ*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ ਪਿਆਰਿਆ -2, 4.*

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥ ਅੰਗ - 1159*

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਨਾਮ ਜਪਣ ਵਾਸਤੇ, ਭਗਤੀ ਕਰਨ ਵਾਸਤੇ ਇਹ ਦੇਹ ਪ੍ਰਾਪਤ ਹੋਈ ਹੈ। ਜੇ ਇਹ ਕੰਮ ਨਾ ਕਰੋ ਤਾਂ ਹੋਰ ਕੰਮ ਜਿੰਨੇ ਵੀ ਨੇ ਮਹਾਰਾਜ ਕਹਿੰਦੇ ਫਜ਼ੂਲ ਕੰਮ ਕਰ ਰਿਹਾ ਹੈ ਤੂੰ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12*

ਇਹ ਫਜ਼ੂਲ ਕੰਮਾਂ ਵਿਚ ਪੈ ਗਿਆ, ਜ਼ਹਿਰ ਇਕੱਠੀ ਕਰਨੀ ਤੂੰ ਸ਼ੁਰੂ ਕਰ ਦਿੱਤੀ। ਇਹ ਤੇਰੇ ਨਾਲ ਨਹੀਂ ਜਾਣੀ ਕੋਈ ਚੀਜ਼ ਵੀ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*
*ਅੰਗ - 1365*

ਇਕ ਰਾਜਾ ਹੋਇਆ ਹੈ ਗਜਨੀ ਦਾ ਉਸ ਦਾ ਨਾਂ ਮਹਿਮੂਦ ਸੀ, ਬੜਾ ਕਾਮਯਾਬ ਸੀ। ਈਰਾਨ ਤੇ ਹੱਲਾ ਕਰ ਦਿੱਤਾ, ਈਰਾਨ ਨੂੰ ਜਿੱਤ ਗਿਆ, ਤੁਰਕੀ ਵੱਲ ਨੂੰ ਕਰ ਦਿੱਤਾ ਉਸ ਨੂੰ ਵੀ ਜਿੱਤ ਗਿਆ। ਉਪਰਲੇ ਪਾਸੇ ਬਲਕਾਨ ਰਾਜ ਤੇ ਕਰ ਦਿੱਤਾ, ਉਸ ਨੂੰ ਜਿੱਤ ਗਿਆ। ਅਫਗਾਨਿਸਤਾਨ ਤੇ ਆ ਕੇ ਬੜੀ ਲੜਾਈ ਇਸ ਨੂੰ ਲੜਨੀ ਪਈ। ਇਥੇ ਰਾਜਾ ਜੈਪਾਲ ਹੁੰਦਾ ਸੀ, ਉਸ ਨੇ ਬਹੁਤ ਸਖਤ ਮੁਕਾਬਲਾ ਕੀਤਾ। ਦੂਜੀ ਵਾਰੀ ਹਮਲਾ, ਤੀਜੀ ਵਾਲੀ ਦੋ ਲੱਖ ਫੌਜ ਲੈ ਕੇ ਆਇਆ। ਜੈਪਾਲ ਨੇ ਇਹ ਗੱਲ ਕਰੀ ਸੀ ਕਿ ਮੈਂ ਹਾਰ ਕੇ ਨਾ ਵਾਪਸ ਆਵਾਂਗਾ। ਉਹ ਹਾਥੀ ਤੇ ਚੜ੍ਹਿਆ ਹੋਇਆ ਸੀ, ਉਨ੍ਹਾਂ ਦੇ ਹਾਥੀ ਦੇ ਆ ਕੇ ਗੋਲਾ ਲੱਗਿਆ। ਉਦੋਂ ਖਾਲੀ ਗੋਲੇ ਬਣੇ ਸੀ ਅਜੇ। ਬਰੂਦ ਭਰ ਦਿੰਦੇ, ਖਾਲੀ ਹੀ ਲਾ ਦਿੰਦੇ ਫਟਦਾ ਨਹੀਂ ਸੀ ਹੁੰਦਾ। ਉਹ ਮੱਥੇ ਤੇ ਲੱਗਿਆ, ਹਾਥੀ ਮਰ ਗਿਆ। ਰਾਜਾ ਹਾਥੀ ਬਦਲ ਕੇ ਘੋੜੇ ਤੇ ਚੜ੍ਹ ਗਿਆ, ਫੌਜ ਨੇ ਸਮਝਿਆ ਰਾਜਾ ਮਰ ਗਿਆ, ਦੌੜ ਆਈ ਫੌਜ। ਇਹ ਪਿਸ਼ਾਵਰ ਚਿਤਾ ਜਲਾ ਕੇ ਮਰਿਆ। ਜਿਹੜਾ ਮਹਿਮੂਦ ਸੀ ਉਸ ਨੂੰ ਦਰਵਾਜਾ ਖੁੱਲ੍ਹ ਗਿਆ ਕਿਉਂਕਿ ਪੰਜਾਬ ਹੀ ਰਾਖੀ ਕਰਦਾ ਸੀ ਉਸ ਵੇਲੇ, ਉਹ ਲਾਹੌਰ ਦਾ ਰਾਜਾ ਸੀ। ਦਰਵਾਜਾ ਖੁਲ੍ਹਿਆ ਤਾਂ ਉਸ ਨੇ ਲੁੱਟ ਮਾਰ ਸ਼ੁਰੂ ਕਰ ਦਿੱਤੀ। ਸੈਕੜਿਆਂ ਦੀ, ਹਜ਼ਾਰਾਂ ਦੀ ਤਾਦਾਦ ਵਿਚ ਬੀਬੀਆਂ ਫੜ ਕੇ ਲੈ ਗਿਆ, ਬੱਚੇ ਲੈ ਗਿਆ। ਟਕੇ ਟਕੇ ਨੂੰ ਜਾ ਕੇ ਵੇਚਦਾ ਰਿਹਾ। ਬੇਅੰਤ ਧਨ ਲੈ ਗਿਆ। ਇਕ ਮੰਦਰ ਜਿਹੜਾ ਇਕੱਲਾ ਸੀ ਸੋਮਨਾਥ ਦਾ, ਲਿਖਿਆ ਹੋਇਆ ਹੈ ਕਿ 70,000 ਮਣ ਸੋਨਾ ਸੀ ਉਸ ਦੇ ਵਿਚ, ਹੀਰਿਆਂ ਦੀ 4 ਅਰਬ ਦੀ ਗਿਣਤੀ ਹੋਈ ਉਸ ਵੇਲੇ ਦੀ, ਉਸ ਵੇਲੇ ਦੇ 4 ਅਰਬ ਨੂੰ ਜਿਆਦਾ ਨਾ ਕਰੋ ਤਾਂ 100 ਨਾਲ ਗੁਣਾ ਕਰ ਲਓ, 40 ਖਰਬ ਰੁਪਈਆ ਉਸ ਨੇ ਮੰਦਰ ਵਿਚੋਂ ਲੁਟਿਆ। ਸੋਲ੍ਹਾਂ ਹਮਲੇ ਕੀਤੇ ਸਭ ਚੀਜ਼ਾਂ ਲੈ ਗਿਆ ਦਰਵਾਜੇ ਵੀ ਲਾਹ ਕੇ ਲੈ ਗਿਆ ਚੰਦਨ ਦੀ ਲਕੜੀ ਦੇ ਸੀ। ਮਹਾਰਾਜਾ ਰਣਜੀਤ ਸਿੰਘ ਵਾਪਸ ਲਿਆਇਆ ਸੀ। ਸੋ ਇਸ ਤਰ੍ਹਾਂ ਦੇ ਨਾਲ ਐਨਾ ਧਨ ਹੋ ਗਿਆ ਉਸ ਦੇ ਕੋਲ ਸਾਰੀ ਦੁਨੀਆਂ ਦੇ ਬਾਦਸ਼ਾਹਾਂ ਨਾਲੋਂ ਜਿਆਦੇ। ਉਸ ਨੂੰ ਅਧਰੰਗ ਦਾ ਦੌਰਾ ਪੈ ਗਿਆ। ਹੁਣ ਬਿਮਾਰੀ ਦਾ ਕੋਈ ਇਲਾਜ ਨਾ ਹੋਏ, ਹਕੀਮਾਂ ਨੇ ਕਹਿ ਦਿੱਤਾ, ਹੁਣ ਤੂੰ ਬਚ ਨਹੀਂ ਸਕਦਾ। ਇਸ ਨੇ ਕਿਹਾ ਕਿ ਆਏ ਕਰੋ, ਮੈਨੂੰ ਦਿਖਾ ਤਾਂ ਦਿਓ ਜਿਹੜਾ ਮੈਂ ਲੈ ਕੇ ਆਇਆ। ਢੇਰ ਲਾ ਦਿੱਤੇ ਮੀਲਾਂ ਵਿਚ, ਨਾਲ ਫੱਟੇ ਲਿਖ ਕੇ ਲਾ ਦਿੱਤੇ ਕਿ ਆਹ ਫਲਾਣੇ ਥਾਂ ਤੋਂ ਲੁੱਟਿਆ, ਆਹ ਫਲਾਣੇ ਥਾਂ ਤੋਂ, ਇਹ ਫਲਾਣੇ ਰਾਜੇ ਦਾ ਖਜਾਨਾ ਹੈ, ਆਹ ਫਲਾਣੇ ਮੰਦਰ ਦਾ ਹੈ। ਉਸ ਵੇਲੇ ਪਹੀਏ ਵਾਲੀ ਕੁਰਸੀ ਤੇ ਬੈਠਾ ਹੈ ਹੌਲੀ ਹੌਲੀ ਰੋੜ੍ਹਦੇ ਉਸ ਨੂੰ ਲੈਜਾ ਰਹੇ ਨੇ, ਦੇਖੀ ਜਾਂਦਾ ਹੈ ਏਧਰ ਦੇਖਦਾ ਹੈ ਓਧਰ ਦੇਖਦਾ ਹੈ, ਰੋਈ ਜਾਂਦਾ ਹੈ। ਅਖੀਰ ਸਭ ਕੁਝ ਦੇਖ ਕੇ ਬੜਾ ਰੋਇਆ।

ਕਹਿਣ ਲੱਗਿਆ, "ਨਾ ਤਾਂ ਮੇਰਾ ਵਾਰਸ ਹੈ ਕੋਈ ਜਿਹੜਾ ਐਨਾ ਧਨ ਸਾਂਭ ਲਵੇ। ਇਨ੍ਹਾਂ ਨੇ ਹੀ ਲੁੱਟ ਲੈਣਾ ਹੈ ਤੇ ਕੋਈ ਸਾਧਨ ਨਹੀਂ ਕਿ ਮੇਰੇ ਨਾਲ ਚਲਿਆ ਜਾਵੇ। ਕਿਉਂਕਿ ਇਨ੍ਹਾਂ ਦਾ ਵਿਸ਼ਵਾਸ ਸੀ ਕਿ ਰੂਹ ਕਬਰਾਂ ਵਿਚ ਰਹਿੰਦੀ ਹੈ ਮਰਨ ਤੋਂ ਬਾਅਦ। ਜੇ ਮੇਰੀ ਕਬਰ ਦੇ ਨਾਲ ਵੀ ਇਹ ਦੱਬ ਦਵੋ ਤਾਂ ਵੀ ਇਹ ਉਦੋਂ ਹੀ ਕੱਢ ਲੈਣਗੇ। ਇਸ ਨੂੰ ਕੌਣ ਛਡਦਾ ਹੈ। ਰੋਇਆ ਬਹੁਤ ਕਿ ਹੁਣ ਇਹ ਮੇਰੇ ਨਾਲ ਨਹੀਂ ਜਾਣਾ। ਮੈਂ ਨਾਲ ਕੀ ਲੈ ਕੇ ਜਾ ਰਿਹਾ

ਹਾਂ ਜਿਹੜੇ ਪਾਪ ਕਰੇ ਨੇ ਇਸ ਨੂੰ ਇਕੱਠਾ ਕਰਨ ਵਾਸਤੇ, ਉਹ ਮੇਰੇ ਨਾਲ ਜਾ ਰਹੇ ਨੇ, ਗੁਨਾਹ ਮੇਰੇ ਨਾਲ ਜਾ ਰਹੇ ਨੇ ਤੇ ਮੈਂ ਗੁਨਾਹਾਂ ਦੀ ਸਜ਼ਾ ਦੋਜ਼ਕ ਵਿਚ ਜਾ ਕੇ ਭੋਗਾਗਾਂ। ਸਜ਼ਾ ਮਿਲਦੀ ਹੈ ਸਾਧ ਸੰਗਤ ਜੀ! ਐਸਾ ਨਹੀਂ ਕਿ ਇਹ ਕੋਈ ਕਲਪਿਤ ਬਾਤ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਅੰਗ - 315*

ਇਥੇ ਤਾਂ ਆਦਮੀ ਕਰਮ ਕਰ ਲੈਂਦਾ ਹੈ, ਲੁੱਟਾਂ ਵੀ ਕਰ ਲੈਂਦਾ ਹੈ, ਰਿਸ਼ਵਤਾਂ ਵੀ ਲੈ ਲੈਂਦਾ ਹੈ, ਹੋਰ ਬੇਈਮਾਨੀਆਂ ਕਰ ਲੈਂਦਾ ਹੈ, ਧੋਖੇ ਕਰ ਲੈਂਦਾ ਹੈ, ਝੂਠੇ ਮੁਖਤਿਆਰ ਨਾਮੇ ਬਣਾ ਕੇ ਜਮੀਨਾਂ-ਜਾਇਦਾਦਾਂ ਆਪਣੇ ਨਾਉਂ ਕਰ ਲੈਂਦਾ ਹੈ ਲੇਕਿਨ ਜਿਹੜੇ ਇਹ ਕਰਮ ਨੇ ਇਨ੍ਹਾਂ ਨੂੰ ਪਾਪ ਗਿਣਿਆ ਗਿਆ। ਇਸ ਦੀ ਸਜ਼ਾ ਦਰਗਾਹ ਦੇ ਵਿਚ ਜਾ ਕੇ ਮਿਲਦੀ ਹੈ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥ ਅੰਗ - 471*

ਸੋ ਇਹ ਸਜਾ ਮਿਲਦੀ ਹੈ। ਉਸ ਨੇ ਕਿਹਾ ਕਿ ਮੇਰੇ ਵਰਗੀ ਗਲਤੀ ਹੋਰ ਕੋਈ ਨਾਂਹ ਕਰ ਲੈਣ, ਪੰਧਨਾਮਾ ਲਿਖਾ ਦਿੱਤਾ। ਸਾਡੇ ਤਾਂ ਰਿਵਾਜ਼ ਹੀ ਨਹੀਂ। ਸਾਡੇ ਤਾਂ ਵਸੀਅਤ ਲਿਖਾਉਂਦੇ ਨੇ, ਪੰਧਨਾਮੇ ਦਾ ਸਾਨੂੰ ਪਤਾ ਹੀ ਨਹੀਂ। ਪੰਧਨਾਮਾ ਉਹ ਹੁੰਦਾ ਹੈ ਕਿ ਆਪਣੀ ਜ਼ਿੰਦਗੀ ਦੇ ਜਿਹੜੇ ਕਾਰਨਾਮੇ ਨੇ ਉਹ ਲਿਖਾਏ ਜਾਂਦੇ ਨੇ। ਉਸ ਨੇ ਲਿਖਿਆ ਮੈਂ ਜ਼ਿੰਦਗੀ ਦੇ ਅੰਦਰ ਬੜੇ ਪਾਪ ਕਰੇ, ਧਨ ਖੱਟਣ ਵਾਸਤੇ ਲੱਖਾਂ ਹੀ ਬੰਦੇ ਮਾਰ ਦਿੱਤੇ, ਤਲਵਾਰ ਦੇ ਘਾਟ ਉਤਾਰ ਦਿੱਤੇ, ਲੱਖਾਂ ਬੀਬੀਆਂ ਮੈਂ ਵਿਧਵਾ ਕਰ ਦਿੱਤੀਆਂ, ਲੱਖਾਂ ਮਾਵਾਂ ਦੇ ਪਿਆਰੇ ਪੁੱਤਰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਮਾਰ ਦਿੱਤੇ ਤੇ ਮੇਰਾ ਧਨ ਖਟਿਆ ਹੋਇਆ ਮੇਰੇ ਨਾਲ ਨਹੀਂ ਜਾ ਰਿਹਾ, ਇਥੇ ਢੇਰ ਲੱਗਿਆ ਪਿਆ ਹੈ। ਕਿੱਡਾ ਮੈਂ ਮਾੜਾ ਕੰਮ ਕਰਿਆ ਹੈ। ਹੁਣ ਜਦੋਂ ਮੇਰਾ ਜਨਾਜ਼ਾ ਨਿਕਲੇਗਾ ਮੇਰੇ ਹੱਥ ਵੀ ਬਾਹਰ ਕਰ ਦਿਓ ਤੇ ਪੈਰ ਵੀ ਕਰ ਦਿਓ ਤੇ ਫੱਟੀ ਲਿਖ ਕੇ ਵੱਡੀ ਲਾ ਦਿਓ ਕਿ ਆਹ ਜਾਂਦਾ ਹੈ ਅਰਬਾਂ ਪਤੀ, ਖਾਲੀ ਹੱਥ, ਐ ਦੁਨੀਆ ਦੇ ਲੋਕੋ ਇਸ ਤੋਂ ਕੁਝ ਸਿਖਿਆ ਲਓ, ਕੋਈ ਨੇਕ ਕੰਮ ਕਰੋ। ਜਿਹੜੇ ਜਾ ਕੇ ਦਰਗਾਹ ਦੇ ਵਿਚ ਕੰਮ ਕਰਨ ਕਿਉਂ ਦਰਗਾਹ ਦੇ ਵਿਚ ਫੇਰ ਪਛਤਾਵੇ ਤੋਂ ਬਿਨਾ ਫੇਰ ਕੁਝ ਹੋਇਆ ਨਹੀਂ ਕਰਦਾ-

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਂਵੇਗੀ*
*ਫੇਰ ਤੇਰਾ ਕੋਈ ਨਾ ਬਣੇ -2, 2.*
*ਮੇਰੇ ਪਿਆਰੇ ਫੇਰ ਤੇਰਾ ਕੋਈ ਨਾ ਬਣੇ -2, 2.*
*ਜਿੰਦੇ ਰੋਵੇਂਗੀ ਤੇ ਰੋ-ਰੋ,.......... -2.*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਅੰਗ - 464*

ਪਾਪ ਇਕੱਠੇ ਕਰਕੇ ਜਦੋਂ ਤੁਰਦਾ ਹੈ ਫੇਰ ਰੋਂਦਾ ਹੈ ਕਿ ਮੇਰੇ ਨਾਲ ਤਾਂ ਕੁਝ ਵੀ ਨਾ ਗਿਆ ਇਹ ਤਾਂ ਸਾਰਾ ਇਥੇ ਹੀ ਰਹਿ ਗਿਆ। ਸੋ ਨਾਲ ਕੀ ਜਾਂਦਾ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਅੰਗ - 264*

ਉਹ ਚੀਜ਼ ਜਾਣੀ ਹੈ ਬਾਕੀ ਤਾਂ ਜਾਂਦੇ ਨਹੀਂ, ਪਾਪ ਤਾਂ ਦੁਖੀ ਕਰਨਗੇ ਨਾਲ ਗਏ ਹੋਏ ਪਰ ਜੇ ਬੰਦਗੀ ਨਹੀਂ ਕਰੀ ਤਾਂ ਫੇਰ ਉਥੇ ਬਹੁਤ ਰੋਣਾ ਪੈਂਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰਿਓ!

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਅੰਗ - 12*

ਬਾਕੀ ਜਿਹੜੇ ਕੰਮ ਕਰ ਰਿਹਾ ਹੈਂ ਤੂੰ ਉਹ ਫਜ਼ੂਲ ਨੇ, ਦੁਨੀਆਂ ਦੇ ਕੰਮ ਨੇ, ਦੁਨੀਆਂ ਵਿਚ ਰਹਿ ਜਾਣਗੇ। ਇਨ੍ਹਾਂ ਦੇ ਵਾਸਤੇ ਪਾਪ ਨਾ ਕਰੀਂ, ਧੋਖੇ ਨਾ ਕਰੀਂ, ਖੋਟੇ ਕਰਮ ਨਾ ਕਰੀਂ, ਫੇਰ ਤੈਨੂੰ ਪਛਤਾਉਣਾ ਪੈ ਜਾਏਗਾ। ਅਸੀਂ ਨਹੀਂ ਹਟਾਉਂਦੇ ਤੈਨੂੰ। ਕਰੀ ਜਾਹ, ਤੇਰੀ ਪਰਾਲਬਧ ਦੀ ਖੇਡ ਹੈ ਪਰ ਇਹ ਭੈੜੇ ਕੰਮ, ਨਜ਼ਾਇਜ ਕੰਮ ਨਾ ਕਰੀ। ਜਦੋਂ ਠੀਕ ਕਾਰਜ ਕਰੇਂਗਾ, ਇਸ ਦੇ ਵਿਚ ਬਰਕਤ ਪਏਗੀ, ਦਸਾਂ ਨਹੁੰਆਂ ਦੀ ਕਮਾਈ ਕਰਕੇ ਜਦੋਂ ਤੂੰ ਦੇਵੇਂਗਾ ਗੁਰੂ ਦੇ ਨਮਿਤ ਉਹ ਲੱਖਾਂ ਗੁਣਾ ਵਧੇਗੀ, ਤੇਰੀ

ਸਹਾਇਤਾ ਕਰੇਗੀ ਦਰਗਾਹ ਦੇ ਵਿਚ ਜਾ ਕੇ। ਉਹ ਕੰਮ ਕਰ ਜਿਸ ਤੋਂ ਬਾਅਦ ਪਛਤਾਉਣਾ ਨਾ ਪਵੇ ਜਿਸ ਤੇ ਪਛਤਾਉਣਾ ਪਵੇ –

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਅੰਗ - 1428*

ਹੁਣ ਰੋਣ ਦਾ ਕੀ ਫਾਈਦਾ। ਜਿਹੜੇ ਮੌਕੇ ਕੰਮ ਕਰਨਾ ਸੀ, ਤੈਨੂੰ ਆਵਾਜ਼ਾਂ ਦੇ ਦੇ ਉਠਾ ਰਹੇ ਸੀ ਮਹਾਤਮਾ, ਉਦੋਂ ਤਾਂ ਤੂੰ ਸੁਣੀ ਨਹੀਂ। ਬਾਬਾ ਫਰੀਦ ਜੀ ਕਹਿੰਦੇ, ਕੀ ਕਰੀਏ ਦੁਨੀਆਂ ਸੁਣਦੀ ਨਹੀਂ ਉਪਦੇਸ਼ –

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਅੰਗ - 1378*

ਚਾਰੇ ਵੇਦ, ਛੇ ਸਾਸ਼ਤਰ, ਸਤਾਈ ਸਿਮਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਤੇ ਹੋਰ ਬੇਅੰਤ ਜਿਹੜੇ ਵੀ ਧਾਰਮਿਕ ਗ੍ਰੰਥ ਹਨ ਤੇ ਸੈਕੜਿਆਂ ਦੀ ਤਾਦਾਦ ਵਿਚ ਮਹਾਂਪੁਰਸ਼ ਜੀਵ ਨੂੰ ਜਗਾਉਣ ਦਾ ਯਤਨ ਕਰਦੇ ਨੇ ਪਰ ਮਜ਼ਾਲ ਹੈ ਕਿ ਇਹ ਮਾੜ੍ਹਾ ਜਿਹਾ ਪਾਸਾ ਵੀ ਵਟ ਲਏ, ਉਥੇ ਦਾ ਉਥੇ ਰਹਿੰਦਾ ਹੈ। ਉਹ ਸਮਝਾਉਂਦੇ ਨੇ ਕਿ ਤੂੰ ਆਪਣੀ ਹਾਲਤ ਦੇਖ। ਇਸ ਤੋਂ ਪਹਿਲਾਂ ਕਿਥੇ-ਕਿਥੇ ਤੂੰ ਘੁੰਮਦਾ ਰਿਹਾ। ਉਹ ਤੇਰੇ ਯਾਦ ਨਹੀਂ, ਅਸੀਂ ਤੇਰੇ ਯਾਦ ਕਰਾ ਦਿੰਦੇ ਹਾਂ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਅੰਗ - 156*

ਪਿਆਰਿਆ! ਇਹ ਨਾ ਸਮਝ ਕਿ ਮੁੱਢ ਤੋਂ ਹੀ ਮੈਂ ਮਨੁੱਖ ਹਾਂ। ਤੇਰਾ ਇਤਿਹਾਸ ਅਰਬਾਂ-ਖਰਬਾਂ ਸਾਲ ਤੋਂ ਚਲਿਆ ਆ ਰਿਹਾ ਹੈ। ਮਨੁੱਖ ਤਾਂ ਤੂੰ ਬਣਦਾ ਹੈਂ ਵਾਰੀ ਆਈ ਤੇ। ਜਦੋਂ ਮਨੁੱਖ ਬਣਦੈ ਉਸ ਵੇਲੇ ਤੈਨੂੰ ਬਿਮਾਰੀਆਂ ਲੱਗ ਜਾਂਦੀਆਂ ਨੇ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਅੰਗ - 268*

ਇਕ ਵਾਰੀ ਨਹੀਂ ਤੂੰ ਬਹੁਤ ਵਾਰੀ ਮਨੁੱਖ ਬਣ ਕੇ ਫੇਲ੍ਹ ਹੁੰਦਾ ਰਿਹਾ ਹੈ, ਬਣਿਆ ਨਹੀਂ ਤੇਰਾ ਕੁਝ। ਜਦੋਂ ਮਾਤਾ ਦੇ ਪੇਟ ਵਿਚ ਹੁੰਦਾ ਹੈ ਉਸ ਵੇਲੇ ਤੈਨੂੰ 100 ਜਨਮ ਦੀ ਸੋਝੀ ਹੁੰਦੀ ਹੈ, ਕਿਉਂ ਹੁੰਦੀ ਹੈ? ਉਹ ਇਕ ਸਮਾਧੀ ਦੀ ਅਵਸਥਾ ਵਿਚ ਹੁੰਦਾ ਹੈ। ਉਸ ਦੇ ਪ੍ਰਾਣ ਜਿਹੜੇ ਨੇ ਉਹ ਸੁਖਮਨਾ ਨਾੜੀ ਵਿਚ ਹੁੰਦੇ ਨੇ। ਤਿੰਨ ਨਾੜੀਆਂ ਮੁਖ ਨੇ ਰੀੜ੍ਹ ਦੀ ਹੱਡੀ ਦੇ ਨਾਲ। ਇਕ ਨੂੰ ਇੜਾ ਕਹਿੰਦੇ ਨੇ, ਇਕ ਨੂੰ ਪਿੰਗਲਾ, ਵਿਚਾਰਲੀ ਸੁਖਮਨਾ ਕਹਿੰਦੇ ਨੇ। ਸੁਖਮਨਾ ਨਾੜੀ ਵਿਚ ਜੇ ਹੁਣ ਵੀ ਅਸੀਂ ਪ੍ਰਵੇਸ਼ ਕਰ ਜਾਈਏ ਨਾ, ਸਾਨੂੰ 100 ਜਨਮ ਪਿਛਲਾ ਗਿਆਨ ਹੋ ਜਾਂਦਾ ਹੈ। ਉਹ ਪ੍ਰਵੇਸ਼ ਕਿਵੇਂ ਕਰੇ? ਪਹਿਲੇ ਜ਼ਮਾਨਿਆਂ ਵਿਚ ਕਰਦੇ ਹੁੰਦੇ ਸੀ, ਮਹਾਰਾਜ ਨੇ ਤਾਂ ਮਨ੍ਹਾ ਕਰ ਦਿੱਤਾ। ਉਹ ਇਹ ਹੈ ਕਿ ਰੀੜ੍ਹ ਦੀ ਹੱਡੀ ਦੇ ਅਖੀਰਲੇ ਸਿਰੇ ਤੇ ਇਕ ਸਾਢੇ ਤਿੰਨ ਵਲ ਪਾ ਕੇ, ਇਕ ਨਾੜੀ ਹੈ ਉਸ ਨੂੰ ਭੁਜੰਗਾ ਨਾੜੀ ਕਹਿੰਦੇ ਨੇ। ਉਸ ਨੇ ਇਹ ਮੂੰਹ ਨਾਲ ਢਕੀ ਹੋਈ ਹੈ। ਜਿਥੇ ਉਸ ਦਾ ਮੂੰਹ ਹੈ ਉਥੇ electronics ਦਾ ਭੰਡਾਰ ਹੈ ਸੰਬੰਧ ਹੈ ਲੱਗਿਆ ਹੋਇਆ ਕੁਦਰਤ ਦੇ ਨਾਲ। ਜੇ ਉਹ ਬਟਨ ਦਬਿਆ ਜਾਵੇ ਸਾਰੀ ਕੁਦਰਤ ਦਾ ਭੇਤ ਲੱਗ ਜਾਂਦਾ ਹੈ। ਇਥੇ ਬੈਠ ਕੇ ਹੀ ਅਮਰੀਕਾ ਦੇਖੀ ਜਾਂਦਾ ਹੈ ਕਿ ਕੀ ਕਰਦੇ ਨੇ।

ਆਹ ਡਾ. ਸਵਾਮੀ ਰਾਮ ਜੀ ਹੁਣੇ ਹੀ ਚੜ੍ਹਾਈ ਕਰੇ ਨੇ ਥੋੜ੍ਹਾ ਚਿਰ ਹੋਇਆ। ਅਸੀਂ ਉਥੇ ਗਏ ਉਹ ਵੀ ਇਥੇ ਸਮਾਗਮ ਵਿਚ ਆਉਂਦੇ ਰਹੇ ਨੇ। ਬੀਬੀ ਬਿਮਾਰ ਸੀ, ਸਿਹਤ ਚੰਗੀ ਨਹੀਂ ਸੀ। ਉਹ ਕਹਿੰਦੇ ਲੈ ਮੈਂ ਤੁਹਾਨੂੰ ਦਵਾਈ ਦਿੰਦਾ ਹਾਂ। ਇਹ ਇਸ ਤਰ੍ਹਾਂ ਖਾਣੀ ਹੈ, ਸਵੇਰੇ ਆਹ ਪੁੜੀ ਖਾਣੀ ਹੈ, ਆਥਣ ਨੂੰ ਇਹ ਖਾਣੀ ਹੈ, ਹੋਮਿਓਪੈਥੀ ਦੇ ਡਾਕਟਰ ਸੀ ਉਨ੍ਹਾਂ ਦੇ ਨਾਲ ਉਹ ਵੀ ਡਾਕਟਰ ਸੀ oxford university ਤੋਂ doctorate ਕਰੀ ਹੋਈ ਸੀ ਇੰਗਲਿਸ਼ ਦੀ, ਸਭ ਜ਼ੁਬਾਨਾਂ ਜਾਣਦੇ ਸੀ ਦੁਨੀਆਂ ਦੀਆਂ। ਅਰਬੀ ਜਾਣਦੇ, ਸੰਸਕ੍ਰਿਤ ਜਾਣਦੇ, ਜਰਮਨ ਜਾਣਦੇ, ਹਰ ਜ਼ੁਬਾਨ ਦਾ ਪਤਾ ਸੀ। ਉਨ੍ਹਾਂ ਨੇ ਇਕ ਯੋਗ ਸਾਧਿਆ ਹੋਇਆ ਸੀ ਉਸ ਨੂੰ ਸਰਵ ਵਿਦਿਆ ਯੋਗ ਕਹਿੰਦੇ ਨੇ। ਉਹ ਹਰ ਜੁਬਾਨ ਜਾਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੂੰ ਕਹਿ ਦਿੰਦੇ ਨੇ ਕਿ ਉਥੇ ਦੀ ਉਹ ਬੋਲੀ ਕਿਵੇਂ ਬੋਲਦੇ ਰਹੇ-ਤਰਕ ਵਾਲੇ। ਉਹ ਅਗਿਆਨਪੁਣਾ ਹੈ, ਨਹੀਂ ਪਤਾ ਇਨ੍ਹਾਂ ਨੂੰ ਕਿ ਆਦਮੀ ਦੇ ਅੰਦਰ ਵਿਦਿਆ ਦੇ ਭੰਡਾਰੇ ਨੇ। ਹਿੰਦੁਸਤਾਨ ਵਿਚ ਇਸ ਵੇਲੇ 10 ਬੰਦੇ ਨੇ। ਸਵਾਮੀ ਰਾਮ ਤਾਂ ਚੜ੍ਹਾਈ ਕਰ ਗਏ, 9 ਹੋਰ ਨੇ ਜਿਹੜੇ ਹਰ ਬੋਲੀ ਨੂੰ ਜਾਣਦੇ ਨੇ। ਸੋ ਉਨ੍ਹਾਂ ਨੇ ਦਵਾਈ ਦੇ ਦਿੱਤੀ। ਇਹ ਬੀਬੀ ਦਵਾਈ ਲੈਂਦੀ ਰਹੀ। ਇਕ ਦਿਨ ਅਸੀਂ ਕਿਤੋਂ ਬਾਹਰੋਂ ਆਏ ਥੱਕ ਗਏ ਬਹੁਤੇ, ਉਹ ਦਵਾਈ ਦੀ ਖੁਰਾਕ ਨਾ ਲਈ ਤੇ ਪੈ ਗਏ। ਮੰਜੇ ਤੇ ਪੈਂਦਿਆਂ ਨੂੰ ਆ ਗਈ

ਨੀਂਦ। ਰਿਸ਼ੀਕੇਸ਼ ਤੋਂ ਸਾਨੂੰ ਟੈਲੀਫੋਨ ਆਇਆ ਕਿ ਅੱਜ ਮਾਂ ਜੀ ਨੇ ਦਵਾਈ ਨਹੀਂ ਲਈ, ਮਾਂ ਕਹਿੰਦੇ ਸੀ ਇਨ੍ਹਾਂ ਨੂੰ। ਕਹਿੰਦੇ ਮਾਂ ਨੇ ਦਵਾਈ ਨਹੀਂ ਲਈ ਸੌਂ ਗਈ ਮੰਜੇ ਤੇ ਪਈ ਹੈ ਸੁੱਤੀ, ਜਗਾਓ ਜਗਾ ਕੇ ਦਵਾਈ ਦਿਓ ਹੁਣੇ ਹੀ। ਮੈਂ ਹੈਰਾਨ ਹੋ ਗਿਆ ਕਿ ਦੇਖੋ! ਬੈਠੇ ਰਿਸ਼ੀਕੇਸ਼ ਨੇ ਤੇ ਦੇਖ ਰਹੇ ਨੇ ਸਾਨੂੰ। ਉਹ ਦ੍ਰਿਸ਼ਟੀ ਹੋਇਆ ਕਰਦੀ ਹੈ। ਉਹ ਦੇਖ ਲੈਂਦੇ ਨੇ। ਇਵੇਂ ਜਿਵੇਂ ਜਦੋਂ ਸੁਖਮਨਾ ਨਾੜੀ ਵਿਚ ਸਾਡੀ ਸੁਰਤ ਹੁਣ ਵੀ ਚਲੀ ਜਾਵੇ ਤਿੰਨ ਲੋਕਾਂ ਦੀ ਸੋਝੀ ਹੋ ਜਾਇਆ ਕਰਦੀ ਹੈ। ਮਹਾਰਾਜ ਨੇ ਕਿਹਾ ਤੁਹਾਡੇ ਕੋਲੋਂ ਨਹੀਂ ਹੋਣਾ ਕਿਉਂਕਿ ਕਲਜੁਗ ਦਾ ਸਮਾਂ ਵਿਸ਼ੇ ਵਿਕਾਰਾਂ ਦਾ ਸਮਾਂ ਆ ਗਿਆ। ਉਹ ਜਿਹੜੀ ਸਿਹਤ ਸੀ ਪੁਰਾਣੀ ਉਹ ਨਾ ਰਹੀ। ਨਾ ਰਹਿਣ ਕਰਕੇ ਜੇ 1000 ਬੰਦਾ ਇਸ ਕੰਮ ਤੇ ਲੱਗੇ 999 ਪਾਗਲਖਾਨੇ ਚਲਿਆ ਜਾਏਗਾ। ਉਹ ਚੀਜ਼ ਕਰੋ ਹੀ ਨਾ ਕਿਉਂਕਿ ਵਿਗਾੜ ਲਓਗੇ ਤੁਸੀਂ ਕੁੰਡਲਨੀ ਸ਼ਕਤੀ ਨੂੰ। ਕੁੰਡਲਨੀ ਸ਼ਕਤੀ electronic ਦੀ ਸ਼ਕਤੀ ਹੈ। ਉਸ ਦਾ ਸੰਬੰਧ ਬ੍ਰਹਿਮੰਡ ਦੀ ਸ਼ਕਤੀ ਨਾਲ ਹੈ। ਜਦੋਂ ਉਥੇ ਪ੍ਰਾਣ ਜਾਂਦੇ ਨੇ ਤੇ ਉਹ ਕੁੰਡਲਨੀ ਸ਼ਕਤੀ ਜਾਗਰਤ ਹੁੰਦੀ ਹੈ, ਜਾਗਰਤ ਹੋਈ ਨੂੰ ਪਤਾ ਲਗ ਜਾਂਦਾ ਹੈ ਸਾਰਾ। ਆਹ ਤੁਹਾਡੀ ਬੀਜੀ ਦੇ ਪਿਤਾ ਜੀ ਬਹੁਤ ਬੰਦਗੀ ਕਰਦੇ ਸੀ ਭਾਈ ਰਣਧੀਰ ਸਿੰਘ ਉਨ੍ਹਾਂ ਦੇ ਸਾਥੀ ਸੀ। ਉਹ ਲਾਹੌਰ ਰਹਿੰਦੇ ਹੁੰਦੇ ਸੀ। ਇਕ ਦਿਨ ਤੁਹਾਡੀ ਬੀਜੀ ਨੂੰ ਕਹਿੰਦੇ ਕਿ ਦਰਵਾਜਾ ਨਾ ਖੋਲ੍ਹੀਂ, ਇਕ ਸਿੰਘ ਆ ਰਿਹਾ ਹੈ। ਦਰਵਾਜੇ ਬੰਦ ਕਰ ਦਿੱਤੇ ਆਪ ਚੁਬਾਰੇ ਵਿਚ ਬੈਠਦੇ ਸੀ ਜਿਆਦਾ। ਛੋਟੀ ਕੁੜੀ ਨਿਆਣੀ ਸੀ ਉਸ ਨੇ ਦਰਵਾਜਾ ਖੋਲ੍ਹ ਦਿੱਤਾ। ਜਿਸ ਵਕਤ ਉਪਰ ਗਿਆ, ਬਾਪੂ ਜੀ ਨੂੰ ਫਤਹਿ ਬੁਲਾਈ, ਉਨ੍ਹਾਂ ਨੇ ਜਵਾਬ ਨਾ ਦਿੱਤਾ। ਉਸ ਦੀ ਥਾਂ ਕਿਹਾ, ਓ ਦੁਸ਼ਟਾ! ਉਥੇ ਬੰਬੇ ਵਿਚ ਕੀ ਕਰਦਾ ਸੀ? ਗੁਰੂ ਦਾ ਸਿੱਖ ਹੋ ਕੇ ਕਿਹੋ ਜਿਹਾ ਬਾਣਾ ਪਹਿਨਿਆ ਹੋਇਆ ਤੇ ਉਥੇ ਕਰਦਾ ਕੀ ਸੀ? ਲਾਜ ਲਾਉਂਦਾ ਸੀ ਸਿੱਖੀ ਨੂੰ। ਬਹੁਤ ਝਾੜ ਪਾਈ। ਕਹਿੰਦੇ ਨਾਲ ਇਕ ਬਚਨ ਨਿਕਲ ਗਿਆ ਉਨ੍ਹਾਂ ਦੇ ਮੁੱਖ ਤੋਂ ਕਿ ਜੇ ਮੈਂ ਦੇਖ ਲਿਆ, ਤੇਰਾ ਕੀ ਖਿਆਲ ਹੈ ਗੁਰੂ ਕਲਗੀਧਰ ਪਾਤਸ਼ਾਹ ਨਹੀਂ ਤੈਨੂੰ ਦੇਖ ਰਿਹਾ। ਇਥੇ ਬੈਠਿਆਂ ਨੇ ਬੰਬੇ ਦੇ ਵਿਚ ਹਾਲ ਦੇਖ ਲਿਆ ਕਿ ਉਥੇ ਕੀ ਕਰ ਰਿਹਾ ਸੀ। ਇਹ ਇਕ ਸ਼ਕਤੀ ਹੈ ਆਦਮੀ ਦੇ ਅੰਦਰ, ਨਾਮ ਨਾਲ ਵੀ ਪ੍ਰਗਟ ਹੋ ਜਾਂਦੀ ਹੈ, ਪ੍ਰਾਣਾਯਾਮ ਨਾਲ ਵੀ ਪ੍ਰਗਟ ਹੁੰਦੀ ਹੈ। ਇਸ ਨੂੰ ਕੁੰਡਲਨੀ ਸ਼ਕਤੀ ਕਹਿੰਦੇ ਨੇ। ਜਦੋਂ ਸਾਡੀ ਸੁਰਤ ਮਾਤਾ ਦੇ ਪੇਟ ਵਿੱਚ ਪੁੱਠੇ ਲਟਕਣ ਦੇ ਨਾਲ ਰੀੜ੍ਹ ਦੀ ਹੱਡੀ ਵਿਚ ਆਉਂਦੀ ਹੈ, ਸਭ ਤੋਂ ਪਹਿਲਾਂ ਉਸ ਦੇ ਵਿਚ ਸੁਰਤ ਆ ਕੇ ਦੇਹੀ ਬਣਦੀ ਹੈ, ਜੇ ਉਥੇ ਸੁਰਤ ਨਾ ਆਵੇ ਤਾਂ ਸਰੀਰ ਨਹੀਂ ਬਣਦਾ। ਦੇਹੀ ਬਣ ਕੇ ਉਸ ਵੇਲੇ ਉਸ ਨੂੰ ਪੁਰਾਣੇ ਨਜ਼ਾਰੇ ਦਿਸਦੇ ਨੇ। 100 ਜਨਮ ਤੱਕ ਮਹਾਂਪੁਰਸ਼ ਕਹਿੰਦੇ ਨੇ ਇਸ ਨੂੰ ਪਤਾ ਲਗਦਾ ਹੈ ਕਿ ਮੈਂ ਕੀ ਸੀ? ਮੁੜ ਕੀ ਸੀ? ਉਥੇ ਵਾਇਦੇ ਕਰਦਾ ਹੈ ਕਿ ਹੇ ਪ੍ਰਭੂ! ਹੁਣ ਮੈਨੂੰ ਤੂੰ ਮਨੁੱਖ ਬਣਾ ਦੇ ਸੁਖੀ ਸਾਂਦੀ ਤੇ ਮੈਂ ਹੁਣ ਤੇਰਾ ਨਾਮ ਜਪਾਂਗਾ ਪਰ ਹੁੰਦਾ ਕੀ ਹੈ ਕਿ ਜਿਸ ਵਕਤ ਸੰਸਾਰ ਵਿਚ ਆਉਂਦਾ ਹੈ, ਪਹਿਲੇ ਸੁਆਸ ਨਾਲ ਹੀ ਮਾਇਆ ਪੈ ਜਾਂਦੀ ਹੈ। ਪਹਿਲਾਂ ਤਾਂ ਮਾਂ ਦੇ ਸਾਹ ਨਾਲ ਸੁਆਸ ਜੁੜਿਆ ਹੋਇਆ ਸੀ, ਮਾਂ ਦੀ ਖੁਰਾਕ ਨਾਲ ਖੁਰਾਕ ਜੁੜੀ ਹੋਈ ਸੀ ਹੁਣ ਅੱਡ ਹੋ ਗਿਆ, ਨਾੜੂਆ ਕੱਟ ਦਿੱਤਾ, ਸੁਆਸ ਇਸ ਨੂੰ ਅਜਾਦ ਆਉਣ ਲਗੇ। ਪਹਿਲਾ ਹੀ ਸੁਆਸ ਜਿਹੜਾ ਆਇਆ ਉਹ ਇਕ ਦਮ ਵਾਹਿਗੁਰੂ ਭੁਲਿਆ ਤੇ ਮਾਇਆ ਦਾ ਅਸਰ ਪੈ ਗਿਆ। ਲਿਵ ਟੁੱਟ ਗਈ ਜਿਹੜੀ ਲੱਗੀ ਹੋਈ ਸੀ, ਧੁਨ ਜਿਹੜੀ ਇਸ ਦੇ ਅੰਦਰ ਸੁਣਾਈ ਦੇ ਰਹੀ ਸੀ ਜਿਸ ਦੇ ਆਸਰੇ ਇਹ ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਵੀ ਜੀਉਂਦਾ ਰਹਿ ਗਿਆ, ਉਹ ਲਿਵ ਟੁੱਟ ਗਈ-

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਅੰਗ - 921***

ਲਿਵ ਛੁੜਕੀ, ਪਰਿਵਾਰ ਨੂੰ ਤਾਂ ਹੋ ਗਈਆਂ ਖੁਸ਼ੀਆਂ ਕਿ ਕਾਕਾ ਹੋ ਗਿਆ ਜੀ, ਅਸੀਂ ਪਾਰਟੀ ਕਰਨੀ ਹੈ ਜੀ, ਵੱਢੋ ਬੱਕਰੇ, ਮਾਰੋ ਮੁਰਗੇ, ਸ਼ਰਾਬ ਲਿਆਓ ਅੱਜ ਛੇਤੀ। ਭੁੱਲ ਗਏ ਸਾਰੀਆਂ ਹੀ ਗੱਲਾਂ ਉਹ ਜਿਹੜਾ ਜੀਵ ਆਇਆ ਉਸ ਦਾ ਵਿਚਾਰੇ ਦਾ ਕੋਈ ਤਰਸ ਹੀ ਨਹੀਂ ਕਰਦਾ ਕਿ ਇਹ ਤਾਂ ਨਾਮ ਨਾਲ ਜੁੜਿਆ ਹੋਇਆ ਸੀ ਲਿਵ ਲੱਗੀ ਹੋਈ ਸੀ ਤੇ ਉਸ ਨੇ ਪਹਿਲਾਂ ਪੈਦਾ ਹੁੰਦੇ ਨੇ ਹੀ ਚੀਕ ਜਿਹੀ ਮਾਰੀ ਜਦੋਂ ਉਸ ਨੂੰ ਪਤਾ ਲੱਗਿਆ ਕਿ ਧੁਨ ਟੁੱਟਦੀ ਹੈ। ਉਸੇ ਵੇਲੇ ਮਾਇਆ ਦਾ ਅਸਰ ਪੈ ਗਿਆ। ਸਭ ਤੋਂ ਪਹਿਲਾਂ ਫੁਰਨਾ ਇਸ ਨੂੰ ਆਇਆ ਕਿ ਮੈਂ ਕੁਝ ਖਾਵਾਂ। ਜਿਹੜੇ ਪਸ਼ੂ ਬਾਹਰ ਜੰਗਲਾਂ ਵਿਚ ਸੂ ਪੈਂਦੇ ਨੇ, ਮੱਝਾਂ ਗਾਈਆਂ ਉਨ੍ਹਾਂ ਨੂੰ ਤਜਰਬਾ ਹੈ ਇਸ ਗੱਲ ਦਾ, ਉਨ੍ਹਾਂ ਨੂੰ ਕੋਈ ਸੰਭਾਲਦਾ ਨਹੀਂ, ਕੋਈ ਜੇਰ ਨਹੀਂ ਸਾਂਭਦਾ। ਉਹ ਜਿਹੜਾ ਕਟੜੂ ਜਾ ਵਛੜੂ ਹੋਇਆ ਹੈ ਉਸ ਨੂੰ ਸੁਗੰਧ ਆਉਂਦੀ ਹੈ ਉਸ ਦੇ ਨੱਕ ਦੇ ਵਿਚ ਜਾਂਦੀ ਹੈ ਕਿ ਇਥੇ ਹੈ ਦੁਧ। ਉਹ ਆਪੇ ਹੀ ਟੱਕਰਾ ਟੁੱਕਰਾਂ ਮਾਰਦਾ ਥਣਾਂ ਕੋਲ ਚਲਿਆ ਜਾਂਦਾ ਹੈ, ਥਣ ਮੂੰਹ ਵਿਚ ਲੈ ਲੈਂਦਾ ਹੈ, ਉਸ ਨੂੰ ਕੋਈ ਦਿਖਾਉਂਦਾ ਹੈ? ਸਿਖਾਉਂਦਾ ਹੈ? ਜੰਗਲ ਵਿਚ ਤਾਂ ਪੈਦਾ ਹੋਇਆ ਹੈ। ਜਿੰਨੇ ਜੰਗਲਾਂ ਵਿਚ ਇਹ ਹਿਰਨ ਵਗੈਰਾ ਨੇ ਕਿਹੜਾ ਹੈ ਜਿਹੜਾ ਸਿਖਲਾਈ ਦਿੰਦਾ ਹੈ ਇਨ੍ਹਾਂ ਨੂੰ। ਉਹ ਪਹਿਲੀ ਚੀਜ਼ ਆਦਮੀ ਨੂੰ ਭੁਖ ਲਗਦੀ ਹੈ, ਭੁਖ ਦੀ ਸੁਗੰਧੀ ਆਉਂਦੀ ਹੈ। ਉਹ ਜਿਹੜੀ ਚੀਜ਼ ਇਸ ਨੂੰ ਜੀਉਂਦਾ ਰਖਦੀ ਹੈ ਉਸ ਦੇ ਨਾਲ ਇਸ ਦਾ ਪਿਆਰ ਪੈਂਦਾ ਹੈ। ਮਹਾਰਾਜ ਕਹਿੰਦੇ ਲਓ ਭਾਈ ਪ੍ਰੇਮੀਓ! ਨਾਮ ਤਾਂ

ਗਿਆ ਕਿਧਰੇ ਹੀ –

*ਪਹਿਲੈ ਪਿਆਰਿ ਲਗਾ ਥਣ ਦੁਧਿ॥* *ਅੰਗ - 137*

ਫੇਰ ਮਾਂ ਦਾ ਪਤਾ ਲਗਦਾ ਹੈ ਇਸ ਨੂੰ ਕਿ ਆਹ ਹੁੰਦੀ ਹੈ ਇਸ ਤੋਂ ਮੈਨੂੰ ਦੁਧ ਮਿਲਦਾ ਹੈ –

*ਦੂਜੈ ਮਾਇ ਬਾਪ ਕੀ ਸੁਧਿ॥* *ਅੰਗ - 137*

ਸੋ ਆਏਂ ਫਸ ਜਾਂਦਾ ਹੈ ***'ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰ ਵਰਤਾਇਆ।'*** ਉਸ ਵੇਲੇ ਇਹ ਪ੍ਰਮੇਸ਼ਰ ਨੂੰ ਭੁਲਦਾ ਹੈ, ਇਸ ਨੂੰ ਪਤਾ ਨਹੀਂ ਰਹਿੰਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸੁਖਮਨਾ ਨਾੜੀ ਵਿਚ ਪ੍ਰਾਣ ਹੁੰਦੇ ਨੇ, ਉਸ ਵੇਲੇ ਇਸ ਨੂੰ 100 ਜਨਮ ਦਾ ਪਤਾ ਹੁੰਦਾ ਹੈ। ਇਹ ਵਾਰ ਵਾਰ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ ਲੇਕਿਨ ਬਾਹਰ ਆ ਕੇ ਨਾ ਰੱਬ ਚੇਤੇ ਰਹਿੰਦਾ ਹੈ ਨਾ ਹੀ ਨਾਮ। ਇਹ ਤਾਂ ਬੀਜ ਤੋਂ ਬੀਜ ਪੈਦਾ ਹੁੰਦੇ ਨੇ ਇਵੇਂ ਮੇਰਾ ਜਨਮ ਹੋ ਗਿਆ। ਐਸੀਆਂ ਮੰਤਕਾਂ ਥੋਥੀਆਂ ਜਿਹੜੀਆਂ ਨੇ ਉਨ੍ਹਾਂ ਨਾਲ ਆਪ ਵੀ ਨਾਸਤਕ ਬਣਦਾ ਹੈ ਦੁਨੀਆਂ ਨੂੰ ਵੀ ਨਾਸਤਕ ਬਣਾ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਗੱਲਾਂ ਛਡੋ! ਤੁਸੀਂ ਜਿਹੜਾ ਕੰਮ ਕਰਨ ਆਏ ਹੋ ਉਹ ਹੈ ਵਾਹਿਗੁਰੂ ਨੂੰ ਮਿਲਣਾ ਤੇ ਬਾਕੀ ਕੰਮ ਜਿਹੜੇ ਨੇ ਉਹ ਫਜ਼ੂਲ ਨੇ ਦੂਜੇ ਨੰਬਰ ਤੇ ਆਉਂਦੇ ਨੇ। ਜੇ ਕਹੇ ਮੇਰਾ ਗੁਜ਼ਾਰਾ ਗੁਜ਼ਾਰੇ ਵਾਸਤੇ ਮੱਥੇ ਤੇ ਪ੍ਰਭੂ ਨੇ ਲੇਖ ਲਿਖਿਆ ਹੋਇਆ ਹੈ–

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*
*ਅੰਗ - 74*

ਆਪਣਾ ਰਿਜ਼ਕ ਲੈ ਕੇ ਆਇਆ ਹੈ, ਰਿਜ਼ਕ ਦੇਣ ਵਾਲਾ ਨਹੀਂ ਕੋਈ ਵੀ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥* *ਅੰਗ - 10*

ਜਾਨਵਰਾਂ ਨੂੰ ਕੌਣ ਦਿੰਦਾ ਹੈ। ਸਵੇਰੇ ਉਡਦੇ ਹੀ ਨੇ ਰਤਾ, ਉਨ੍ਹਾਂ ਨੂੰ ਦਾਣਾ ਦਿਖਾਈ ਦਿੰਦਾ ਹੈ, ਜਾ ਕੇ ਚੁਗਣ ਲੱਗ ਜਾਂਦੇ ਨੇ, ਪੇਟ ਭਰ ਲਿਆ, ਗੀਤ ਗਾਉਣ ਲੱਗ ਜਾਂਦੇ ਨੇ, ਰਾਤ ਨੂੰ ਪੈ ਗਏ। ਸਵੇਰੇ ਉਠਦੇ ਹੀ ਫੇਰ ਉਡਾਰੀ ਮਾਰਦੇ ਨੇ, ਰਿਜ਼ਕ ਉਨ੍ਹਾਂ ਦਾ ਪ੍ਰਮੇਸ਼ਰ ਪ੍ਰਬੰਧ ਕਰਦਾ ਹੈ ਤੇ ਸਾਡੇ ਨਾਲੋਂ ਗਿਣਤੀ ਉਨ੍ਹਾਂ ਦੀ ਵਧ ਹੈ, ਹਜ਼ਾਰਾਂ ਗੁਣਾਂ ਗਿਣਤੀ ਵੱਧ ਹੈ, ਕੀੜੇ ਮਕੌੜਿਆਂ ਤੋਂ ਲੈ ਕੇ ਪੰਛੀਆਂ ਤੱਕ। ਉਹ ਤਾਂ ਕਰਿਆ ਹੋਇਆ ਹੈ, ਹੁਕਮ ਦੀ ਖੇਡ ਚਲ ਰਹੀ ਹੈ, ਉਹ ਤੈਨੂੰ ਮਿਲਣਾ ਹੀ ਹੈ ਜਿਹੜਾ ਕੁਝ ਮਿਲਣਾ ਹੈ, ਜੇ ਪ੍ਰਮੇਸ਼ਰ ਦਾ ਭਜਨ ਕਰੇਂ ਸੁਰਖਿਅਤ ਰਹਿ ਜਾਏਂਗਾ ਨਹੀਂ ਤਾਂ ਆਪੇ ਵਿਗਾੜ ਵੀ ਪਾ ਲਏਂਗਾ ਉਸ ਦੇ ਵਿਚ।

ਸੋ ਮਹਾਰਾਜ ਕਹਿੰਦੇ ਫਜ਼ੂਲ ਕੰਮ ਨਾ ਕਰ, ਦੇਹੀ ਬੜੀ ਕੀਮਤੀ ਹੈ –

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥* *ਅੰਗ - 140*

ਹੁਣ ਦੇਵਤਾ ਲੋਕ ਜਿਹੜੇ ਸਵਰਗ ਵਿਚ ਚਲੇ ਜਾਂਦੇ ਨੇ ਸਾਧ ਸੰਗਤ ਜੀ! ਉਥੇ ਜਾ ਕੇ ਪਤਾ ਲਗਦਾ ਹੈ ਕਿ ਮੈਂ ਕੀ ਗਲਤੀ ਕਰੀ ਹੈ, ਪਤਾ ਹੁੰਦਾ ਹੈ। ਇਥੇ ਇੰਗਲੈਂਡ ਦੇ ਵਿਚ ਬਰਮਿੰਗਮ ਵਿਚ ਇਕ ਮਿ. ਵਿੰਟਰ ਹੈ ਉਸ ਨੂੰ ਕੁਦਰਤ ਨੇ ਕੋਈ ਐਸੀ ਸ਼ਕਤੀ ਦਿੱਤੀ ਹੋਈ ਹੈ ਕਿ ਜਿਹੜੀਆਂ ਗੁਪਤ ਰੂਹਾਂ ਸਵਰਗਾਂ ਵਿਚ ਨੇ ਉਨ੍ਹਾਂ ਨੂੰ ਦੇਖ ਲੈਂਦੀ ਹੈ ਤੇ ਪੂਰਾ ਸਬੂਤ ਦੇ ਦਿੰਦੀ ਹੈ। ਜਦੋਂ ਫੇਰ ਉਨ੍ਹਾਂ ਨਾਲ ਉਹ ਗੱਲ ਕਰਦੀ ਹੈ ਫੇਰ ਦੱਸਦੀ ਹੈ ਕਿ ਇਹ ਕਹਿੰਦੇ ਨੇ ਕਿ ਮੈਂ ਗਲਤੀ ਕਰੀ, ਮੈਨੂੰ ਇਨ੍ਹਾਂ ਥੋੜ੍ਹੇ ਜਿਹੇ ਪੁੰਨਾਂ ਦਾ ਫਲ ਮਿਲਿਆ ਹੈ, ਮੈਨੂੰ ਨਰਕ ਵਿਚ ਜਾਣਾ ਪੈਣਾ ਹੈ, ਹੁਣ ਮੈਂ ਥੋੜ੍ਹੇ ਦਿਨਾਂ ਵਾਸਤੇ ਹੀ ਹਾਂ ਇਥੇ ਸਵਰਗ ਵਿਚ। ਆਪਣਾ ਕੀਤਾ ਹੋਇਆ ਆਪੇ ਹੀ ਭੁਗਤਣਾ ਪੈਂਦਾ ਹੈ, ਚਾਹੇ ਚੰਗੇ ਥਾਂ ਭੁਗਤ ਲਓ, ਚਾਹੇ ਮਾੜੇ ਥਾਂ ਜਾ ਕੇ ਭੁਗਤ ਲਓ, ਫੇਰ ਬਣਦਾ ਕੁਝ ਨਹੀਂ। ਮਹਾਰਾਜ ਕਹਿੰਦੇ ਜਿਹੜੇ ਦੇਵਤਾ ਲੋਕ ਨੇ ਇਹ ਵੀ ਇਸ ਦੇਹੀ ਨੂੰ ਚਾਹੁੰਦੇ ਨੇ। ਇਕ ਬਾਤ ਹੈ ਬਹੁਤ ਸਾਲ ਹੋਏ, ਕੋਈ 40–50 ਸਾਲ ਦੀ ਗੱਲ ਹੈ Reader Digest ਦੁਨੀਆਂ ਦੇ ਵਿਚ ਇਕ ਰਸਾਲਾ ਹੈ 6 ਲੱਖ ਛਪਦਾ ਹੁੰਦਾ ਜਦੋਂ ਦੀ ਮੈਂ ਗੱਲ ਕਰਦਾ ਹਾਂ। ਹੋ ਸਕਦਾ ਹੈ ਹੁਣ ਜਿਆਦਾ ਛਪਦਾ ਹੋਵੇ। ਉਸ ਦੇ ਵਿਚ ਲੰਡਨ ਦੇ ਇਕ ਅੰਗਰੇਜ ਨੇ ਆਪਣੀ ਹੱਡ ਬੀਤੀ ਲਿਖੀ। ਉਹ ਕਹਿੰਦਾ ਮੇਰਾ ਪਿਤਾ ਚੜ੍ਹਾਈ ਕਰ ਗਿਆ, 2 ਮਹੀਨੇ ਤੋਂ ਬਾਅਦ ਮੇਰੇ ਸੁਪਨੇ ਵਿਚ ਆਇਆ, ਮੈਨੂੰ ਕਹਿਣ ਲੱਗਿਆ, "ਬੇਟਾ! ਤੈਨੂੰ ਮੈਂ ਕਿੱਡੀ ਜਾਇਦਾਦ ਦੇ ਕੇ ਗਿਆ?" ਕਹਿੰਦਾ ਮੈਨੂੰ ਇਵੇਂ ਲਗਿਆ ਜਿਵੇਂ ਜਾਗਦਾ ਗੱਲਾਂ ਕਰਦਾ ਹੋਵੇ। ਕਹਿੰਦਾ ਮੈਂ ਕਿਹਾ, "ਪਿਤਾ ਜੀ! ਬਹੁਤ ਵੱਡੀ ਜਾਇਦਾਦ ਦੇ ਗਿਆ।" ਉਹ ਕਹਿੰਦਾ, "ਤੂੰ ਮੇਰਾ ਕੋਈ ਕੰਮ ਕਰ ਸਕਦਾ ਹੈਂ?" ਕਹਿੰਦਾ, "ਦੱਸੋ ਮੈਂ ਕਰਾਂਗਾ।"

ਕਹਿਣ ਲੱਗਿਆ, "ਜਿਥੇ ਮੈਂ ਗਿਆ ਹੋਇਆ ਹਾਂ ਜਗ੍ਹਾ ਤਾਂ ਹੈ ਬਹੁਤ ਵਧੀਆ ਲੇਕਿਨ ਹਨ੍ਹੇਰਾ ਹੈ ਉਥੇ।"

ਦਰਗਾਹ ਦਾ ਹਨ੍ਹੇਰਾ ਜਿਹੜਾ ਹੈ ਉਹ ਨਾਮ ਤੋਂ ਬਿਨਾਂ ਦੂਰ ਨਹੀਂ ਹੋਇਆ ਕਰਦਾ, ਨਾਮ ਉਥੇ ਚਾਨਣਾ ਹੈ–

*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥* *ਅੰਗ - 178*

ਕਹਿੰਦਾ, "ਮੇਰੇ ਕੋਲ ਹਨ੍ਹੇਰਾ ਹੈ। ਇਕ ਦਿਨ ਮੈਂ ਦੂਰ

ਇਕ ਹੋਰ ਰੂਹ ਕੋਲ ਗਿਆ ਤੇ ਪੁਛਿਆ ਕਿ ਤੇਰੇ ਕੋਲ ਚਾਨਣਾ ਹੈ ਤੇ ਮੇਰੇ ਕੋਲ ਹਨ੍ਹੇਰਾ ਹੈ, ਗੱਲ ਕੀ ਹੈ? ਉਹ ਕਹਿੰਦਾ, "ਪ੍ਰੇਮੀਆ! ਤੂੰ ਪੁੰਨ ਦਾਨ ਤਾਂ ਬਹੁਤ ਕਰੇ ਨੇ ਪਰ ਨਾਮ ਨਹੀਂ ਜਪਿਆ, ਨਾਮ ਤੋਂ ਬਿਨਾ ਇਥੇ ਚਾਨਣ ਨਹੀਂ ਹੁੰਦਾ। ਪੁੰਨਾ ਦਾਨਾਂ ਦਾ ਤੈਨੂੰ ਮਿਲ ਗਿਆ, ਬੜੇ ਸੋਹਣੇ ਥਾਂ ਹਨ, ਤੈਨੂੰ ਚੀਜ਼ਾਂ ਮਿਲਦੀਆਂ ਹਨ। ਕਹਿੰਦਾ ਮੈਂ ਤਾਂ ਬੜਾ ਦੁਖੀ ਹਾਂ। ਮੈਂ ਕਿਹਾ, "ਫੇਰ ਇਸ ਦਾ ਇਲਾਜ ਜਾਂ ਤਾਂ ਇਹ ਹੈ ਕਿ ਜਦੋਂ ਤੇਰਾ ਸਵਰਗ ਪੂਰਾ ਹੋਏਗਾ ਤਾਂ ਦੁਨੀਆਂ ਵਿਚ ਜਾ ਕੇ ਨਾਮ ਜਪੀਂ ਤੇ ਜਾਂ ਇਹ ਹੈ ਕਿ ਜੇ ਤੇਰਾ ਕੋਈ ਵਾਰਸ ਹੈ ਚੰਗਾ ਤਾਂ ਉਸ ਨੂੰ ਕਹਿ ਤੇਰੇ ਨਮਿਤ ਨਾਮ ਜਪ ਦੇਵੇ, ਅਰਦਾਸ ਕਰ ਦੇਵੇ। ਸੋ ਬੇਟਾ! ਮੇਰੇ ਨਮਿਤ ਤੂੰ 60 ਦਿਨ ਨਾਮ ਜਪ ਕੇ ਅਰਦਾਸ ਕਰ ਦੇਹ।"

ਕਹਿਣ ਲੱਗਿਆ "ਮੈਂ ਪਿਤਾ ਦੀ ਗੱਲ ਸੁਣ ਲਈ, ਛੁਟੀ ਲੈ ਲਈ ਨੌਕਰੀ ਤੋਂ ਤੇ 60 ਦਿਨ ਮੈਂ ਬੈਠ ਕੇ ਪ੍ਰਮੇਸ਼ਰ ਦੀ ਅਰਾਧਨਾ ਕਰੀ। ਉਸ ਤੋਂ ਬਾਅਦ ਮੇਰੇ ਸੁਪਨੇ ਵਿਚ ਫੇਰ ਆਇਆ। ਕਹਿੰਦਾ, "ਬੇਟਾ! ਐਨਾ ਪ੍ਰਕਾਸ਼ ਹੋ ਗਿਆ ਤੇ ਮੈਂ ਤੇਰਾ ਬਹੁਤ ਰਿਣੀ ਹਾਂ। ਜਿਥੇ ਮੈਂ ਰਹਿੰਦਾ ਹਾਂ ਉਹ ਬਹੁਤ ਹੀ ਸੋਹਣੀ ਜਗ੍ਹਾ ਸੀ, ਹਨ੍ਹੇਰੇ ਕਰਕੇ ਮੈਨੂੰ ਪਤਾ ਨਹੀਂ ਸੀ ਲਗਦਾ।" ਕਿਉਂਕਿ –

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥*** ***ਅੰਗ - 207***

ਹਨ੍ਹੇਰਾ ਹੋਵੇ ਤਾਂ ਰਾਜਾ ਵੀ ਰੋਂਦਾ ਹੈ, ਗਰੀਬ ਵੀ ਰੋਂਦਾ ਹੈ, ਠੋਕਰਾਂ ਦੋਏ ਖਾਂਦੇ ਨੇ।

ਕਹਿੰਦਾ, "ਬਹੁਤ ਵਧੀਆ ਚਾਨਣ ਹੋ ਗਿਆ ਮੇਰੇ ਕੋਲ ਤੇ ਹੁਣ ਆਏਂ ਕਰੀ ਮੈਂ ਤੇਰੀ ਮਦਦ ਕਰਿਆ ਕਰਾਂਗਾ।"

ਕਹਿੰਦਾ, "ਪਿਤਾ ਜੀ! ਕਿਵੇਂ?"

ਕਹਿੰਦਾ, "ਤੁਹਾਡੀ ਨਿਗ੍ਹਾ ਜਿਹੜੀ ਹੈ ਉਹ ਅੰਨ੍ਹੀ ਹੈ, ਅੰਨ੍ਹੀ। ਇਕ ਕਦਮ ਪੱਟਣ ਤੋਂ ਬਾਅਦ ਤੁਹਾਨੂੰ ਨਹੀਂ ਪਤਾ ਕਿ ਕੀ ਹੋਣ ਵਾਲਾ ਹੈ।"

ਬਿਲਕੁਲ ਹੀ ਨਹੀਂ ਪਤਾ ਸਾਨੂੰ। ਅਸੀਂ ਹੁਣ ਆਏ ਹਾਂ ਇਥੇ ਇਕ ਟਰੱਕ ਤੇ ਇਕ ਟਾਟਾ ਦੀ ਜਿਹੜੀ ਗੱਡੀ ਹੈ ਗੁੱਥੇ-ਮੁੱਥੇ ਹੋਏ ਪਏ ਨੇ। ਉਹ ਇਧਰ ਪਈ ਹੈ, ਉਹ ਏਧਰ ਪਿਆ ਹੈ, ਪਹੀਏ ਉਸ ਦੇ ਖੇਤਾਂ ਵਿਚ ਗਏ ਹੋਏ ਨੇ। ਇਕ ਸਕਿੰਟ ਪਹਿਲਾਂ ਉਨ੍ਹਾਂ ਦੋਨਾਂ ਨੂੰ ਨਹੀਂ ਸੀ ਪਤਾ ਕਿ ਸਾਡੇ ਨਾਲ ਕੀ ਭਾਣਾ ਵਰਤਣ ਵਾਲਾ ਹੈ। ਰੋਜ਼ ਇਹ ਗੱਲਾਂ ਹੁੰਦੀਆਂ ਨੇ, ਨਿਤ ਨੇ। ਖੁਸ਼ੀ-ਖੁਸ਼ੀ ਜਾ ਰਹੇ ਨੇ ਇਕ ਦਮ ਪਤਾ ਲਗਦਾ ਹੈ ਕਿ ਆਹ ਕੀ ਹੋ ਗਿਆ।

ਕਹਿੰਦਾ, "ਤੁਹਾਨੂੰ ਨਹੀਂ ਪਤਾ ਸਾਨੂੰ ਦਿਸਦਾ ਹੈ ਤੇ ਤੂੰ ਕੋਈ ਕੰਮ ਕਰਨਾ ਹੋਇਆ ਤਾਂ ਮੈਨੂੰ ਯਾਦ ਕਰ ਲਿਆ ਕਰੀਂ, ਮੈਂ ਤੈਨੂੰ ਸੁਪਨੇ ਵਿਚ ਆ ਕੇ ਬੋਲਿਆ ਕਰਾਂਗਾ। ਹੋਰ ਸਾਡੇ ਕੋਲ ਕੋਈ ਤਰੀਕਾ ਨਹੀਂ ਹੈ। ਸਾਹਮਣੇ ਅਸੀਂ ਤੁਹਾਡੇ ਆ ਨਹੀਂ ਸਕਦੇ ਕਿਉਂਕਿ ਸਾਡੇ ਵਿਚ 3 ਤੱਤ ਨੇ ਮਿੱਟੀ, ਪਾਣੀ ਸਾਡੇ ਵਿਚ ਨਾ ਹੋਣ ਕਰਕੇ ਅਸੀਂ ਦਿਸਦੇ ਨਹੀਂ ਤੁਹਾਨੂੰ, ਰੋਸ਼ਨੀ ਦਾ ਸਰੀਰ ਹੈ ਸਾਡਾ। ਗੱਲ ਅਸੀਂ ਤੁਹਾਡੇ ਨਾਲ ਇਸ ਤਰ੍ਹਾਂ ਕਰ ਨਹੀਂ ਸਕਦੇ ਕਿਉਂਕਿ ਸਾਡੇ ਕੋਲ ਆਹ ਸਾਧਨ ਨਹੀਂ ਹੈ ਜਿਹੜਾ ਤੁਹਾਨੂੰ ਰੱਬ ਨੇ ਬੋਲਣ ਵਾਲਾ ਦਿੱਤਾ ਹੈ। ਅਸੀਂ telepathy ਨਾਲ ਗੱਲ ਕਰਦੇ ਹਾਂ ਸਾਰੀ ਅੰਦਰ ਹੀ ਅੰਦਰ। ਸੋ ਸੁਪਨੇ ਵਿਚ ਮੈਂ ਤੈਨੂੰ ਦਸਿਆ ਕਰਾਂਗਾ।"

ਕਹਿਣ ਲੱਗਿਆ, "ਜਦੋਂ ਮੈਂ ਕੋਈ ਕੰਮ ਕਰਨਾ ਹੁੰਦਾ ਤਾਂ ਉਸ ਨੇ ਸੁਪਨੇ ਵਿਚ ਆਉਣਾ, ਆ ਕੇ ਮੈਨੂੰ ਦੱਸ ਜਾਣਾ। ਇਕ ਦਿਨ ਮੈਂ ਕਾਰ ਖਰੀਦਣੀ ਸੀ ਚੌਣ ਕਰ ਆਇਆ, ਪਿਤਾ ਨੂੰ ਯਾਦ ਕਰਿਆ। ਰਾਤ ਨੂੰ ਮੇਰਾ ਪਿਤਾ ਆਇਆ ਕਹਿਣ ਲੱਗਿਆ, ਬੇਟਾ! ਜਿਹੜੀ ਕਾਰ ਤੂੰ ਚੌਣ ਕਰੀ ਹੈ ਉਹ ਰੱਦ ਕਰ ਦੇਹ। ਐਨੇ ਨੰਬਰ ਤੇ ਕਾਰ ਖੜ੍ਹੀ ਹੈ ਉਹ ਲੈ ਲੈ।" ਪਹਿਲਾਂ ਹੀ ਮੈਂ ਟੈਲੀਫੋਨ ਕਰਿਆ ਕਿ ਮੇਰੀ ਜਿਹੜੀ ਚੌਣ ਹੈ ਉਹ ਰੱਦ ਕਰ ਦਿਓ। ਦਿਨ ਚੜ੍ਹਿਆ ਤੇ ਮੈਂ ਗਿਆ ਸਟੋਰ ਦੇ ਵਿਚ ਕਾਰ ਵਾਲਿਆਂ ਦੇ ਜਿਹੜੀ ਨਵੀਂ ਕਾਰ ਸੀ ਮੈਂ ਉਹ ਲੈ ਆਇਆ। ਕਹਿੰਦਾ 2-3 ਘੰਟੇ ਬਾਅਦ ਉਹ ਕਾਰ ਵੀ ਵਿਕ ਗਈ ਜਿਹੜੀ ਮੈਂ ਪਹਿਲਾਂ ਬੁਕ ਕਰੀ ਸੀ। ਕਹਿੰਦਾ ਮੈਨੂੰ ਕੰਪਨੀ ਦਾ ਟੈਲੀਫੋਨ ਆਇਆ Mr. you are very very lucky that you have changed your selection (ਸ੍ਰੀ ਮਾਨ ਤੁਸੀਂ ਬਹੁਤ ਭਾਗਸ਼ਾਲੀ ਹੋ ਕਿ ਤੁਸੀਂ ਆਪਣੀ ਚੋਣ ਬਦਲ ਦਿੱਤੀ) ਕਹਿੰਦਾ ਮੈਂ ਕਿਹਾ ਕਿ ਕੀ ਗੱਲ? ਕਹਿੰਦੇ ਉਸ ਕਾਰ ਦੇ ਵਿਚ ਬੁਨਿਆਦੀ ਦੋਸ਼ ਸੀ ਬਰੇਕਾਂ ਵਿਚ, ਉਸ ਨੇ ਦੁਰਘਟਨਾ ਕਰ ਦਿੱਤੀ ਜਾ ਕੇ। ਕਹਿੰਦਾ ਮੇਰੇ ਮਨ ਵਿਚ ਆਈ ਕਿ ਮੈਂ ਦੁਨੀਆਂ ਦੇ ਲੋਕਾਂ ਨੂੰ ਇਕ ਗੱਲ ਦੱਸ ਦੇਵਾਂ। ਹੱਡੀ-ਬੀਤੀ ਲੋਕਾਂ ਨਾਲ ਸਾਂਝੀ ਕਰ ਲਵਾਂ, ਦੁਨੀਆਂ ਨਾਲ। ਕਹਿਣ ਲੱਗਿਆ ਜੇ ਇਥੇ ਨਾਮ ਜਪੀਏ ਤਾਂ ਦਰਗਾਹ ਦੇ ਵਿਚ ਬੜੇ ਸੁਖਾਲੇ ਰਹੀਦਾ ਹੈ, ਪੁੰਨ ਦਾਨ ਤਾਂ ਉਹ ਸਾਡੇ ਤੋਂ ਜਿਆਦਾ ਕਰਦੇ ਨੇ, ਅਸੀਂ ਓਨਾ ਨਹੀਂ ਕਰਦੇ, ਸਾਡੇ ਹੋਰ ਹਿਸਾਬ ਹੈ, ਹੋਰ ਤਰ੍ਹਾਂ ਦਾ ਹਿਸਾਬ ਹੈ ਸਾਡਾ। ਜਿਥੇ ਵੀ ਕੋਈ ਕਮਜ਼ੋਰੀ ਦੀ ਬਾਤ ਹੋਵੇ ਅਸੀਂ ਮੰਨਣਾ ਕਰ ਲੈਂਦੇ ਹਾਂ। ਜਿੰਮੇਵਾਰੀ ਨਹੀਂ ਅਸੀਂ ਚੁਕਦੇ। ਕੋਈ ਵੀ ਲਾਂਭੇ 'ਚ ਲਾਹ ਦਿੰਦੇ ਹਾਂ ਕਿ ਮੈਨੂੰ ਕੀ ਹੈ, ਆਪੇ ਕਰੇ। ਉਨ੍ਹਾਂ ਵਿਚ ਇਹ ਫਰਕ ਹੈ।

ਸੋ ਉਹ ਕਹਿਣ ਲੱਗਿਆ, ਐ ਦੁਨੀਆ ਦੇ ਲੋਕੋ!

ਮੇਰੀ ਗੱਲ ਤੇ ਯਕੀਨ ਕਰੋ ਦਰਗਾਹ ਦੇ ਵਿਚ ਜਾ ਕੇ ਨਾਮ ਨੇ ਕੰਮ ਆਉਣਾ ਹੈ। ਮਹਾਰਾਜ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ ਔਖੀ ਵੇਲਾ -2, 4.*
*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਅੰਗ - 70*

ਸੋ ਨਾਮ ਸਹਾਇਤਾ ਕਰਦਾ ਹੈ, ਇਥੇ ਵੀ ਕਰਦਾ ਹੈ ਤੇ ਦਰਗਾਹ ਵਿਚ ਵੀ ਕਰਦਾ ਹੈ। ਇਥੇ ਕੀ ਕਰਦਾ ਹੈ? ਅਸੀਂ ਦੁਨੀਆਦਾਰ ਲੋਕ ਹਾਂ। ਸਾਨੂੰ ਸਿਹਤ ਵੀ ਚਾਹੀਦੀ ਹੈ, ਬੱਚਾ ਵੀ ਚਾਹੀਦਾ ਹੈ, ਨੌਕਰੀ ਵੀ ਚਾਹੀਦੀ ਹੈ। ਆਹ ਸਤਨਾਮ ਸਿੰਘ ਹੋਰੀਂ ਦੱਸ ਦਿੰਦੇ ਨੇ ਮੇਰੇ ਬਾਰੇ ਉਥੇ ਉਹ ਸਿੱਧੇ ਹੀ ਮੈਨੂੰ ਫੋਨ ਆਈ ਜਾਂਦੇ ਨੇ, ਜੀ ਮੈਂ ਸੈਟ ਨਹੀਂ ਹੋਇਆ, ਮੈਨੂੰ ਕਾਰਡ ਨਹੀਂ ਮਿਲਿਆ। ਮੈਂ ਕਿਹਾ ਤੁਸੀਂ ਇਥੇ ਹੋ, ਮੈਂ ਕੀ ਕਰ ਸਕਦਾ ਹਾਂ, ਮੇਰੇ ਕੋਲ ਜਾਦੂ ਤਾਂ ਕੋਈ ਹੈ ਨਹੀਂ, ਨਾ ਕੋਈ ਮੈਂ ਇਸ ਗੱਲ ਵਿਚ ਵਿਸ਼ਵਾਸ ਕਰਦਾ ਹਾਂ। ਜਿਹੜੀ ਗੱਲ ਵਿਚ ਮੈਂ ਵਿਸ਼ਵਾਸ ਰੱਖਦਾ ਹਾਂ ਤੁਸੀਂ ਰੱਖ ਲਓ, ਤੁਹਾਡਾ ਕੰਮ ਹੋ ਜਾਏਗਾ। ਮੈਂ ਵਿਸ਼ਾਵਸ ਰਖਦਾ ਹਾਂ, ਨਾਮ ਦੇ ਵਿਚ ਕਿ ਨਾਮ ਜਪੇ ਤੋਂ ਔਖੇ ਤੋਂ ਔਖਾ ਵੀ ਜਿਹੜਾ ਕੰਮ ਹੈ, ਉਹ ਵੀ ਹੋ ਜਾਂਦਾ ਹੈ, ਭੈੜੀ ਤੋਂ ਭੈੜੀ ਬਿਮਾਰੀ ਵੀ ਨਾਮ ਦੂਰ ਕਰ ਦਿੰਦਾ ਹੈ। ਉਹ ਦਸ ਦੇਈਦਾ ਹੈ ਕਿ ਤੁਸੀਂ ਇਸ ਤਰ੍ਹਾਂ ਨਾਲ ਨਾਮ, ਬਾਣੀ ਵੀ ਨਾਮ ਹੈ, ਬਾਣੀ ਪੜ੍ਹਨਾ ਨਾਮ ਤੋਂ ਬਾਹਰ ਨਹੀਂ ਹੁੰਦਾ। ਬਾਣੀ ਜਮੀਨ ਹੈ, ਧਰਤੀ ਹੈ। ਧਰਤੀ ਦੇ ਵਿਚ ਬੀਜ ਪੈਦਾ ਹੁੰਦਾ ਹੈ, ਜੇ ਧਰਤੀ ਹੀ ਨਾ ਹੋਵੇ।

ਗੁਰੂ ਸਤਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ ਬਾਣੀ ਜਿਹੜੀ ਹੈ ਉਹ ਧਰਤੀ ਹੈ, ਨਾਮ ਜਿਹੜਾ ਹੈ ਉਹ ਬਿਰਛ ਹੈ। ਧਰਤੀ ਤੇ ਹੀ ਬਿਰਛ ਹੋਏਗਾ, ਧਰਤੀ ਤੋਂ ਹੀ ਚਲਦਾ ਹੈ ਬਿਰਛ। ਸੋ ਬਾਣੀ ਜਿਹੜੀ ਹੈ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ - 319*

ਨਾਮ ਚਲਦਾ ਹੀ ਬਾਣੀ ਤੋਂ ਹੈ, ਬਾਣੀ ਆਧਾਰ ਹੈ। ਬਾਣੀ ਵੱਖ ਨਹੀਂ ਹੈ, ਬਾਣੀ ਵਿਚ ਖੁਦ ਸ਼ਕਤੀ ਹੈ ਬਹੁਤ ਜ਼ਬਰਦਸਤ। ਉਹ ਜਦੋਂ ਕਹਿੰਦਾ ਹਾਂ ਤਾਂ ਟੈਲੀਫੋਨ ਆ ਜਾਂਦਾ ਹੈ ਥੋੜ੍ਹੇ ਦਿਨਾਂ ਬਾਅਦ, ਹੋ ਗਿਆ ਜੀ ਮੇਰਾ ਕੰਮ। ਮੈਂ ਕਿਹਾ ਮੈਂ ਤਾਂ ਨਹੀਂ ਕਰਿਆ, ਤੁਸੀਂ ਇਹ ਬਾਣੀ ਪੜ੍ਹੀ ਹੈ ਤੁਹਾਡਾ ਕੰਮ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਮਹਿਮਾ ਸਾਡੇ ਹਿਰਦੇ ਵਿਚ ਨਹੀਂ ਵਸਦੀ ਕਿਉਂਕਿ ਅਸੀਂ ਨਾਮ ਦੇ ਗਾਹਕ ਨਹੀਂ ਹਾਂ, ਹੱਦ ਤੋਂ ਜਿਆਦਾ ਕੀਮਤੀ ਹੈ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - 81*

ਨਾਮ ਦੀ ਮਹਿਮਾ ਕਿਥੇ ਵਸਦੀ ਹੈ? ਮਰਦਾਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਤੁਸੀਂ ਉਪਦੇਸ਼ ਬੜਾ ਦਿੰਦੇ ਹੋ ਨਾਮ ਦਾ ਪਰ ਸੰਸਾਰ ਜਿਹੜਾ ਹੈ ਇਹ ਨਾਮ ਕਿਉਂ ਨਹੀਂ ਜਪਦਾ। ਐਡਾ ਵੱਡਾ ਉਪਦੇਸ਼ ਦਿੰਦੇ ਹੋ ਆਦਮੀ ਤਾਂ ਸਾਰੇ ਕੰਮ ਛੱਡ ਕੇ ਨਾਮ ਜਪਣ ਲੱਗ ਜਾਵੇ, ਜਪਦਾ ਕਿਉਂ ਨਹੀਂ?

ਮਹਾਰਾਜ ਕਹਿੰਦੇ, "ਮਰਦਾਨਿਆ! ਗਾਹਕ ਨਹੀਂ ਹਨ, ਰੁਚੀ ਨਹੀਂ ਹੈ। ਰੁਚੀ ਤੋਂ ਬਗੈਰ ਕੋਈ ਕਿੱਡੀ ਹੀ ਚੰਗੀ ਚੀਜ਼ ਕਿਸੇ ਨੂੰ ਦਿਓ ਉਹ ਕਹਿੰਦਾ ਮੈਨੂੰ ਨਹੀਂ ਭੁੱਖ ਇਸ ਦੀ ਪਰ ਜਿਸ ਦੇ ਅੰਦਰ ਨਾਮ ਦੀ ਭੁੱਖ ਲੱਗ ਗਈ ਨਾਹ–

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ਅੰਗ - 9*

ਸਾਰੇ ਦੁਖ ਖਾ ਜਾਂਦਾ ਹੈ ਜਿਸ ਨੂੰ ਭੁਖ ਲਗ ਜਾਏ ਨਾਮ ਦੀ। ਸੰਸਾਰ ਨੂੰ ਨਹੀਂ ਪਤਾ, ਇਸ ਗੱਲ ਦੇ ਉਤੇ ਯਕੀਨ ਨਹੀਂ ਲਿਆਉਂਦਾ।"

ਕਹਿੰਦਾ, "ਤੁਸੀਂ ਤਾਂ ਬਹੁਤ ਦੱਸਦੇ ਹੋ।"

ਕਹਿੰਦੇ, "ਦੱਸੀ ਤਾਂ ਜਾਂਦੇ ਹਾਂ ਪਰ ਨਾ ਰੁਚੀ ਹੋਣ ਕਰਕੇ ਇਨ੍ਹਾਂ ਨੂੰ ਨਹੀਂ ਪਤਾ ਲਗਦਾ।"

ਮਹਾਤਮਾ ਸਾਰੇ ਹੀ ਉਪਦੇਸ਼ ਕਰਦੇ ਨੇ, ਭਾਗ ਹੋਣ ਤਾਂ ਹੀ ਨਾਮ ਜਪੇਗਾ, ਭਾਗ ਬਣਦੇ ਨਹੀਂ, ਨਾਮ ਦੇ ਵੱਲ ਆਉਂਦਾ ਨਹੀਂ ਹੈ। ਉਥੇ ਦਾ ਉਥੇ ਹੀ ਰਹਿੰਦਾ ਹੈ।

ਸੋ ਕਹਿਣ ਲੱਗਿਆ, ''ਮਹਾਰਾਜ! ਤੁਸੀਂ ਤਾਂ ਸਮਝਾਉਂਦੇ ਹੋ।" ਪੰਜ ਸੱਤ ਵਾਰੀ।

ਮਹਾਰਾਜ ਕਹਿੰਦੇ, ''ਚੰਗਾ ਤੈਨੂੰ ਅਮਲੀ ਤੌਰ ਤੇ ਦੱਸਾਂਗੇ, ਹੁਣ ਗੱਲ ਛੱਡ।"

ਗੱਲ ਛੱਡ ਦਿੱਤੀ। ਮਹਾਰਾਜ ਜੀ ਪਟਨੇ ਸਾਹਿਬ ਜਿਸ ਨੂੰ ਉਸ ਵੇਲੇ ਪਾਟਲੀ ਪੁੱਤਰ ਕਿਹਾ ਜਾਂਦਾ ਸੀ। ਪਟਨੇ ਦੇ ਬੜੇ ਨਾਉਂ ਹੋਏ ਨੇ, ਬੇਅੰਤ ਨਾਉਂ ਨੇ। ਜਿਹੜਾ ਰਾਜਾ ਆਇਆ ਉਸ ਨੇ ਨਾਉਂ ਬਦਲ ਦਿੱਤਾ।

ਮਹਾਰਾਜ ਕਹਿੰਦੇ, "ਮਰਦਾਨਿਆ! ਉਹ ਦੇਖ ਸਾਹਮਣੇ, ਮਕਾਨ ਆ ਗਏ, ਸ਼ਹਿਰ ਆ ਗਿਆ।"

ਬੜਾ ਖੁਸ਼ ਹੋਇਆ ਕਿਉਂ ਜੰਗਲਾਂ ਵਿਚੋਂ ਤਾਂ

ਵਿਚਾਰੇ ਨੂੰ ਖਾਣ ਪੀਣ ਨੂੰ ਕੁਝ ਮਿਲਦਾ ਨਹੀਂ ਸੀ। ਸ਼ਹਿਰ ਵਿਚ ਆਏ ਕੁਝ ਪਤਾ ਹੁੰਦਾ ਕਿ ਮਹਾਰਾਜ 10-20 ਦਿਨ ਠਹਿਰਨਗੇ, ਸਤਿਸੰਗ ਕਰਨਗੇ, ਉਨੇ ਦਿਨ ਪ੍ਰਸ਼ਾਦ ਪਾਣੀ ਦਾ ਤਾਂ ਬੰਦੋਬਸਤ ਵਧੀਆ ਰਹੇਗਾ।

ਕਹਿੰਦਾ, "ਹਾਂ ਮਹਾਰਾਜ।"

ਕਹਿੰਦੇ, "ਅੱਛਾ ਆਏ ਕਰ ਪ੍ਰਸ਼ਾਦਾ ਛਕ ਆ। ਅਸੀਂ ਇਥੇ ਬੈਠਦੇ ਹਾਂ, ਇਹ ਸੋਹਣਾ ਹੈ ਬਾਗ।"

ਮਰਦਾਨਾ ਹੱਸਣ ਲੱਗ ਗਿਆ।

ਮਹਾਰਾਜ ਕਹਿੰਦੇ, " ਕੀ ਗੱਲ ਮਰਦਾਨਿਆ! ਹੱਸਦਾ ਹੈਂ?" ਕਿਉਂ ਬਾਲ ਸਖਾਈ ਸੀ ਉਮਰ ਵਿਚ ਵੱਡਾ ਸੀ ਗੁਰੂ ਸਾਹਿਬ ਤੋਂ ਮਰਦਾਨਾ। ਪਿਆਰ ਸਭ ਤੋਂ ਜਿਆਦਾ ਜੇ ਕਿਸੇ ਨੇ ਕੀਤਾ ਹੈ ਦੁਨੀਆਂ ਵਿਚ ਗੁਰੂ ਨਾਨਕ ਪਾਤਸ਼ਾਹ ਨੂੰ ਤਾਂ ਮਰਦਾਨੇ ਨੇ ਕਰਿਆ ਹੈ। ਬਾਲ ਬੱਚਿਆਂ ਦਾ ਤਿਆਗ ਕਰਕੇ ਕਿੰਨੀਆਂ ਔਖੀਆਂ ਥਾਵਾਂ ਤੇ ਕਿਤੇ ਰਾਕਸ਼ਸ਼ ਫੜ ਲੈਂਦਾ ਹੈ, ਕਿਤੇ ਉਸ ਨੂੰ ਬਣਾ ਦਿੰਦੇ ਨੇ ਭੇਡੂ ਜਾਦੂਗਰ। ਥੱਕ ਜਾਂਦਾ ਹੈ ਵਿਚਾਰਾ, ਖਿਝ ਜਾਂਦਾ ਹੈ ਪਰ ਮਹਾਰਾਜ ਦਾ ਸਾਥ ਨਹੀਂ ਛੱਡਿਆ ਉਸ ਨੇ। ਜੇ ਛੱਡਿਆ ਹੈ ਤਾਂ ਮਹਾਰਾਜ ਨੇ ਉਸੇ ਵੇਲੇ ਰੱਖ ਲਿਆ ਆ ਕੇ ਕੌਡੇ ਰਾਖਸ਼ਸ਼ ਤੋਂ। ਬਹੁਤ ਵੱਡਾ ਸਾਥ ਸੀ ਉਸ ਦਾ ਬਾਲ ਸਖਾਈ ਹੋਣ ਕਰਕੇ, ਖੁੱਲ੍ਹੀਆਂ ਗੱਲਾਂ ਕਰ ਲੈਂਦਾ ਸੀ। ਆਹ ਇਤਿਹਾਸ ਸਾਡਾ ਬਣਿਆ ਹੀ ਮਰਦਾਨੇ ਨਾਲ ਹੈ। ਭਾਈ ਬਾਲਾ ਤਾਂ ਬੋਲਦਾ ਹੀ ਨਹੀਂ ਸੀ, ਚੁੱਪ ਰਹਿੰਦਾ ਸੀ।

ਮਹਾਰਾਜ ਕਹਿੰਦੇ, "ਦੱਸਦਾ ਹੈਂ।"

ਕਹਿੰਦਾ, "ਤੁਸੀਂ ਤਾਂ ਆਏਂ ਕਹਿ ਦਿੱਤਾ ਜਿਵੇਂ ਮੈਨੂੰ ਪ੍ਰਸ਼ਾਦਾ ਲਗਿਆ ਲਗਾਇਆ ਕਿਸੇ ਥਾਲ ਵਿਚ ਪਿਆ ਹੁੰਦਾ ਹੈ।"

ਕਹਿੰਦੇ, "ਫੇਰ ਕੀ ਕਰਦਾ ਹੁੰਦਾ ਹੈ।"

ਕਹਿੰਦਾ, "ਮਹਾਰਾਜ! ਤੁਹਾਡੇ ਨਾਲ ਰਹਿਣ ਕਰਕੇ ਮੈਨੂੰ ਮੱਥੇ ਪੜ੍ਹਨ ਦੀ ਜਾਚ ਆ ਗਈ - ਜੇ ਤਾਂ ਮੱਥਾ ਝੁਰੜੀਆਂ ਤੋਂ ਬਿਨਾ, ਘੁੱਟਿਆ ਨਾ ਹੋਵੇ ਫੇਰ ਤਾਂ ਮਹਾਰਾਜ ਮੈਂ ਉਸਦਾ, ਹਸੂੰ ਹਸੂੰ ਬੁਲ੍ਹ ਕਰਦੇ ਨੇ, ਹਸੂੰ ਹਸੂੰ ਚਿਹਰਾ ਕਰਦਾ ਹੈ, ਮੱਥਾ ਕਰਦਾ ਹੈ। ਮੈਂ ਕਹਿੰਦਾ ਹਾਂ ਲੈ ਭਾਈ ਭਾਗ ਵਾਲਾ ਬੰਦਾ ਆ ਗਿਆ, ਉਸ ਨੂੰ ਮੈਂ ਕਹਿੰਦਾ ਹਾਂ 'ਸਤਿ ਕਰਤਾਰ' ਉਹ ਵੀ ਖੜ੍ਹ ਜਾਂਦਾ ਹੈ। ਹੌਲੀ ਹੌਲੀ ਬਚਨ ਚਲਦੇ ਨੇ ਪਰਸ਼ਾਦੇ ਦੀ ਗੱਲ ਕਰਦਾ ਹੈ। ਤੁਹਾਨੂੰ ਵੀ ਲੈ ਆਉਂਦਾ ਹਾਂ, ਮੈਂ ਆਪ ਵੀ ਛਕ ਲੈਂਦਾ ਹਾਂ।"

ਮਹਾਰਾਜ ਕਹਿੰਦੇ, "ਜੇ ਇਹੋ ਜਿਹਾ ਨਾ ਹੋਵੇ?"

ਕਹਿੰਦਾ, "ਪਾਤਸ਼ਾਹ! ਇਕ ਦਿਨ ਮੇਰੇ ਨਾਲ ਚਲੋ ਫੇਰ ਦੇਖੋ ਕੀ ਬਣਦਾ ਹੈ। ਆਹ ਮਾਈਆਂ ਗਾਲਾਂ ਹੀ ਕੱਢਦੀਆਂ ਨੇ ਕਿ ਪਤਾ ਨਹੀਂ ਕਿਧਰੋਂ ਆ ਗਿਆ ਹੱਟਾ-ਕੱਟਾ, ਕਮਾਉਂਦਾ ਨਹੀਂ ਇਥੇ ਆ ਕੇ ਮੰਗਦਾ ਹੈ, ਘਰ ਦੇਖਦਾ ਹੈ ਰਾਤ ਨੂੰ ਚੋਰੀ ਕਰੇਗਾ। ਹਜ਼ਾਰ ਗੱਲ ਸੁਣਦਾ ਹਾਂ ਮਹਾਰਾਜ! ਫੇਰ ਕੋਈ ਕਿਸੇ ਦੇ ਮਨ ਮਿਹਰ ਪੈਂਦੀ ਹੈ ਤਾਂ ਰੋਟੀ ਖਾਂਦਾ ਹਾਂ।"

ਮਹਾਰਾਜ ਜਲਾਲ ਵਿਚ ਆ ਗਏ ਕਹਿੰਦੇ, "ਮਰਦਾਨਿਆ! ਹੋਈਏ ਨਿਰੰਕਾਰ ਦੇ ਚਾਕਰ ਤੇ ਦੁਨੀਆਂ ਦੇ ਅੱਗੇ ਹੱਥ ਅੱਡੀਏ?"

ਮਹਾਰਾਜ ਜੀ ਨੇ ਖੜਾਵਾਂ ਵਿਚੋਂ ਇਕ ਚਰਨ ਕੱਢਿਆ ਧਰਤੀ ਦੇ ਉਤੇ ਅਗੂੰਠੇ ਦੇ ਨਾਲ ਥੋੜ੍ਹੀ ਜਿਹੀ ਮਿੱਟੀ ਪਰ੍ਹੇ ਕਰਕੇ। ਕਹਿੰਦੇ, "ਆਹ ਚੁੱਕ ਲੈ।" ਲਾਲ ਰੰਗ ਦੀ ਵੱਟੀ ਸੀ।

ਮਹਾਰਾਜ ਕਹਿੰਦੇ, "ਮਰਦਾਨਿਆ! ਜਾਹ ਪਰਸ਼ਾਦਾ ਵੀ ਛੱਕ ਆ ਤੇ ਨਾਲੇ ਇਸ ਦਾ ਮੁੱਲ ਪੁਛ ਆ ਤੇ ਨਾਲੇ ਤੇਰੀ ਗੱਲ ਦਾ ਜਵਾਬ ਆ ਜਾਏਗਾ, ਜਿਹੜੀ ਤੂੰ ਸਾਨੂੰ ਕੱਲ੍ਹ ਪਰਸੋਂ ਕਹੀ ਹੈ।"

ਮਰਦਾਨਾ ਸ਼ਹਿਰ ਵਿਚ ਗਿਆ ਤੇ ਫਲ ਵਾਲੇ ਦੇ ਚਲਿਆ ਗਿਆ, ਸਬਜੀਫਰੋਸ਼ ਦੇ ਉਥੇ ਜਾ ਕੇ ਕਹਿਣ ਲੱਗਿਆ, "ਸ਼ਾਹ ਜੀ! ਆਹ ਮੇਰੇ ਕੋਲ ਬਹੁਤ ਵਧੀਆ ਚੀਜ਼ ਹੈ ਇਸ ਦਾ ਮੁਲ ਦੱਸੋ ਤੇ ਨਾਲੇ ਮੈਨੂੰ ਛੱਕਣ ਵਾਸਤੇ ਸਵਾ ਸੇਰ ਕੋਈ ਵੀ ਚੀਜ਼ ਦੇ ਦਿਓ, ਚਾਹੇ ਫਲ ਦੇ ਦਿਓ, ਚਾਹੇ ਕੋਈ ਸਬਜੀ ਦੇ ਦਿਓ।"

ਉਹ ਫੜ ਕੇ ਉਸ ਵਟੀ ਦਾ ਆਲਾ ਦੁਆਲਾ ਹੀ ਦੇਖੀ ਜਾਂਦਾ ਹੈ।

ਉਹ ਕਹਿੰਦਾ, "ਇਹ ਕੀ ਹੈ? ਫੜ ਇਹ ਤਾਂ ਕੁਝ ਨਹੀਂ ਹੈ ਐਵੇਂ ਹੀ ਵੱਟੀ ਹੈ। ਤੂੰ ਦੋ ਮੂਲੀਆਂ ਲੈ ਲੈ। ਇਹ ਦੇ ਦੇ ਮੈਨੂੰ।

ਉਹ ਕਹਿੰਦਾ, "ਇਹ ਵੇਚਣ ਨੂੰ ਨਹੀਂ ਲਿਆਏ। ਇਹ ਤਾਂ ਬੇਮੁੱਲੀ ਚੀਜ਼ ਹੈ।" ਜਦੋਂ 5-10 ਵਾਰੀ ਕਿਹਾ ਉਹ ਜਿਹੜੇ ਨਾਲ ਗਾਹਕ ਖੜ੍ਹੇ ਸੀ ਉਹ ਕਹਿਣ ਲੱਗੇ, ਕਾਹਨੂੰ ਇਸ ਦੇ ਨਾਲ ਮਗਜ਼ਖਪਾਈ ਕਰਦੇ ਹੋ, ਆਏ ਕਰ ਦਿੱਤਾ (ਪੁੜਪੁੜੀ ਕੋਲ ਉਂਗਲੀ ਘੁਮਾ ਕੇ) ਕੋਈ ਦਿਮਾਗ ਵਿਚ ਫਰਕ ਹੈ। ਬੜਾ ਛਿਥਾ ਪਿਆ ਮਰਦਾਨਾ। ਅੱਗੇ ਚਲਿਆ ਗਿਆ ਹਲਵਾਈ ਕੋਲ। ਉਥੇ ਵੀ ਇਵੇਂ ਜਿਵੇਂ ਹੋਇਆ। ਉਸ ਨੇ ਅੱਧ ਸੇਰ ਮਠਿਆਈ ਦੇਣੀ ਮੰਨੀ। ਕਹਿੰਦਾ ਪਾਸਕੂ ਹੈ ਮੇਰੇ ਐਨਾ ਕੁ, ਮੈਨੂੰ ਦੇ ਜਾਹ। ਬਜਾਜ ਦੇ ਗਿਆ ਉਸ ਨੇ 2 ਗਜ ਕੱਪੜਾ ਦੇਣਾ ਮੰਨਿਆ। ਕਹਿੰਦਾ ਰਖ ਦੇਹ ਹੈ ਇਹ ਸੋਹਣੀ ਚੀਜ। ਜੌਹਰੀ ਦੇ

ਗਿਆ ਉਸ ਵੇਲੇ ਦਾ 10 ਰੁਪਈਏ ਮੰਨਿਆ ਉਹ। 10 ਰੁਪਏ ਜਦ ਦੇ 100 ਨਾਲ ਜਰਬ (ਗੁਣਾ) ਦੇ ਲਓ 1000 ਹੋ ਗਿਆ। ਹੈਰਾਨ ਹੋ ਗਿਆ ਕਿ ਦੋ ਮੂਲੀਆਂ ਦੋ ਪੈਸਿਆਂ ਦੀਆਂ ਪੈਸੇ ਦੀ ਬੜੀ ਕੀਮਤ ਸੀ ਉਦੋਂ। ਅੱਗੇ ਜੋਹਰੀ ਕੋਲ ਗਿਆ ਉਸ ਨੇ 100 ਰੁਪਏ ਮੰਨ ਲਿਆ। ਕਹਿਣ ਲੱਗਿਆ ਵਾਕਿਆ ਹੀ ਇਹ ਤਾਂ ਕੀਮਤੀ ਚੀਜ਼ ਹੈ। ਸਭ ਤੋਂ ਵੱਡੇ ਜੌਹਰੀ ਦਾ ਅਤਾ ਪਤਾ ਲੈ ਕੇ ਉਥੇ ਪਹੁੰਚ ਗਿਆ। ਉਥੇ ਘੰਟੀ ਦਿੱਤੀ, ਰੱਸੀਆਂ ਲੱਗੀਆਂ ਹੁੰਦੀਆਂ, ਉਹ ਖਿੱਚ ਦੇਈਦੀਆਂ ਸੀ, ਬੈਲ ਅੰਦਰ ਵੱਜ ਪੈਂਦੀ ਸੀ, ਬਿਜਲੀ ਵਾਲੀ ਬੈਲ ਨਹੀਂ। ਉਥੇ ਉਸ ਦਾ ਨੌਕਰ ਅਧਰੱਕਾ ਥੱਲੇ ਉਤਾਰਿਆ ਸੇਠ ਸਾਲਸਰਾਏ ਦਾ। ਇਸ ਨੇ ਸਮਝਿਆ ਕਿ ਸੇਠ ਆ ਗਿਆ ਮਰਦਾਨੇ ਨੇ।

ਕਹਿੰਦਾ, "ਸ਼ਾਹ ਜੀ! ਮੈਨੂੰ ਕੰਮ ਹੈ ਤੁਹਾਡੇ ਤੋਂ।"

ਕਹਿੰਦਾ, "ਭਾਈ ਆਪਣਾ ਪਰਿਚਾ ਦੇਹ।"

ਕਹਿਣ ਲੱਗਿਆ, "ਮੈਂ ਗੁਰੂ ਨਾਨਕ ਪਾਤਸ਼ਾਹ ਨਾਲ ਰਹਿੰਦਾ ਹਾਂ ਤੇ ਮੇਰਾ ਨਾਉਂ ਮਰਦਾਨਾ ਹੈ ਤੇ ਸਪਤਸਿਧੂੰ ਦੇ ਅਸੀਂ ਰਹਿਣ ਵਾਲੇ ਹਾਂ।" ਮਧਰ ਦੇਸ਼ ਕਹਿੰਦੇ ਸੀ ਉਸ ਵੇਲੇ ਪੰਜਾਬ ਨੂੰ।

ਕਹਿੰਦਾ, "ਕੀ ਕੰਮ ਹੈ?"

ਕਹਿਣ ਲੱਗਿਆ, "ਆਹ ਮੈਂ ਮੁੱਲ ਪਾਉਣਾ ਹੈ।"

ਕਹਿੰਦਾ, "ਮੈਂ ਤਾਂ ਸ਼ਾਹ ਨਹੀਂ ਹਾਂ, ਮੈਂ ਤਾਂ ਹਾਂ ਸੇਵਕ। ਉਤੇ ਬੈਠਾ ਹੈ ਸੇਠ। ਆ ਜਾਹ ਤੂੰ ਮੇਰੇ ਨਾਲ।" ਰਸਤੇ ਵਿਚ ਦੇਖਦਾ ਜਾਂਦਾ ਹੈ। ਜਦੋਂ ਜਾ ਕੇ ਸਾਲਸਰਾਏ ਨੂੰ ਗੱਲ ਦੱਸੀ ਕਿ, "ਮਹਾਰਾਜ! ਇਹ ਭਾਈ ਮਰਦਾਨਾ ਹੈ, ਗੁਰੂ ਨਾਨਕ ਸਾਹਿਬ ਦਾ ਸਾਥੀ ਹੈ ਆਹ ਚੀਜ਼ ਦਾ ਮੁੱਲ ਪੁਛਦਾ ਫਿਰਦਾ ਹੈ।"

ਕਹਿੰਦੇ, "ਤੂੰ ਵੀ ਤਾਂ ਮੇਰੇ ਨਾਲ ਐਨੇ ਚਿਰ ਦਾ ਰਹਿੰਦਾ ਹੈ ਤੂੰ ਦਸ ਦੇਹ।"

ਕਹਿੰਦਾ, "ਸ਼ਾਹ ਜੀ! ਮੈਨੂੰ ਆਏ ਲਗਦਾ ਹੈ ਕਿ ਇਹ ਹਜ਼ਾਰ ਰੁਪਈਏ ਦੀ ਹੈ।"

1000/- ਉਸ ਦਾ ਕਹਿਣਾ ਲੱਖ ਦੇ ਬਰਾਬਰ ਸੀ। ਐਡੀ ਕੀਮਤੀ ਇਹ ਲਈ ਫਿਰਦਾ ਹੈ। ਕਹਿੰਦਾ, "ਮੈਨੂੰ ਦਿਖਾ।" ਜਦੋਂ ਦੇਖੀ ਉਹ ਸੇਠ ਨੇ, ਆਏਂ ਸੂਰਜ ਦੇ ਸਾਹਮਣੇ ਉਸ ਦੀਆਂ ਰਿਸ਼ਮਾਂ ਨਿਕਲਣ ਰੰਗ ਬਰੰਗੀਆਂ, ਉਨ੍ਹਾਂ ਵਿਚ ਲਹਿਰਾਂ। ਸਮਝ ਗਿਆ ਕਿ ਜਿਸ ਨੂੰ ਅਮੋਲ ਲਾਲ ਕਹਿੰਦੇ ਨੇ, ਉਹ ਅੱਜ ਮੈਂ ਦੇਖ ਲਿਆ। ਬਜ਼ੁਰਗ ਦਸਦੇ ਹੁੰਦੇ ਸੀਨੇ-ਬ-ਸੀਨੇ ਗੱਲ ਚਲੀ ਆਉਂਦੀ ਸੀ ਜਿਵੇਂ ਪਾਰਸ ਦੀ ਚਲੀ ਆਉਂਦੀ ਹੈ। ਪਾਰਸ ਲੱਭਦਾ ਹੈ ਕਿਸੇ ਨੂੰ ਪਹਾੜਾਂ ਵਿਚੋਂ। ਇਵੇਂ ਜਿਵੇਂ ਅਮੋਲ ਲਾਲ ਲੱਭਦਾ ਹੈ, ਨਹੀਂ ਲੱਭਦਾ। ਕਹਿੰਦਾ ਮੇਰੇ ਤਾਂ ਭਾਗ ਜਾਗ ਪਏ। ਉਸ ਦਾ ਸਾਹ ਖੁਸ਼ੀ ਦੇ ਵਿਚ ਅੰਦਰ ਨੂੰ ਜਾਈ ਜਾਂਦਾ ਹੈ, ਬਾਹਰ ਨੂੰ ਆਇਆ ਹੀ ਨਹੀਂ, ਉਸ ਦੀ ਛਾਤੀ ਜਿਹੜੀ ਸੀ ਉਹ ਫੁੱਲ ਗਈ। ਸਾਹ ਲੈ ਕੇ ਕਹਿਣ ਲੱਗਿਆ, "ਭੇਟਾ! 100 ਰੁਪੀਆ ਤਿਜੌਰੀ ਵਿਚੋਂ ਲਿਆ ਕੱਢ ਕੇ। 10,000 ਰੁਪਇਆ ਅੱਜ ਦਾ। ਲਾਲ ਰੱਖ ਲਿਆ ਚੌਂਕੀ ਤੇ 100 ਰੁਪਈਆ ਨਕਦ, ਉਨ੍ਹਾਂ ਦਿਨਾਂ ਵਿਚ ਨੋਟ ਨਹੀਂ ਸੀ ਹੁੰਦੇ ਬਾਂਸਲੀਆਂ ਵਿਚ ਰੁਪਈਏ ਪਾਉਂਦੇ ਹੁੰਦੇ। ਮੱਥਾ ਟੇਕਿਆ ਤੇ 100 ਰੁਪਏ ਮਰਦਾਨੇ ਨੂੰ ਚੁੱਕ ਕੇ ਫੜਾ ਦਿੱਤਾ। ਮਰਦਾਨਾ ਦੇਖਦਾ ਹੈ ਕਿ ਮੈਂ ਵੇਚਣ ਤਾਂ ਆਇਆ ਨਹੀਂ।

ਉਹ ਕਹਿਣ ਲੱਗਿਆ, "ਭਾਈ ਮਰਦਾਨਾ! ਮੈਂ ਮੁੱਲ ਨਹੀਂ ਲੈ ਰਿਹਾ, ਮੈਂ ਤਾਂ ਇਸ ਦੀ ਦਰਸ਼ਨੀ ਭੇਟ ਦੇ ਰਿਹਾ ਹਾਂ। ਸਾਡੇ ਬਜੁਰਗ ਕਹਿੰਦੇ ਸੀ ਕਿ ਜੇ ਇਹੋ ਜਿਹਾ ਲਾਲ ਹੋਵੇ ਤਾਂ ਦਰਸ਼ਨੀ ਭੇਟ ਉਸ ਦੀ 100 ਰੁਪਏ ਹੈ। ਕੁਰਬਾਨ ਮੇਰੀ ਕਿਸਮਤ ਜਾਗ ਪਈ ਕਿ ਮੈਂ ਐਸਾ ਲਾਲ ਦੇਖ ਲਿਆ, ਦਰਸ਼ਨ ਕਰ ਲਏ। ਭਾਈ! ਇਹ ਲਾਲ ਤੇਰਾ ਹੈ?"

ਕਹਿੰਦਾ, "ਨਾਹ, ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ।"

ਕਹਿੰਦਾ, "ਗੁਰੂ ਨਾਨਕ ਓਹੀ ਤਾਂ ਨਹੀਂ ਜਿਹੜੇ ਸੰਸਾਰ ਨੂੰ ਤਾਰਦੇ ਫਿਰਦੇ ਨੇ?"

ਕਹਿੰਦੇ, "ਓਹੀ ਨੇ।"

ਕਹਿੰਦਾ, "ਕਿਥੇ ਨੇ?"

ਕਹਿੰਦਾ, "ਬਾਗ ਵਿਚ।"

ਕਹਿੰਦਾ, "ਮੇਰੇ ਭਾਗ ਜਾਗ ਪਏ ਅੱਜ ਨਾਲੇ ਮੈਂ ਉਨ੍ਹਾਂ ਦੇ ਦਰਸ਼ਨ ਕਰਾਂਗਾ ਤੇ ਨਾਲੇ ਲਾਲ ਦੇ ਦਰਸ਼ਨ ਕਰ ਲਏ। ਭਾਈ ਮਰਦਾਨਾ! ਪਰਸ਼ਾਦ ਪਾਣੀ?"

ਕਹਿੰਦਾ, "ਸੇਠ ਜੀ! ਅਜੇ ਤੱਕ ਤਾਂ ਹੋਇਆ ਨਹੀਂ ਬੰਦੋਬਸਤ।"

ਕਹਿੰਦਾ, "ਕਿੰਨੀਆਂ ਕੁ ਮੂਰਤੀਂ ਹੋ ਤੁਸੀਂ?"

ਮਰਦਾਨਾ ਕਹਿਣ ਲੱਗਿਆ, "ਕਦੇ ਕਦੇ ਤਾਂ ਜਿਥੇ ਗੁਰੂ ਨਾਨਕ ਪਾਤਸ਼ਾਹ ਠਹਿਰ ਜਾਣ, ਉਥੇ ਤਾਂ ਲੰਗਰ ਚਲਦਾ ਹੈ ਦਿਨ ਰਾਤ, ਸੈਂਕੜੇ ਹਜ਼ਾਰਾਂ ਦੀ ਤਾਦਾਦ ਵਿਚ ਆ ਜਾਂਦੇ ਨੇ ਜਗਿਆਸੂ ਪਰ ਹੁਣ ਤਾਂ ਅਸੀਂ 3 ਜਣੇ ਹੀ ਹਾਂ, ਮੈਂ ਹਾਂ, ਭਾਈ ਬਾਲਾ ਹੈ ਤੇ ਆਪ ਨੇ ਸਾਹਿਬ।"

ਕਹਿੰਦਾ, "ਚੰਗਾ! ਹੋਰ ਨਾ ਕਿਸੇ ਤੋਂ ਪਰਸ਼ਾਦਾ ਵਰਜਿਓ, ਮੈਂ ਹੁਣੇ ਲੈ ਕੇ ਆਇਆ।"

ਅਧਰਕੇ ਨੂੰ ਕਹਿਣ ਲੱਗੇ, "ਬੇਟਾ ਅੱਧਰਕਾ, ਸ਼ੁਧ ਦੇਸੀ ਘਿਓ ਦੀ ਮਠਿਆਈ ਲੈ ਕੇ ਆ ਨਾਲ, ਖੋਪੇ ਦੀ ਲਿਆ, ਬਾਗ ਵਿਚ ਜਾਹ, ਪੱਕੇ ਹੋਏ ਫਲ ਲੈ ਕੇ ਆ

ਜਿਹੜੇ ਪਾਲ ਵਿਚ ਨਾ ਰਖਣੇ ਪੈਣ, ਟੋਕਰੇ ਭਰ, ਘਰ ਕਹਿ ਦੇ 8-10 ਬੰਦਿਆਂ ਦਾ ਪਰਸ਼ਾਦਾ ਤਿਆਰ ਕਰ ਦੇਣ, ਜਲਦੀ ਕਰ ਦੇਣ।"

ਮਰਦਾਨਾ ਪਹਿਲਾਂ ਚਲਿਆ ਗਿਆ, ਸਾਲਸਰਾਏ ਪਿਛੋਂ ਪਹੁੰਚਿਆ। ਜਦੋਂ ਜਾ ਕੇ 100 ਰੁਪਈਆ ਮੱਥਾ ਟੇਕਿਆ ਮਹਾਰਾਜ ਕਹਿੰਦੇ, "ਨਾਲੇ ਆਹ ਲਿਆਇਆ ਤੇ ਨਾਲੇ ਆਹ।"

ਕਹਿੰਦਾ,"ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ, ਮੈਂ ਤਾਂ ਉਦੋਂ ਦਾ ਹੀ ਘਬਰਾਇਆ ਪਿਆ ਹਾਂ।"

ਕਹਿੰਦੇ, "ਕਿਹੜੀ ਗੱਲ ਤੋਂ ਘਬਰਾ ਗਿਆ?"

ਕਹਿੰਦਾ, "ਮਹਾਰਾਜ! ਸਬਜ਼ੀ ਵਾਲਾ ਇਸ ਦੀਆਂ 2 ਮੂਲੀਆਂ ਦਿੰਦਾ ਸੀ, ਹਲਵਾਈ ਅਧਸੇਰ ਮਠਿਆਈ ਦਿੰਦਾ ਸੀ, ਬਜਾਜ ਦੋ ਗਜ ਕੱਪੜਾ ਦਿੰਦਾ ਸੀ, ਇਕ ਜੌਹਰੀ 10 ਰੁਪਏ ਦਿੰਦਾ ਸੀ, ਇਕ 100 ਰੁਪਏ।"

ਕਹਿੰਦੇ, "ਹੁਣ ਕੀ ਹੋਇਆ?"

ਕਹਿੰਦਾ, "ਮਹਾਰਾਜ! ਉਸ ਨੇ ਤਾਂ 100 ਰੁਪਈਆ ਦਰਸ਼ਨ ਕਰਨ ਦੀ ਭੇਟ ਦਿੱਤੀ ਹੈ ਨਾਲੇ ਕਿਹਾ ਹੈ ਕਿ ਜੇ ਵੇਚਣਾ ਹੈ ਤਾਂ ਤੁਹਾਨੂੰ 3 ਮਹੀਨੇ ਠਹਿਰਨਾ ਪਏਗਾ। ਇਤੇ ਸੂਰਤ ਦੇ ਦੂਜੇ ਵੱਡੇ ਵੱਡੇ ਸ਼ਹਿਰਾਂ ਦੇ ਵਪਾਰੀ ਆਉਣਗੇ ਫੇਰ ਸਾਡਾ ਬੋਰਡ ਕਾਇਮ ਹੋਏਗਾ। ਇਸ ਦੀ ਕੀਮਤ ਕੋਈ ਨਹੀਂ ਹੈ ਜਿੰਨਾ ਕੁ ਪੈਸਾ ਕਿਸੇ ਦੀ ਜੇਬ ਵਿਚ ਹੈ ਓਹੀ ਕੀਮਤ ਹੋਇਆ ਕਰਦੀ ਹੈ। ਸਭ ਤੋਂ ਅਮੀਰ ਜੋ ਜੌਹਰੀ ਹੋਏਗਾ ਉਹ ਖਰੀਦ ਲਏਗਾ।

ਮਹਾਰਾਜ! ਮੈਂ ਤਾਂ ਹੈਰਾਨ ਹਾਂ ਕਿ ਇਸ ਦੁਨੀਆਂ ਦੀ ਅਕਲ ਨੂੰ ਹੋ ਕੀ ਗਿਆ?"

ਕਹਿੰਦੇ, "ਮਰਦਾਨਿਆ! ਤੇਰੇ ਸਵਾਲ ਦਾ ਜਵਾਬ ਮਿਲ ਗਿਆ?"

ਕਹਿੰਦਾ, "ਮੇਰੀ ਸਮਝ ਵਿਚ ਨਹੀਂ ਆਇਆ।"

ਕਹਿੰਦੇ, "ਮਰਦਾਨਿਆ! ਕੀਮਤੀ ਚੀਜ਼ਾਂ ਦੀ ਜੋ ਕਦਰ ਹੈ ਕਦਰਦਾਨਾਂ ਤੋਂ ਬਿਨਾ ਨਹੀਂ ਪੈਂਦੀ ਜਿਵੇਂ ਲਾਲਾਂ ਦੀ ਕਦਰ ਪੂਰਾ ਜੌਹਰੀ ਜਾਣਦਾ ਹੈ, ਇਸੇ ਤਰ੍ਹਾਂ ਜਿਹੜੀ ਨਾਮ ਦੀ ਕਦਰ ਹੈ ਨਾਹ, ਉਸ ਨੂੰ ਸੰਸਾਰ ਨਹੀਂ ਜਾਣਦਾ।"

ਸੰਸਾਰ ਨੂੰ ਪਤਾ ਹੈ ਕਿ ਕੋਠੀ ਕਿਥੇ ਲਈਏ, ਦੁਕਾਨਦਾਰ ਨੂੰ ਪਤਾ ਹੈ ਕਿ ਮੈਂ ਕਿਹੜੀ ਦੁਕਾਲ ਲਏ ਤੋਂ ਮੇਰਾ ਬਹੁਤਾ ਸੌਦਾ ਵਿਕੇਗਾ, ਮਸ਼ੀਨਰੀ ਵਾਲੇ ਨੂੰ ਪਤਾ ਹੈ ਕਿ ਆਹ ਮਸ਼ੀਨਰੀ ਮੈਂ ਲੈ ਲਵਾਂ। ਹਰ ਬੰਦੇ ਨੂੰ ਆਪਣੇ ਕਸਬ ਦਾ ਪਤਾ ਹੈ ਉਸ ਦੇ ਵਿਚ ਉਹ ਮਾਹਿਰ ਹੈ ਪਿਆਰਿਆ! ਜਿਵੇਂ ਉਹ ਮਾਹਰ ਨੇ ਇਸੇ ਤਰ੍ਹਾਂ ਜਿਹੜੀ ਨਾਮ ਦੀ ਕੀਮਤ ਹੈ ਇਹ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*

*ਅੰਗ - 81*

ਸੰਸਾਰ ਨੂੰ ਨਹੀਂ ਪਤਾ ਇਸ ਦੀ ਜੇ ਮਹਿਮਾ, ਕੀਮਤ ਪੁਛਣੀ ਹੈ ਇਹ ਬੰਦਗੀ ਕਰਨ ਵਾਲਿਆਂ ਨੂੰ ਪਤਾ ਹੈ -

*ਧਾਰਨਾ - ਮਹਿਮਾ ਹਰਿ ਨਾਮ ਦੀ*
*ਸੰਤਾਂ ਦੇ ਹਿਰਦੇ ਵਸਦੀ -2, 2.*
*ਸੰਤਾਂ ਦੇ ਹਿਰਦੇ ਵਸਦੀ -2, 2.*
*ਮਹਿਮਾ ਹਰਿ ਨਾਮ ਦੀ, ਸੰਤਾਂ ਦੇ ਹਿਰਦੇ ਵਸਦੀ,.. -2.*

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥*

*ਅੰਗ - 265*

ਕੋਈ ਪੁਰਸ਼ ਉਸ ਦੇ ਇਹ ਗੱਲ ਸਮਝ ਆਏਗੀ ਜਿਸ ਨੂੰ ਨਾਮ ਦਾ ਪਤਾ ਲੱਗ ਜਾਵੇ, ਜਿਸ ਦੇ ਅਤਿ ਉਤਮ ਭਾਗ ਹੋਣ -

*ਜਿਨਾ ਭਾਗ ਮਥਾਹਿ ਸੇ ਨਾਨਕ ......॥ ਅੰਗ - 81*

ਜਿਨ੍ਹਾਂ ਦੇ ਮਥੇ ਵਿਚ ਲੇਖ ਲਿਖੇ ਹੋਣ ਉਹ ਨਾਮ ਦੀ ਕੀਮਤ ਵੱਲ ਰੁਖ ਕਰਦਾ ਹੈ ਦੂਜਾ ਸੁਣ ਕੇ ਛੱਡ ਦਿੰਦਾ ਹੈ। ਕਹਿੰਦੇ ਪੁਛ ਨਾਮਦੇਵ ਨੂੰ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*

*ਅੰਗ - 487*

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ -2, 2.*
*ਮੇਰੇ ਪਿਆਰੇ ਨਾਮਾ ਅੱਧੀ ਦਮੜੀ ਦਾ -2, 2.*
*ਨਾਮ ਜਪ ਕੇ ਲੱਖਾਂ ਦਾ ਹੋ ਗਿਆ,............... -2.*

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*

*ਅੰਗ - 487*

ਸਾਡੀ ਹੈਸੀਅਤ ਬੰਨ੍ਹਦੇ ਨੇ ਬੈਂਕ ਵਾਲੇ ਕਿ ਤੈਨੂੰ 10,000 ਰੁਪਏ ਦਾ ਖਾਦ ਮਿਲ ਜਾਏਗਾ ਤੇਰੀ ਜਮੀਨ ਐਨੀ ਹੈ ਆਹ ਤੇਰੀ ਹਸਤੀ ਬਣਦੀ ਹੈ। ਲੱਖਾਂ ਦੀ ਬੰਨ੍ਹਦੇ ਨੇ ਜਿਨ੍ਹਾਂ ਕੋਲ ਬਹੁਤ ਪ੍ਰੋਪਟੀਆਂ ਨੇ, ਛੋਟਿਆਂ ਦੀ ਕਿਸੇ ਦੀ 1000/- ਬੰਨ੍ਹ ਦਿੱਤੀ, ਕਿਸੇ ਦੀ 1500/- ਬੰਨ੍ਹ ਦਿੱਤੀ। ਇਵੇਂ ਨਾਮ ਦੇਵ ਜੀ ਦੀ ਜਿਹੜੀ ਆਰਥਿਕ ਹੱਦ

ਸੀ ਗੁਰੂ ਮਹਾਰਾਜ ਦਸਦੇ ਨੇ ਕਿ ਅੱਧੀ ਦਮੜੀ ਦੀ ਸੀ, ਗਰੀਬ ਸੀ। ਮਿਹਨਤ ਮਜ਼ਦੂਰੀ ਕਰਕੇ ਠੱਪੇ ਲਾ ਕੇ ਕਪੜਿਆਂ ਦੇ ਉਤੇ ਤਾਂ ਗੁਜ਼ਾਰਾ ਕਰਦਾ ਸੀ ਪਰ ਜਦੋਂ ਉਸ ਨੇ ਬੰਦਗੀ ਕਰੀ, ਉਸ ਵੇਲੇ ਹਿੰਦੋਸਤਾਨ ਦਾ ਚਕਰਵਰਤੀ ਬਾਦਸ਼ਾਹ ਸਲੇਮਸ਼ਾਹ ਤੇ ਉਸ ਦੇ ਹੋਇਆ ਦਰਦ। ਉਸ ਵੇਲੇ ਮੂੰਹ ਵਿਚ ਘਾਹ ਲੈ ਕੇ ਕਹਿੰਦਾ ਹੈ ਕਿ "ਬਖਸ਼ੀ ਹਿੰਦੂ ਮੈਂ ਤੇਰੀ ਗਾਇ।" ਦੋਏ ਹੱਥ ਜੋੜੀ ਖੜ੍ਹਾ ਹੈ ਕਿ ਮੈਨੂੰ ਬਖਸ਼ ਦੇਹ, ਗਊ, ਸਮਝ ਕੇ ਬਖਸ਼ ਦੇਹ ਫੇਰ ਕਿਥੇ ਗਈ ਉਸ ਦੀ ਹੈਸੀਅਤ, ਬਾਦਸ਼ਾਹ ਖੜ੍ਹਾ ਹੈ। ਕਬੀਰ ਸਾਹਿਬ ਦੀ ਕਿੱਡੀ ਹੈਸੀਅਤ ਸੀ, ਆਪ ਆ ਕੇ ਪਰਮੇਸ਼ਰ ਜੱਗ ਕਰਦਾ ਹੈ। ਨਾਮਦੇਵ ਦਾ, ਰਵੀਦਾਸ ਜੀ ਦਾ ਸਾਰੇ ਹੀ ਜਿੰਨੇ ਭਗਤ ਹੋਏ ਨੇ ਬੰਦਗੀ ਕਰਨ ਵਾਲੇ।

ਸੋ ਇਸ ਤਰ੍ਹਾਂ ਦੇ ਨਾਲ ਸੰਤਾਂ ਨੂੰ ਪਤਾ ਹੈ ਨਾਮ ਕੀ ਹੁੰਦਾ ਹੈ। ਇਕ ਵਾਰੀ ਵੀ ਨਾਮ ਜਪਿਆ ਹੋਇਆ ਹੈ ਨਾਂਹ ਉਸ ਨੂੰ ਜਾਣ ਨਹੀਂ ਦਿੰਦੇ ਬਿਰਥਾ। ਗੁਰੂ ਮਹਾਰਾਜ ਦਸਦੇ ਨੇ ਕਿ ਦੇਖੋ –

*ਗਹਿਣੇ ਧਰਿਅਨੁ ਏਕ ਨਾਉ*
*ਪਾਪਾ ਨਾਲਿ ਕਰੈ ਨਿਰਜਾਸੀ।*
*ਪਾਸੰਗਿ ਪਾਪੁ ਨ ਪੁਜਨੀ*
*ਗੁਰਮੁਖਿ ਨਾਉ ਅਤੁਲ ਨ ਤੁਲਾਸੀ।*
*ਨਰਕਹੁੰ ਛੁਟੇ ਜੀਅ ਜੰਤ*
*ਕਟੀ ਗਲਹੁੰ ਸਿਲਕ ਜਮ ਫਾਸੀ॥*

*ਭਾਈ ਗੁਰਦਾਸ ਜੀ ਦੀ ਵਾਰ10/5*

ਅਰਬਾਂ-ਖਰਬਾਂ ਸਾਲ ਦੇ ਨਰਕ ਭਰੇ ਹੋਏ ਇਕ ਵਾਰੀ ਨਾਮ ਜੱਪਣ ਨਾਲ ਖਾਲੀ ਕਰ ਦਿੱਤੇ ਰਾਜਾ ਜਨਕ ਨੇ। ਫੇਰ ਨਾਮ ਐਵੇਂ ਤਾਂ ਨਾਂ ਨਾ ਹੋਇਆ, ਕਿੰਨੀ ਨਾਮ ਦੇ ਵਿਚ ਸ਼ਕਤੀ ਹੈ। ਮਹਾਰਾਜ ਕਹਿਣ ਲੱਗੇ, "ਮਰਦਾਨਿਆ! ਇਨ੍ਹਾਂ ਨੂੰ ਨਹੀਂ ਪਤਾ ਸੰਸਾਰ ਨੂੰ, ਸੰਸਾਰ ਆਪਣੀਆਂ ਚੀਜ਼ਾਂ ਦੀਆਂ ਕੀਮਤਾਂ ਜਾਣਦਾ ਹੈ। ਇਸ ਦੇ ਬਾਰੇ ਜੇ ਤੂੰ ਜਾਨਣਾ ਚਾਹੁੰਦਾ ਹੈ ਤਾਂ ਪੁਛ ਸੰਤਾਂ ਨੂੰ ਕਬੀਰ ਸਾਹਿਬ ਨੂੰ ਪੁੱਛ।"

ਕਬੀਰ ਸਾਹਿਬ ਬਾਹਰ ਗਏ ਹੋਏ ਨੇ। ਗੈਰ ਹਾਜਰੀ ਵਿਚ ਇਕ ਰਾਜਾ ਆ ਗਿਆ ਕੋੜ੍ਹੀ ਹੋਇਆ ਹੋਇਆ, ਬਦਬੂ ਮਾਰਦੀ ਹੈ, ਪਾਣੀ ਚੱਲ ਰਿਹਾ ਹੈ, ਕੱਪੜੇ ਗੰਦੇ ਹੋਏ ਪਏ ਨੇ। ਬਹੁਤ ਦਰਦਨਾਕ ਅਵਾਜ ਵਿਚ ਬੇਨਤੀ ਕਰੀ ਮਾਤਾ ਲੋਈ ਦੇ ਕੋਲ ਕਿ ਕਬੀਰ ਸਾਹਿਬ ਕਿਥੇ ਨੇ। ਉਹ ਕਹਿੰਦੇ ਉਹ ਤਾਂ ਗਏ ਹੋਏ ਨੇ 5-4 ਦਿਨਾਂ ਨੂੰ ਆਉਣਗੇ।

ਕਹਿਣ ਲੱਗਿਆ, "ਮੈਂ ਬੜਾ ਦੁਖੀ ਹਾਂ ਮਾਤਾ ਜੀ ਮੇਰੇ ਤੇ ਕਿਰਪਾ ਕਰੋ।" ਉਹ ਕਹਿੰਦੇ, "ਉਹ ਤਾਂ ਓਹੀ ਕਰਦੇ ਹੁੰਦੇ ਨੇ, ਮੈਂ ਨਹੀਂ ਕਦੇ ਕੋਈ ਗੱਲ ਕਰੀ।" ਕਹਿੰਦਾ, "ਨਹੀਂ, ਤੁਸੀਂ ਵੀ ਘੱਟ ਨਹੀਂ ਹੋ, ਹਰ ਵਕਤ ਸਾਧੂਆਂ ਦੀ ਸੇਵਾ ਕਰਦੇ ਹੋ, ਐਡੇ ਮਹਾਂਪੁਰਸ਼ ਦੇ ਤੁਸੀਂ ਅਰਧੰਗੀ ਹੋ, ਤੁਹਾਡੇ ਵਿਚ ਤਾਂ ਸਭ ਕੁਝ ਹੀ ਹੈ।"

ਅਖੀਰ ਤਰਸ ਆ ਗਿਆ। ਕਹਿੰਦੀ, "ਬਹਿ ਜਾ ਸਾਹਮਣੇ, ਕਹਿ ਰਾਮ!" ਰਾਮ ਕਹਿ ਦਿੱਤਾ ਫੇਰ ਕਹਿੰਦੇ, "ਕਹਿ ਰਾਮ!!" ਫੇਰ ਕਹਿ ਦਿੱਤਾ। ਤੀਸਰੀ ਵਾਰੀ ਕਹਿੰਦੇ, ਫੇਰ ਕਹਿ ਰਾਮ!!!" ਤੀਸਰੀ ਵਾਰੀ ਫੇਰ ਕਹਿ ਦਿੱਤਾ।

ਕਹਿੰਦੇ, ਜਾਹ ਜਾ ਕੇ ਕੱਪੜੇ ਬਦਲ ਕੇ ਨਹਾ ਕੇ ਪਾ ਲੈ।"

ਰਾਜਾ ਗਿਆ ਇਸ਼ਨਾਨ ਕਰਨ ਲੱਗਿਆ ਹੈਰਾਨ ਹੋ ਗਿਆ ਕੰਚਨ ਵਰਗਾ ਸਰੀਰ ਹੋਇਆ ਹੋਇਆ, ਕੋਈ ਦਾਗ ਨਹੀਂ ਰਿਹਾ। ਕਈ ਪ੍ਰੇਮੀਆਂ ਨੂੰ ਇਸ ਤੇ ਵੀ ਤਰਕ ਆ ਜਾਂਦੀ ਹੈ। ਇਥੇ ਰਤਵਾੜਾ ਸਾਹਿਬ 2-3 ਕੇਸ ਹੋ ਚੁੱਕੇ ਨੇ ਇਸੇ ਕਿਸਮ ਦੇ ਜਿਵੇਂ ਇਹ ਸੀ। ਜਪੁਜੀ ਸਾਹਿਬ ਦੇ ਪਾਠ ਦੱਸੇ 40 ਦਿਨਾਂ ਤੋਂ ਬਾਅਦ ਸੁੰਦਰ ਸਰੀਰ ਨਿਕਲ ਆਇਆ ਵਿਚੋਂ। ਇਕ ਹੋਰ ਬੀਬੀ ਸੀ। ਇਕ ਸਿੰਘ ਸੀ ਉਸ ਦੇ ਹੱਥਾਂ ਪੈਰਾਂ 'ਚੋਂ ਪਾਣੀ ਜਾ ਰਿਹਾ ਸੀ ਜਿਵੇਂ ਹਲ ਵਾਹਿਆ ਹੁੰਦਾ ਹੈ ਆਏਂ ਹੋਏ ਹੋਏ ਸੀ। ਅਸੀਂ ਕਿਹਾ ਜਾਹ! ਤੈਥੋਂ ਹੋਣਾ ਤਾਂ ਹੈ ਨਹੀਂ ਕੁਝ, ਜਿਥੇ ਸਿੰਘ ਇਸਨਾਨ ਕਰਦੇ ਨੇ ਉਥੇ ਜਾ ਕੇ ਗਾਰਾ ਮਲ ਲੈ। ਉਹ ਠੀਕ ਹੋ ਗਿਆ ਦੂਜੇ ਤੀਜੇ ਦਿਨ ਮੈਨੂੰ ਦਿਖਾਵੇ ਪੀ.ਜੀ.ਆਈ. ਨੇ ਜਵਾਬ ਦੇ ਦਿੱਤਾ ਸੀ।

ਇਕ ਵੱਡੇ ਅਫਸਰ ਆਏ ਸਾਡੇ ਕੋਲ Deputy Air Marshal ਮੂੰਹ ਦੇ ਵਿਚ ਕਾਲੀਆਂ ਲਸਰਾਂ ਪੈ ਗਈਆਂ। ਡਾਕਟਰਾਂ ਨੇ ਡਰਾ ਦਿੱਤਾ ਜੇ ਇਲਾਜ ਨਾ ਹੋਇਆ ਤਾਂ ਹੋ ਸਕਦਾ ਹੈ ਕੈਂਸਰ ਹੋ ਜਾਵੇ। ਮੈਂ ਕਿਹਾ ਤੂੰ ਆਏਂ ਕਰ ਜਿਥੇ ਚਰਨ ਧੋਂਦੀਆਂ ਸੰਗਤਾਂ ਉਸ ਦੇ ਜਲ ਨਾਲ ਕੁਰਲੀ ਕਰ ਲੈ। ਉਹ ਅੰਬ ਸਾਹਿਬ ਗੁਰਦਵਾਰੇ ਚਲਿਆ ਗਿਆ ਨਾਲ ਸੀ Director Genral Police ਉਹ ਕਹਿਣ ਲੱਗਿਆ ਚਿਹਲ ਸਾਹਿਬ! ਬਾਬਾ ਜੀ ਨੇ ਤਾਂ ਕਿਹਾ ਹੈ ਕੁਰਲੀ ਕਰ ਲੋ, ਆਪਾਂ ਪਾਣੀ ਹੀ ਪੀ ਲੈਣਾ ਹੈ, ਉਹ ਗੰਧਲਾ ਹੋਇਆ ਪਾਣੀ ਪੀ ਗਿਆ। ਨਾ ਉਸ ਦੇ ਵਿਚ ਐਲਰਜੀ, ਨਾ ਕੁਝ ਹੋਰ, 20 ਦਿਨਾਂ ਬਾਅਦ ਮੇਰੇ ਕੋਲ ਆਇਆ।

ਮੈਂ ਕਿਹਾ, "ਕੀ ਹਾਲ ਹੈ"

ਕਹਿੰਦਾ, "ਦੇਖੋ ਮੂੰਹ ਵਿਚ ਨਿਸ਼ਾਨ ਖਤਮ ਹੋ ਗਏ, ਜਪੁਜੀ ਸਾਹਿਬ ਦਾ ਪਾਠ ਕਰਦਾ ਹਾਂ।"

ਸ਼ਕਤੀ ਹੋਇਆ ਕਰਦੀ ਹੈ ਇਸ ਦੇ ਵਿਚ ਰਾਜੀ ਹੋ ਜਾਂਦਾ ਹੈ। ਧੰਨ ਧੰਨ ਹੋਣ ਲੱਗ ਗਈ ਮਾਤਾ ਲੋਈ ਦੀ। ਕਬੀਰ ਸਾਹਿਬ ਜਦੋਂ 5-7 ਦਿਨਾਂ ਬਾਅਦ ਆਏ ਤਾਂ ਸਾਰੀ ਕਾਸ਼ੀ ਵਿਚ ਰੌਲਾ ਪਿਆ ਹੋਇਆ। ਇਕੋ ਗੱਲ ਕਹੀ ਜਾਣ ਕਿ ਭਗਤ ਜੀ ਤਾਂ ਸੀ ਹੀ ਪਰ ਮਾਤਾ ਲੋਈ ਲੁਕੇ ਪਏ ਸੀ ਧੰਨ ਮਾਤਾ ਲੋਈ। ਕਬੀਰ ਸਾਹਿਬ ਜਦੋਂ ਆਏ ਲੋਕ

ਨਾਲੇ ਤਾਂ ਨਮਸ਼ਕਾਰ ਕਰਨ ਆਪ ਤਾਂ ਧੰਨ ਹੋ ਮਹਾਰਾਜ, ਮਾਤਾ ਲੋਈ ਵੀ ਧੰਨ ਹੈ। ਬਹੁਤ ਕੋਈ ਨੇੜੇ ਦਾ ਮਿਲਿਆ ਕਹਿੰਦੇ ਮਾਤਾ ਲੋਈ ਧੰਨ ਧੰਨ ਕੀ ਹੋਈ ਜਾਂਦੀ ਹੈ। ਕਹਿੰਦੇ ਮਹਾਰਾਜ। ਇਕ ਕੋਹੜੀ ਰਾਜਾ ਆਇਆ ਸੀ 3 ਵਾਰੀ ਰਾਮ ਕਹਿ ਕੇ ਹਟਾ ਦਿੱਤਾ ਕੋਹੜ। ਨਾਰਾਜ਼ ਹੋ ਗਏ ਕਬੀਰ ਸਾਹਿਬ।

ਕਹਿੰਦੇ, "ਐਨੀ ਅਣਜਾਣ?"

ਘਰ ਆ ਗਏ। ਸੰਤਾਂ ਦਾ ਗੁੱਸਾ ਪਾਣੀ ਤੇ ਲੀਕ ਹੁੰਦਾ ਹੈ। ਮਨਮੁਖ ਦਾ ਗੁੱਸਾ ਪੱਥਰ ਤੇ ਲਕੀਰ ਹੁੰਦਾ ਹੈ ਉਹ ਨਹੀਂ ਜਾਂਦਾ, ਸਾਰੀ ਜਿੰਦਗੀ ਨਹੀਂ ਜਾਂਦਾ। ਸੰਤ ਨੂੰ ਪਤਾ ਹੀ ਨਹੀਂ ਰਹਿੰਦਾ ਕਿ ਮੈਂ ਇਸ ਦੇ ਨਾਲ ਗੁੱਸੇ ਹੋਇਆ, ਕਦੋਂ ਹੋਇਆ?ਕਿਉਂ ਹੋਇਆ? ਘਰ ਆਏ ਤਾਂ ਮਾਤਾ ਜੀ ਨੇ ਆਦਰ ਕਰਨ ਵਾਸਤੇ ਨਮਸ਼ਕਾਰ ਕਰੀ, ਉਨ੍ਹਾਂ ਦੇ ਹੱਥ ਦੀ ਸੋਟੀ ਤੇ ਕਮੰਡਲ ਫੜਨ ਦਾ ਯਤਨ ਕਰਿਆ, ਦਿੱਤਾ ਹੀ ਨਾ। ਕਬੀਰ ਸਾਹਿਬ ਨੇ ਚਾਰਪਾਈ ਤੇ ਜਾ ਕੇ ਆਪੇ ਹੀ ਰੱਖ ਦਿੱਤਾ। ਇਹ ਫੇਰ ਨਮਸ਼ਕਾਰ ਕਰਨ ਗਈ ਉਨ੍ਹਾਂ ਨੇ ਪਿੱਠ ਕਰ ਲਈ। ਹੈਰਾਨ ਹੋ ਗਈ ਕਿ ਹੈਂ! ਗੱਲਾਂ ਤਾਂ ਕੋਈ ਨਰਾਜ਼ੀ ਦੀ ਹੈ ਨਹੀਂ ਸਾਡੇ ਆਪਸ ਵਿੱਚ ਇਹ ਨਾਰਾਜ ਕਿਉਂ ਹੋ ਗਏ। ਦੂਜੇ ਪਾਸੇ ਫੇਰ ਗਈ, ਉਨ੍ਹਾਂ ਨੇ ਉਧਰ ਵੀ ਪਿੱਠ ਕਰ ਲਈ। ਜਿਵੇਂ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਬਾਬਾ ਅਮਰਦਾਸ ਜੀ ਨਾਲ ਕੀਤੀ ਸੀ। ਉਸ ਵੇਲੇ ਬੇਨਤੀ ਕਰਨ ਲੱਗੀ ਕਹਿੰਦੀ, "ਗੱਲ ਸੁਣੋ! ਮੂੰਹ ਤਾਂ ਕਰ ਲਓ ਨਾਂਹ!"

***ਹਉ ਵਾਰੀ ਮੁਖੁ ਫੇਰਿ ਪਿਆਰੇ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ਅੰਗ - 484***

***ਕਰਵਟ ਭਲਾ ਨ ਕਰਵਟ ਤੇਰੀ॥ ਅੰਗ - 484***

ਆਹ ਜਿਹੜਾ ਆਰਾ ਹੈ ਨਾਹ, ਇਸ ਦੇ ਨਾਲ ਜੇ ਮੈਨੂੰ ਚੀਰ ਦੇਵੋ, ਉਹ ਵਧੀਆ ਹੈ ਪਰ ਮੈਂ ਤੇਰੀ ਪਿੱਠ ਨਹੀਂ ਸਹਾਰ ਸਕਦੀ, ਤੇਰਾ ਗੁੱਸਾ ਨਹੀਂ ਮੈਂ ਸਹਾਰ ਸਕਦੀ, ਅੱਜ ਤੱਕ ਤੁਸੀਂ ਗੁੱਸੇ ਨਹੀਂ ਹੋਏ ਕਦੇ, ਮੇਰੀ ਤਾਂ ਮੌਤ ਹੈ ਤੁਹਾਡੇ ਗੁਸੇ ਵਿਚ, ਮੈਂ ਨਹੀਂ ਸਹਿ ਸਕਦੀ –

***ਕਰਵਤੁ ਭਲਾ ਨ ਕਰਵਟ ਤੇਰੀ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ॥ ਅੰਗ - 484***

ਜਿਵੇਂ ਪਹਿਲਾਂ ਆ ਕੇ ਤੁਸੀਂ ਮਿਲਦੇ ਸੀ ਬਾਂਹ ਉਤੇ ਦੀ ਪਾ ਕੇ ਇਸ ਤਰ੍ਹਾਂ ਨਹੀਂ ਤੁਸੀਂ ਮੈਨੂੰ ਮਿਲੇ, ਮੇਰੇ ਤੋਂ ਕਸੂਰ ਕੀ ਹੋ ਗਿਆ, ਤੁਸੀਂ ਇਧਰਲੇ ਪਾਸੇ ਮੁਖ ਕਰੋ। ਮੇਰਾ ਪਿਆਰ ਜਿਹੜਾ ਤੁਹਾਡੇ ਨਾਲ ਟੁੱਟ ਨਹੀਂ ਸਕਦਾ। ਜੇ ਤੁਸੀਂ ਆਰੇ ਨਾਲ ਸਰੀਰ ਚੀਰ ਦੇਵੋ ਮੈਂ ਗਿਰ ਜਾਵਾਂ, ਦੋ ਫਾੜ ਹੋ ਜਾਵਾਂ ਤਾਂ ਵੀ ਮੇਰਾ ਪਿਆਰ ਤੁਹਾਡੇ ਨਾਲ ਨਹੀਂ ਘਟੇਗਾ ਤੇ ਵਿਚਾਲੇ ਸਾਡੇ ਕੋਈ ਚੁਗਲ ਵੀ ਨਹੀਂ ਆਇਆ ਜਿਸ ਨੇ ਚੁਗਲੀ ਕਰ ਦਿੱਤੀ ਹੋਵੇ।

***ਜਉ ਤਨੁ ਚੀਰਹਿ ਅੰਗੁ ਨ ਮੋਰਉ॥***
***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥***
***ਹਮ ਤੁਮ ਬੀਚੁ ਭਇਓ ਨਹੀ ਕੋਈ॥***
***ਤੁਮਹਿ ਸੁ ਕੰਤ ਨਾਰਿ ਹਮ ਸੋਈ॥ ਅੰਗ - 484***

ਮੈਂ ਤਾਂ ਓਹੀ ਹਾਂ ਜਿਹੜੀ ਤੁਹਾਡੇ ਜੋੜੇ ਝਾੜ ਕੇ ਮਸਤਕ ਨੂੰ ਲਾਉਂਦੀ ਹਾਂ ਤੇ ਇਹ ਗੱਲ ਕੀ ਹੋ ਗਈ? ਤੁਸੀਂ ਮੇਰੇ ਨਾਲ ਐਨੇ ਰੁੱਖੇ ਕਿਉਂ ਹੋ ਗਏ।"

ਕਬੀਰ ਸਾਹਿਬ ਕਹਿਣ ਲੱਗੇ, "ਮੈਂ ਤਾਂ ਰੁੱਸਿਆ ਹੋਇਆ ਹਾਂ, ਮੇਰੇ ਮਨ ਵਿਚ ਤੇਰੀ ਬੜੀ ਪ੍ਰਤੀਤੀ ਸੀ ਉਹ ਟੁੱਟ ਗਈ। ਸੁਣ ਮੇਰੀ ਬਾਤ।"

***ਕਹਤ ਕਬੀਰ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484***

ਮੈਨੂੰ ਪ੍ਰਤੀਤ ਸੀ ਕਿ ਤੂੰ ਸੰਤਾਂ ਦੀ ਸੰਗਤ ਕਰਦੀ ਹੈ, ਸੇਵਾ ਕਦੀ ਹੈ, ਦਿਨ ਰਾਤ ਬਰਤਨ ਮਾਂਜਦੀ ਹੈ, ਬਸਤ੍ਰ ਧੋਂਦੀ ਹੈ ਉਨ੍ਹਾਂ ਦੇ। ਤੈਨੂੰ ਨਾਮ ਦੀ ਸੋਝੀ ਦਾ ਪਤਾ ਲੱਗ ਗਿਆ ਹੋਏਗਾ, ਨਾਮ ਦੀ ਕੀਮਤ ਦਾ ਪਤਾ ਲੱਗ ਗਿਆ ਹੋਏਗਾ, ਨਾਮ ਦੀ ਮਹਿਮਾ ਦਾ ਪਤਾ ਲੱਗ ਗਿਆ ਹੋਏਗਾ। ਤੂੰ ਕਿੱਡਾ ਗਲਤ ਕੰਮ ਕਰਿਆ।"

ਕਹਿੰਦੀ, "ਮਹਾਰਾਜ! ਕਿਹੜਾ ਮੈਨੂੰ ਆਪ ਕਿਰਪਾ ਕਰਕੇ ਦੱਸ ਤਾਂ ਦਿਓ।"

***ਧਾਰਨਾ - ਲੋਈਏ ਰਾਮ ਪਿਆਰੀਏ***
***ਤੈਂ ਰਾਮ ਸਵ੍ਹਲੜਾ ਲਾਇਆ -2, 2.***
***ਤਿੰਨ ਵਾਰੀ ਰਾਮ ਕਹਾ ਕੇ***
***ਰੋਗੀ ਦਾ ਰੋਗ ਹਟਾਇਆ -2, 2.***
***ਲੋਈਏ ਰਾਮ ਪਿਆਰੀਏ,.............. -2.***

***ਕਹਤ ਕਬੀਰ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484***

ਤੈਨੂੰ ਵਿਸ਼ਵਾਸ ਨਹੀਂ ਸੀ ਕਿ ਇਕ ਵਾਰੀ ਕਹੇ ਤੋਂ ਹੀ ਇਸ ਦਾ ਰੋਗ ਦੂਰ ਹੋ ਜਾਏਗਾ, 3 ਵਾਰੀ ਕਿਉਂ ਕੁਹਾਇਆ, ਐਨਾ ਸਸਤਾ?"

ਕਹਿੰਦੀ, "ਮਹਾਰਾਜ! ਬੇਨਤੀ ਸੁਣੋ! ਸ਼ਾਂਤ ਹੋਵੋ ਪਹਿਲਾਂ। ਪਹਿਲੀ ਵਾਰੀ ਮੈਂ ਰਾਮ ਕਹਾਇਆ ਸੀ –

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195***

ਬਿਮਾਰੀ ਜਿਹੜੀ ਹੁੰਦੀ ਹੈ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਅੰਗ - 135***

ਮਹਾਰਾਜ! ਇਸ ਨੇ ਹਜ਼ਾਰਾਂ ਪਾਪ ਕਰੇ ਜਿਸ ਦਾ ਫਲ ਇਸ ਦਾ ਸਰੀਰ ਫਟਿਆ। ਸੋ ਪਹਿਲੇ ਰਾਮ ਦੇ ਨਾਲ ਮੈਂ ਉਹ ਪਾਪ ਕੱਟੇ ਨੀਂਹ, ਮੁੱਢ ਕੱਟਿਆ ਹੈ ਇਸ ਦਾ ਜਿਥੋਂ

ਬਿਮਾਰੀ ਉਠਦੀ ਹੈ।

ਦੂਜਾ ਰਾਮ ਮੈਂ ਉਸ ਨੂੰ ਰਾਜੀ ਕਰਨ ਵਾਸਤੇ ਕਿਹਾ।"

ਕਹਿੰਦੇ, "ਤੇ ਤੀਜਾ ਕਿਉਂ ਕੁਹਾਇਆ?"

ਕਹਿੰਦੀ, "ਤੀਜਾ ਮੈਂ ਗੁਰਮੰਤਰ ਦਿੱਤਾ ਕਿ ਇਹ ਫੇਰ ਨਾ ਪਾਪਾਂ ਵਿਚ ਪ੍ਰਵਿਰਤ ਹੋ ਜਾਵੇ।"

ਸੋ ਮਹਾਰਾਜ ਕਹਿੰਦੇ, "ਮਰਦਾਨਿਆ! ਜਿਵੇਂ ਸਾਲਸਰਾਏ ਨੂੰ ਲਾਲ ਦੀ ਕੀਮਤ ਦਾ ਪਤਾ ਹੈ, ਪੂਰਾ ਜੌਹਰੀ ਹੈ ਇਸੇ ਤਰ੍ਹਾਂ ਦੇ ਨਾਲ ਕੀਮਤੀ ਚੀਜ਼ਾਂ ਦੀ ਕਦਰ ਕਦਰਦਾਨਾਂ ਬਿਨਾ ਨਹੀਂ ਪਿਆ ਕਰਦੀ।"

ਸੋ ਨਾਮ ਦੀ ਕੀਮਤ ਜੇ ਪੁਛਣੀ ਹੈ ਤਾਂ ਸੰਤਾਂ ਨੂੰ ਪੁਛ ਲਓ ਰਵਿਦਾਸ ਜੀ ਨੂੰ ਪੁਛੋ, ਕਬੀਰ ਸਾਹਿਬ ਨੂੰ ਪੁਛ, ਨਾਮਦੇਵ ਨੂੰ ਪੁਛ। ਉਨ੍ਹਾਂ ਨੂੰ ਪਤਾ ਹੈ ਕਿ ਨਾਮ ਕਿੱਡੀ ਵੱਡੀ ਕੀਮਤੀ ਚੀਜ ਹੈ। ਸੰਸਾਰ ਨਹੀਂ ਜਾਣਦਾ, ਸੰਸਾਰ ਤਾਂ ਜਾਣਦਾ ਕਿ ਇਹ ਅੱਖਰ ਨੇ, ਨਾਹ ਸੰਸਾਰ ਨੂੰ ਪਤਾ ਹੀ ਨਹੀਂ ਨਾਮ ਕੀ ਹੈ? ਹੁਣ ਇਹ ਮਿਲਦਾ ਕਿਥੋਂ ਹੈ? ਸਾਲਸਰਾਏ ਨੇ ਵੀ ਆ ਕੇ ਏਹੀ ਗੱਲ ਕਹੀ।

ਮਹਾਰਾਜ ਕਹਿੰਦੇ, "ਸਾਲਸਰਾਏ ਤੇਰੇ ਕੋਲ ਤਾਂ ਆਪ ਬਹੁਤ ਕੀਮਤੀ ਚੀਜ਼ਾਂ ਨੇ, ਲਾਲ ਦੀ ਕੀ ਗੱਲ ਕਰਦਾ ਹੈਂ? ਲਾਲ ਕੀ ਹੈ? ਪੱਥਰ ਹੈ।"

ਕਹਿੰਦਾ, "ਮੇਰੇ ਕੋਲ ਤਾਂ ਹੋਰ ਕੁਝ ਨਹੀਂ ਮਹਾਰਾਜ।"

ਕਹਿੰਦੇ, "ਤੇਰੇ ਕੋਲ ਸੁਆਸ ਕਿੰਨੇ ਨੇ 24000 ਸੁਆਸ ਰੋਜ਼ ਦੇ ਬਰਬਾਦ ਕਰ ਦਿੰਦਾ ਹੈ। ਇਕ ਸੁਆਸ ਐਨਾ ਕੀਮਤੀ ਹੈ ਕਿ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***

ਛਿਨ ਕਹਿੰਦੇ ਨੇ ਅੱਖ ਦੇ ਝਮਕੇ ਜਿੰਨਾ ਚਿਰ ਇਸ ਛਿਨ ਵਿਚ ਜੇ ਤੂੰ ਨਾਮ ਜਪ ਲਏ ਤਾਂ ਵੀ ਕਾਲ ਫਾਸ ਵਿਚ ਨਹੀਂ ਆਉਂਦਾ। ਇਕ ਸੁਆਸ ਰਹਿ ਗਿਆ ਸੀ ਅਜਾਮਲ ਦਾ–

***ਅਜਾਮਲ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***
***ਅੰਗ - 632***

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੇਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਅੰਗ - 902***

ਵੱਡੇ ਵੱਡੇ ਯੋਗੀ ਜਿਹੜੀ ਗਤੀ ਨੂੰ ਚਾਹੁੰਦੇ ਨੇ ਉਹ ਇਕੋ ਵਾਰੀ ਬੋਲ ਕੇ ਆ ਗਈ। ਉਹ ਹੋਈ ਕਿਵੇਂ? ਪੁੱਤ ਦਾ ਨਾਉਂ ਨਰਾਇਣ ਸੀ। ਮਹਾਤਮਾ ਨੇ ਰੱਖ ਦਿੱਤਾ ਸੀ–

***ਪਤਿਤ ਅਜਾਮਲ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।***
***ਗੁਰੁ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ।***
***ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਉਸ ਦਾ ਹੋਇਆ ਕੀ? ਖੁਦਕਸ਼ੀ ਕਰਨ ਚਲਿਆ। ਅੱਗੇ ਮਹਾਤਮਾ ਮਿਲ ਗਏ ਉਹ ਕਹਿੰਦੇ ਆਏਂ ਨਾ ਕਰ ਤੇ ਤੂੰ ਇਸ ਤਰ੍ਹਾਂ ਕਰ ਤੇਰੇ ਪੁੱਤਰ ਸੱਤਵਾਂ ਹੋਣਾ ਹੈ, ਸਾਡੇ ਕੋਲ ਲੈ ਆਈਂ, ਅਸੀਂ ਨਾਉਂ ਰਖਾਂਗੇ –

***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਕਹਿੰਦੇ ਲੈ ਨਾਰਾਇਣ ਕਹਿੰਦੇ ਹਾਂ, ਨਾਰਾਇਣ ਕਹਿੰਦੇ ਹਾਂ। ਨਾਰਾਇਣ-ਨਾਰਾਇਣ ਕਰੀਂ ਜਾਈਂ ਤੇ ਜਿਸ ਵਕਤ ਅੰਤ ਕਾਲ ਆਇਆ –

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਡਰ ਕੇ ਆਵਾਜ ਮਾਰੀ ਪੁੱਤਰ ਨੂੰ। ਇਕ ਸਾਸ ਰਹਿ ਗਿਆ। ਉਸ ਸਾਹ ਦੇ ਵਿਚ ਸੋਝੀ ਆ ਗਈ, ਸੁਧ ਆ ਗਈ, ਵਾਹਿਗੁਰੂ ਦੀ ਸੁਧ ਆ ਗਈ। ਉਸ ਵੇਲੇ ਹਾਕ ਮਾਰੀ ਪੁੱਤਰ ਨੂੰ ਤੇ ਭਾਵਨਾ ਵਾਹਿਗੁਰੂ ਵਿਚ ਚਲੀ ਗਈ। ਮਹਾਰਾਜ ਕਹਿੰਦੇ –

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***
***ਅੰਗ - 981***

ਇਕ ਸੁਆਸ ਦੇ ਉਤੇ ਨਾਲ ਲਏ ਨੇ ਜਮਦੂਤਾਂ ਨੂੰ ਨਠਾ ਦਿੱਤਾ। ਨਾਮ ਦੀ ਕੀਮਤ ਕੋਈ ਜਾਣਦਾ ਹੈ ਕਿ ਕਿੱਡੀ ਕੁ ਬੜੀ ਚੀਜ਼ ਹੈ।

ਮਹਾਰਾਜ ਕਹਿੰਦੇ, "ਸਾਲਸਰਾਏ! ਇੱਟਾਂ-ਪੱਥਰਾਂ ਦੀ ਨਹੀਂ ਕੀਮਤ ਹੁੰਦੀ, ਕੀਮਤ ਤਾਂ ਤੇਰੇ ਅੰਦਰ ਨਾਮ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - 293***

ਨਾਮ ਤਾਂ ਤੇਰੇ ਅੰਦਰ ਪਿਆ ਹੈ। ਸਮਰੱਥ ਗੁਰੂ ਨੂੰ ਮਿਲ, ਉਹ ਪ੍ਰਗਟ ਕਰ ਦੇਵੇਗਾ, ਨਾਮ ਨਹੀਂ ਮਿਲਦਾ ਪੂਰੇ ਗੁਰੂ ਤੋਂ ਬਗੈਰ।"

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥ ਅੰਗ - 283***

ਮੁਲ ਕੀ ਦੇਣਾ ਪੈਂਦਾ ਹੈ? ਕਹਿੰਦੇ –

***ਤਜਿ ਅਭਿਮਾਨੁ ਲੇਹੁ ਮਨ ਮੋਲਿ॥***

***ਰਾਮ ਨਾਮੁ ਹਿਰਦੇ ਮਹਿ ਤੋਲਿ॥*** ***ਅੰਗ - 283***

ਫੇਰ ਜਪੀ ਜਾਹ ਰਾਮ-ਰਾਮ, ਵਾਹਿਗੁਰੂ ਵਾਹਿਗੁਰੂ ਪੰਜ ਪਿਆਰਿਆਂ ਨੇ ਨਾਮ ਦੇ ਦਿੱਤਾ। ਗੁਰੂ ਘਰ ਦੀ ਮਰਿਆਦਾ ਜਿਹੜੀ ਹੈ, ਚਲਾਈ ਗੁਰੂ ਦਸਮੇਸ਼ ਪਿਤਾ ਜੀ ਨੇ ਉਹ ਬੜੀ ਠੀਕ ਹੈ। ਗੁਰੂ ਗ੍ਰੰਥ ਸਾਹਿਬ ਜਿਹੜੇ ਨੇ ਇਹ ਪੂਰਨ ਜੋਤ ਹੈ। ਇਨ੍ਹਾਂ ਦੇ ਤਾਅਬੇ ਪੰਜ ਸਿੰਘ ਇਕੱਠੇ ਹੋ ਕੇ ਜਦ ਅਰਦਾਸ ਕਰਦੇ ਨੇ ਗੁਰੂ ਦਸਵੇਂ ਪਾਤਸ਼ਾਹ ਦਾ ਬਚਨ ਹੈ ਕਿ ਜਿਥੇ 5 ਇਕ ਮਨ ਇਕ ਚਿਤ ਹੋ ਕੇ ਅਰਦਾਸ ਕਰਨ ਮੈਂ ਉਨ੍ਹਾਂ ਦੇ ਵਿਚ ਪ੍ਰਵੇਸ਼ ਕਰ ਜਾਵਾਂਗਾ। ਗੁਰੂ ਗਿਆ ਹੋਇਆ ਹੈ ਕਿਤੇ?

ਮੈਂ ਤਾਂ ਸੰਭਾਲ ਕਰਦਾ ਹਾਂ, ਪੰਜ ਦਾ ਬਣਾ ਦਿੱਤਾ, ਇਕ ਦਾ ਨਹੀਂ ਬਣਾਇਆ ਕਿਉਂ ਕਲਜੁਗ ਦਾ ਸਮਾਂ ਹੈ ਜੇ 20% ਵੀ ਇਕੱਲੇ ਇਕੱਲੇ ਦੇ ਪੱਲੇ ਰੂਹਾਨੀਅਤ ਹੋਵੇ ਤਾਂ ਪੂਰੀ ਬਣ ਜਾਂਦੀ ਹੈ 100% ਕਹਿੰਦੇ ਮੈਂ ਵਰਤਾਗਾਂ ਉਨ੍ਹਾਂ ਵਿਚ। ਅੱਗੇ ਦਾ ਕੰਮ ਮੈਂ ਕਰਾਂਗਾ ਉਨ੍ਹਾਂ ਦੇ ਸਰੀਰ ਵਿਚ ਵਰਤ ਕੇ। ਸੋ ਪੰਜ ਪਿਆਰੇ ਇਕੱਠੇ ਹੋ ਕੇ ਕਹਿੰਦੇ ਨੇ ਕਿ ਆਹ ਗੁਰ ਮੰਤ੍ਰ ਹੈ ਤੇ ਆਹ ਹੈ ਮੂਲ ਮੰਤ੍ਰ। ਗੁਰੂ ਘਰ ਦੀ ਇਹ ਮਰਿਆਦਾ ਹੈ ਸੋ ਜੋ ਆਮ ਹੈ ਅਸੀਂ ਦੂਜਿਆਂ ਨੂੰ ਨਹੀਂ ਕਹਿੰਦੇ। ਅਸੀਂ ਕਹਿੰਦੇ ਠੀਕ ਹੈ ਜਿਥੋਂ ਦੀ ਕੋਈ ਲੰਘਦਾ ਹੈ ਲੰਘੋ ਸਹੀ, ਭਾਈ ਬੈਠੋ ਨਾ ਅਵੇਸਲੇ ਹੋ ਕੇ ਕਿਉਂਕਿ ਸਾਡਾ ਗੁਰੂ ਇਹ ਕਹਿੰਦਾ ਹੈ -

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***
***ਅੰਗ - 853***

ਹੇ ਪ੍ਰਭੂ! ਜਿਥੋਂ ਦੀ ਹੋ ਕੇ ਕੋਈ ਲੰਘਦਾ ਹੈ ਲੰਘਾ ਦੇ, ਇਸਲਾਮ ਦਾ ਧਾਰਨੀ ਹੋ ਕੇ ਲੰਘਦਾ ਹੈ ਤਾਂ ਲੰਘਾ ਦੇਹ, ਕਿਸੇ ਹੋਰ ਮਹਾਂਪੁਰਸ਼ ਦੀ ਸੰਗਤ ਕਰਕੇ ਲੰਘਦਾ ਹੈ ਲੰਘਾ ਦੇਹ, ਈਸਾਈ ਹੋ ਕੇ ਲੰਘਣਾ ਚਾਹੁੰਦਾ ਹੈ ਲੰਘਾ ਦੇਹ। ਸਾਰਿਆਂ ਤੇ ਕਿਰਪਾ ਕਰਕੇ ਕਰ ਬਖਸ਼ਿਸ਼ ਕਰ -

ਸਾਰੇ ਸੰਸਾਰ ਦਾ ਭਲਾ ਮਨਾਉਂਦਾ ਹੋਇਆ ਸਾਨੂੰ ਵੀ ਕਹਿੰਦਾ ਹੈ ਕਿ ਤੁਸੀਂ ਸੱਚੇ ਦਿਲ ਨਾਲ ਕਿਹਾ ਕਰੋ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬਤ ਦਾ ਭਲਾ॥***

ਭਲਾ ਮੰਗੋ, ਦੁਸ਼ਮਨਾਂ ਦਾ ਵੀ ਭਲਾ ਮੰਗੋ। ਪਹਿਲਾਂ ਤਾਂ ਦੁਸ਼ਮਨ ਹੈ ਹੀ ਨਹੀਂ, ਸਾਡੇ ਆਪਣੇ ਹੀ ਕਰਮ ਨੇ ਜਿਹੜੇ ਦੁਸ਼ਮਨ ਬਣ ਜਾਂਦੇ ਨੇ। ਸੋ ਗੁਰੂ ਘਰ ਵਿਚ ਮਰਿਆਦਾ ਇਸ ਤਰ੍ਹਾਂ ਨਾਲ ਮਿਲਦੀ ਹੈ। ਬਾਕੀ ਜਿਹੜੀ ਹੈ ਇਹ ਸਾਰਿਆਂ ਨੂੰ ਆਪਣਾ ਆਪਣਾ ਹੁੰਦਾ ਹੈ ਹਿਸਾਬ ਕਿਤਾਬ, ਸਾਰੇ ਜਾਣਦੇ ਨੇ। ਇਹ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਿਆ ਕਰਦਾ। ਸੋ ਸਾਡੇ ਨਾਮ ਦੇਣ ਵਾਸਤੇ ਜੋ ਅੰਮ੍ਰਿਤ ਦੀ ਕਿਰਿਆ ਹੁੰਦੀ ਹੈ ਉਹ ਕੋਈ ਗਿਣਤੀਆਂ ਵਧਾਉਣ ਵਾਸਤੇ ਨਹੀਂ ਹੁੰਦੀ, ਉਹ ਇਹ ਹੁੰਦੀ ਹੈ ਕਿ ਇਨ੍ਹਾਂ ਦੇ ਹਿਰਦੇ ਵਿਚ ਨਾਮ ਦੇ ਬੂਟੇ ਦੀ ਜੜ੍ਹ ਜਾਵੇ। ਉਹ ਜੜ੍ਹ ਦਾ ਤਾਂ ਹੈ ਜੇ ਅਧਿਆਕੀਰ ਹੋਵੇ। ਜੇ ਜ਼ਮੀਨ ਹੀ ਨਹੀਂ, ਖਰਾਬ ਜਮੀਨ ਹੈ, ਕਲਰ ਹੈ ਫੇਰ ਨਹੀਂ ਹੁੰਦਾ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***
***ਅੰਗ - 491***

ਫੇਰ ਫਲ ਦੀ ਪ੍ਰਾਪਤੀ ਹੁੰਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਨੇ ਸਮਝਾਇਆ ਸਾਲਸਰਾਏ ਨੂੰ, ਮਰਦਾਨੇ ਨੂੰ ਵੀ ਸਮਝਾਇਆ। ਸੋ ਭਾਈ ਮੰਝ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨ ਸ਼ਰਨ ਆਇਆ। ਸਾਧ ਨੂੰ ਛੱਡ ਗਿਆ ਕਿ ਮੈਂ ਨਹੀਂ ਹੁਣ ਜਾਣਾ ਨਗਾਹੇ ਦੇ, ਸਰਵਰ ਦੇ ਮੈਂ ਨਹੀਂ ਜਾਣਾ, ਮੈਂ ਜਿਥੇ ਆਉਣਾ ਸੀ ਆ ਗਿਆ, ਮੈਂ ਜਿਹੜੀ ਗੱਲ ਸੁਣਨੀ ਸੀ ਸੁਣ ਲਈ, ਜਿਹੜੀ ਸਮਝਣੀ ਸੀ ਸਮਝ ਲਈ। ਹੁਣ ਮੈਨੂੰ ਪਤਾ ਲੱਗਿਆ ਕਿ ਮੇਰਾ ਤਾਂ ਜਨਮ ਹੀ ਬਿਰਥਾ ਚਲਿਆ ਗਿਆ। ਉਸ ਵੇਲੇ ਗੁਰੂ ਮਹਾਰਾਜ ਜੀ ਦੇ ਪਾਸ ਆ ਕੇ ਬੇਨਤੀਆਂ ਕਰਦਾ ਹੈ। ਹੇ ਪ੍ਰਭੂ! ਮੈਨੂੰ ਆਪਣੇ ਚਰਨਾਂ ਦਾ ਸੇਵਕ ਬਣਾ ਲੈ।

ਮਹਾਰਾਜ ਕਹਿਣ ਲੱਗੇ, "ਤੇਰਾ ਵਿਸ਼ਵਾਸ ਹੁਣ ਤੱਕ ਕਿਥੇ ਰਿਹਾ?"

ਕਹਿੰਦਾ, "ਮੇਰਾ ਵਿਸ਼ਵਾਸ ਸੀ ਮਹਾਰਾਜ ਮਹਿਮਦ ਦੇ ਉਤੇ, ਜਿਸ ਨੂੰ ਸਰਵਰੀਆ ਕਹਿੰਦੇ ਨੇ।"

ਮਹਾਰਾਜ ਕਹਿੰਦੇ ਫੇਰ ਤਾਂ ਬੜੀ ਔਖੀ ਗੱਲ ਹੈ। ਦੋ ਬੇੜੀਆਂ ਦੇ ਵਿਚ ਤਾਂ ਲੰਘ ਨਹੀਂ ਹੋਣਾ, ਵਿਸ਼ਵਾਸ ਗੁਰੂ ਦੇ ਨਾਲ ਲਾਉਣਾ ਪੈਣਾ ਹੈ। ਉਧਰੋਂ ਪੁੱਟ ਕੇ ਏਧਰ ਲਾਉਣਾ ਪੈਣਾ ਹੈ ਤੇ ਫੇਰ ਤੂੰ ਚੌਧਰੀ ਹੈ।"

ਕਹਿੰਦਾ, "ਹਾਂ ਜੀ! ਮੈਂ ਚੌਧਰੀ ਹਾਂ ਬਹੁਤ ਸਾਰੇ ਪਿੰਡਾਂ ਦਾ ਤੇ ਮੈਂ ਚੌਧਰੀ ਹੀ ਨਹੀਂ, ਮੈਂ ਇਨ੍ਹਾਂ ਦਾ ਜਥੇਦਾਰ ਵੀ ਹਾਂ, ਲੈ ਕੇ ਜਾਂਦਾ ਹਾਂ ਸੰਗ ਹਰ ਵਾਰ।"

ਕਹਿੰਦੇ, "ਫੇਰ ਪਿਆਰਿਆ! ਤੂੰ ਤਾਂ ਬੜੀ ਔਖੀ ਘਾਟੀ ਵਿਚੋਂ ਲੰਘਣਾ ਚਾਹੁੰਦਾ ਹੈ ਬੜਾ ਮੁਸ਼ਕਲ ਹੈ। ਇਸ ਦੇ ਵਾਸਤੇ ਤਾਂ ਆਪਣਾ ਆਪਾ ਪੂਰੀ ਤਰ੍ਹਾਂ ਦੇ ਨਾਲ ਗੁਆਣਾ ਪੈਣਾ ਹੈ। ਪਹਿਲੇ ਸਾਰੇ ਸੰਸਕਾਰ ਜਿਹੜੇ ਨੇ ਉਹ ਢਾਹੁਣੇ ਪੈਣੇ ਨੇ, ਧੋਣੇ ਪੈਣੇ ਨੇ। ਤੇਰੇ ਘਰ ਵਿਚ ਮੁਕਾਮ

ਹੈ ਤੇ ਤੂੰ ਔਖੀ ਘਾਟੀ ਵਿਚ ਆ ਗਿਆ ਤੇ ਇਹ ਪ੍ਰੇਮ ਦੀ ਖੇਲ ਕੋਈ ਸੁਖਾਲੀ ਨਹੀਂ ਹੁੰਦੀ ਇਹ ਬੜੀ ਔਖੀ ਹੈ।"

***ਧਾਰਨਾ - ਸੀਸ ਤਲੀ ਤੇ ਧਰਨਾ ਪੈਂਦੈ,***
***ਔਖੀ ਖੇਡ ਪ੍ਰੇਮ ਦੀ -2, 2.***
***ਸੀਸ ਤਲੀ ਤੇ ਧਰਨਾ ਪੈਂਦੈ,......... -2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

ਕਹਿਣ ਲੱਗੇ, "ਭਾਈ ਗੁਰਮੁਖਾ! ਹੱਦ ਤੋਂ ਜਿਆਦਾ ਜਿਹੜੀ ਦੁਨੀਆਂ ਵਿਚ ਕੀਮਤੀ ਚੀਜ਼ ਹੈ, ਉਸ ਦੀ ਤੂੰ ਮੰਗ ਕਰੀ ਹੈ, ਐਨਾ ਸੁਖਾਲਾ ਤਾਂ ਨਹੀਂ ਹੁੰਦਾ। ਇਹ ਤਾਂ ਸਿਰ ਤਲੀ ਤੇ ਧਰਨਾ ਪੈਣਾ ਹੈ, ਤੂੰ ਹੈ ਚੌਧਰੀ, ਨਾਲ ਹੈਂ ਤੂੰ ਸੰਗ ਦਾ ਜਥੇਦਾਰ। ਤੈਨੂੰ ਪਤਾ ਹੈ ਤੇਰੀ ਕਿੰਨੀ ਮੁਖਾਲਫਤ ਹੋਏਗੀ? ਕਿੰਨੀ ਭਾਈਚਾਰਕ ਜੀਵਨ ਵਿਚ ਤੈਨੂੰ ਕਿੰਨੀ ਔਖਿਆਈ ਆ ਜਾਏਗੀ, ਬੜਾ ਮੁਸ਼ਕਲ ਹੋ ਜਾਣਾ ਹੈ, ਪਹਿਲਾਂ ਆਪਣੇ ਆਪ ਨੂੰ ਤਿਆਰ ਕਰ, ਕਾਬਲ ਕਰ, ਫੇਰ ਸਾਡੇ ਕੋਲ ਆਈ। ਉਸ ਦੇ ਵਾਸਤੇ ਪਹਿਲਾਂ ਤਾਂ ਇਹ ਹੈ ਕਿ ਜਾਹ! ਘਰ ਜਾ ਕੇ ਮੁਕਾਮ ਬਣਿਆ ਹੋਇਆ ਹੈ ਜਿਥੇ ਵੀਰਵਾਰ ਨੂੰ ਦੀਵੇ ਜਾਲਦਾ ਹੈਂ ਨਾਹ, ਉਸ ਨੂੰ ਢਾਹ ਦੇ। ਜੇ ਤਾਂ ਤੂੰ ਉਹ ਮੁਖਾਲਫਤ ਸਹਿ ਗਿਆ ਫੇਰ ਆ ਜਾਵੀਂ ਸਾਡੇ ਕੋਲ।"

ਸੋ ਇਸ ਤਰ੍ਹਾਂ ਨਾਲ ਸਾਧ ਸੰਗਤ ਜੀ ਸਮਾਂ ਇਜਾਜਤ ਨਹੀਂ ਦਿੰਦਾ। ਹੁੰਮ ਹਮਾ ਕੇ ਪਹੁੰਚਿਆ ਕਰੋ। ਸੋ ਭੋਗ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜਿੰਨਾ ਚਿਰ ਸੁਖ ਆਸਣ ਹੁੰਦੇ ਨੇ ਓਨੀ ਦੇਰ ਪ੍ਰੋਗਰਾਮ ਸੁਣਾ ਦਿਆ ਕਰੋ। ਹੋਰ ਬਹੁਤੇ ਲੈਕਚਰਾਂ ਦੀ ਲੋੜ ਨਹੀਂ। ਜੇ ਦੇਣੇ ਹੀ ਹਨ ਤਾਂ ਮੈਥੋਂ ਪਹਿਲਾਂ ਸੁਣਾ ਦਿਆ ਕਰੋ।

ਸੋ ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ ਭਾਈ।

-ਗੁਰਸਤੋਤਰ-

-ਅਰਦਾਸ-

(ਪੰਨਾ 37 ਦੀ ਬਾਕੀ)

ਵਿਚ ਰਹਿਣ ਦੀ ਜਾਚ ਸਿਖਦੇ ਸੀ ਤੇ ਸਭ ਤੋਂ ਵੱਡੀ ਗੱਲ ਸਿਖਦੇ ਸੀ। ਜੀਵਨ ਦਾ ਮੰਤਵ ਜੀਵਨ ਦਾ ਪ੍ਰਯੋਜਨ। ਅੰਤਮ ਸਤਿ ਕੀ ਹੈ। ਵਿਦਿਆਰਥੀ ਗੁਰੂ ਕੋਲ ਰਹਿ ਕੇ ਗੁਰੂ ਸੇਵਾ ਕਰਦੇ ਸੀ, ਨਿਮਰਤਾ ਸਿਖਦੇ ਸੀ। ਪੜ੍ਹਾਈ ਖਤਮ ਕਰਨ ਤੋਂ ਬਾਅਦ ਅਧਿਆਤਮਕ ਉਸ ਨੂੰ ਸਤਿ ਦੇ ਰਾਹ ਤੇ ਚੱਲਣ ਦਾ ਆਦੇਸ਼ ਦਿੰਦਾ ਸੀ, ਸੱਚਾ ਕਰਮ ਕਰਨਾ ਤੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਰਹਿਣਾ।

ਗ੍ਰਹਿਸਤ ਆਸ਼ਰਮ ਵਿਚ ਰਹਿਣਾ ਇਕ ਤਰ੍ਹਾਂ ਨਾਲ, ਕਰਮ ਦੇ ਰਾਹ ਤੇ ਚੱਲਣ ਦੀ ਤਿਆਰੀ ਕੀਤੀ ਜਾਂਦੀ ਸੀ, ਇਹ ਕੋਈ ਸਾਰੇ ਜੀਵਨ ਦੀ ਤਿਆਰੀ ਨਹੀਂ। ਇਸ ਸਮੇਂ ਵਿਚ ਪਤੀ ਪਤਨੀ ਤਿਆਗ ਦਾ ਅਭਿਆਸ ਕਰਦੇ ਸੀ। ਪੂਜਾ ਅਰਚਾ ਕਰਦੇ ਸੀ ਤੇ ਇਸ ਤਰ੍ਹਾਂ ਰਹਿੰਦੇ ਸੀ ਜਿਵੇਂ ਦੋਨੋਂ ਇਕੱਠੇ ਰਹਿ ਕੇ ਨਿਯਮਤ ਜੀਵਨ ਬਤੀਤ ਕਰ ਰਹੇ ਹੋਣ। ਦੰਪਤੀ ਇਕ ਸੋਹਣੇ ਰੱਥ ਦੀ ਤਰ੍ਹਾਂ ਸੀ ਜਿਸ ਰੱਥ ਦਾ ਇਕ ਪਹੀਆ ਪਤੀ ਦੂਸਰਾ ਪਤਨੀ ਆਪਸ ਵਿਚ ਪੂਰਾ ਤਾਲਮੇਲ ਹੁੰਦਾ ਸੀ ਤੇ ਦੰਪਤੀ ਜੀਵਨ ਇਕ ਹਾਸੇ ਖੇਡੇ ਦਾ ਜੀਵਨ ਨਾ ਹੋ ਕੇ ਇਕ ਮੁਕਤੀ ਦਾ ਰਾਹ ਸੀ। ਇਹ ਕੋਈ ਮੋਹ ਪਾਉਣ ਦਾ ਤਰੀਕਾ ਨਹੀਂ ਸੀ, ਨਾ ਹੀ ਕੋਈ ਬੰਧਨ ਪਾਉਣ ਦਾ।

ਬਾਨ ਪ੍ਰਸਤ ਉਦੋਂ ਸ਼ੁਰੂ ਹੁੰਦਾ ਸੀ ਜਦੋਂ ਬਾਲ ਚਿੱਟੇ ਹੋ ਜਾਂਦੇ ਸੀ ਤੇ ਝੁਰੜੀਆਂ ਪੈਣ ਲਗ ਪੈਂਦੀਆਂ ਸੀ। ਪਤੀ ਪਤਨੀ ਆਪਣੀਆਂ ਜ਼ਿੰਮੇਵਾਰੀਆਂ ਵੱਡੇ ਬੱਚੇ ਨੂੰ ਸੌਂਪ ਕੇ ਬੱਚਿਆਂ ਨੂੰ ਦੇ ਕੇ ਆਪ ਜੰਗਲਾਂ ਵਿਚ ਚਲੇ ਜਾਂਦੇ ਸੀ।

ਅੰਤਮ ਭਾਗ, ਸੰਨਿਆਸ ਦਾ ਜੀਵਨ ਬਹੁਤ ਹੀ ਪਾਬੰਦੀਆਂ ਵਾਲਾ ਬੜਾ ਬੰਧੇਜ ਵਾਲਾ ਰੱਖਣਾ ਹੁੰਦਾ ਸੀ। ਸਾਰੇ ਸੰਸਾਰਕ ਸੁਖ ਤਿਆਗ ਦੇਣੇ ਪੈਂਦੇ ਸੀ। ਸਾਰੀਆਂ ਇਛਾਵਾਂ ਦਾ ਤਿਆਗ ਕਰਨਾ ਜ਼ਰੂਰੀ ਸੀ। ਹੋਰ ਉਹ ਸਭ ਕੁਛ ਜੋ ਆਤਮ ਮਾਰਗ ਤੇ ਬਾਧਾ ਪੈਦਾ ਕਰ ਸਕਦਾ ਹੋਵੇ। ਜਦੋਂ ਤੁਸੀਂ ਤੁਰਦੇ ਫਿਰਦੇ, ਭਰਮਣ ਕਰਨ ਵਾਲੇ ਉਦਾਸੀ ਬਣ ਜਾਂਦੇ ਹੋ, ਸਾਰੇ ਮੋਹ ਤੋਂ ਛੁਟਕਾਰਾ ਪਾ ਲੈਂਦੇ ਹੋ, ਸਾਰੀਆਂ ਇਛਾਵਾਂ ਤੋਂ ਮੁਕਤ ਹੋ ਜਾਂਦੇ ਹੋ ਤਾਂ ਫੇਰ ਬਿਲਕੁਲ ਇਕਾਗਰ ਹੋ ਕੇ ਉਸ ਇਕ ਨਾਲ ਲਿਵ ਲਗ ਜਾਂਦੀ ਹੈ ਤੇ ਸੁਤੇ ਹੀ ਤੁਹਾਡਾ ਦਵੰਦ ਖਤਮ ਹੋ ਜਾਂਦਾ ਹੈ ਤੇ ਇਕੋ ਬ੍ਰਹਮ ਹੀ ਦਿਸਦਾ ਹੈ ***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥'*** ਜਦੋਂ ਇਹ ਅਵਸਥਾ ਹੋ ਜਾਂਦੀ ਹੈ ਮਨੁੱਖ ਦੀ ਆਤਮਾ ਵਿਸ਼ਵ ਨਾਲ ਇਕ ਹੋ ਜਾਂਦੀ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਮੈਂ ਕੌਣ ਹਾਂ

ਮਨੁੱਖ ਦਾ ਜਨਮ ਕੇਵਲ ਇਕ ਹਾਦਸਾ ਨਾ ਹੋ ਕੇ ਇਕ ਘਟਨਾ ਹੈ, ਇਸ ਘਟਨਾ ਦਾ ਇਕ ਮਨੋਰਥ ਹੈ, ਮੰਤਵ ਹੈ। ਮਨੁੱਖ ਦਾ ਜਨਮ ਕੋਈ ਉਦੇਸ਼, ਮੰਤਵ ਪ੍ਰਾਪਤੀ ਹੈ, ਉਦੇਸ਼ ਹੈ, ਵਾਹਿਗੁਰੂ ਨਾਲ ਮੇਲ, ਉਸ ਨਾਲ ਇਕ ਹੋ ਕੇ ਪ੍ਰਮਾਤਮਾ ਵਿਚ ਲੀਨ ਹੋ ਕੇ ਜੀਵਨ ਜੀਉਣਾ ਤੇ ਸੰਸਾਰ ਤੋਂ ਉਪਰ ਰਹਿਣਾ, ਸੰਸਾਰ ਵਿਚ ਵਿਚਰਨਾ ਪਰ ਉਪਰ ਰਹਿ ਕੇ ਪਰ੍ਹੇ ਰਹਿ ਕੇ। ਹਰ ਇਕ ਮਨੁੱਖ ਜਦੋਂ ਸੰਸਾਰ ਵਿਚ ਆਉਂਦਾ ਹੈ ਉਸ ਕੋਲ ਉਹ ਸਾਰੇ ਸਾਧਨ, ਸਾਰੇ ਉਪਰਾਲੇ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਮਨੁੱਖ ਨੂੰ ਆਪਣੇ ਸਾਧਨ ਆਪਣੇ ਸ੍ਰੋਤ ਬੜੀ ਸੂਝ, ਬੂਝ ਤੇ ਬੜੀ ਸਮਝਦਾਰੀ ਨਾਲ ਵਰਤਣੇ ਚਾਹੀਦੇ ਹਨ।

ਆਧੁਨਿਕ ਸਿਖਿਆ ਸਾਨੂੰ ਸੰਸਾਰ ਵਿਚ ਵਿਚਰਨ ਦੀ, ਸੰਸਾਰ ਵਿਚ ਸਫਲ ਹੋਣ ਵਿਚ ਸਹਾਇਤਾ ਕਰਦੀ ਹੈ। ਅੱਜ ਦੀ ਸਿਖਿਆ ਸਾਨੂੰ ਆਪਣਾ ਆਪ ਜਾਨਣ ਵਿਚ ਸਹਾਈ ਨਹੀਂ ਹੁੰਦੀ। ਜਦੋਂ ਅਸੀਂ ਉਚ ਵਿਦਿਆਲਿਆ ਵਿਚੋਂ, ਵਿਸ਼ਵ ਵਿਦਿਆਲਿਆ 'ਚੋਂ ਕਾਮਯਾਬ ਹੋ ਕੇ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਹਾਂ, ਬਾਹਰ ਨਿਕਲਦੇ ਹਾਂ ਸਾਨੂੰ ਮਹਿਸੂਸ ਹੁੰਦਾ ਹੈ, ਸਾਡਾ ਅੰਦਰ ਖਾਲੀ ਹੈ, ਕੋਈ ਸੰਤੁਸ਼ਟੀ ਨਹੀਂ। ਜੀਵਨ ਦਾ ਪ੍ਰਸ਼ਨ, ਉਥੇ ਹੀ ਖੜ੍ਹਾ ਰਹਿੰਦਾ ਹੈ, ਉਹ ਪ੍ਰਸ਼ਨ ਹੈ, ਮੈਂ ਕੌਣ ਹਾਂ? ਮੈਂ ਕਿਥੋਂ ਆਇਆ ਹਾਂ? ਜੀਵਨ ਮਨੋਰਥ ਕੀ ਹੈ? ਮੈਂ ਕਿਥੇ ਜਾਵਾਂਗਾ? ਉਹ ਸਿਖਿਆ ਜਿਹੜੀ ਸਾਨੂੰ ਖੁਸ਼ੀਆਂ ਬਖਸ਼ ਸਕਦੀ ਹੈ, ਅਨੰਦ ਦੇ ਸਕਦੀ ਹੈ, ਦੁਖਾਂ ਸੰਤਾਪਾਂ ਤੋਂ ਛੁਟਕਾਰਾ ਦੁਆ ਸਕਦੀ ਹੈ ਉਹ ਤਾਂ ਕਿਤੇ ਹੈ ਹੀ ਨਹੀਂ, ਉਹ ਤਾਂ ਸਾਡੇ ਜੀਵਨ ਦਾ ਹਿੱਸਾ ਹੀ ਨਹੀਂ ਹੈ। ਸਾਨੂੰ ਇਹ ਦੱਸਿਆ ਹੀ ਨਹੀਂ ਜਾਂਦਾ ਕਿ ਅੰਦਰ ਕਿਸ ਤਰ੍ਹਾਂ ਜਾਣਾ ਹੈ, ਆਪਣੇ ਅੰਦਰ ਕਿਵੇਂ ਝਾਤੀ ਮਾਰਨੀ ਹੈ, ਪ੍ਰਮਾਤਮਾ ਨੂੰ ਕਿਵੇਂ ਆਪਣੀ ਆਤਮਾ ਵਿਚ ਦੇਖਣਾ ਹੈ, ਕਿਵੇਂ ਅੰਦਰੋਂ ਪੁਸ਼ਟੀ ਲੈਣੀ ਹੈ, ਸੰਪੂਰਨ ਹੋਣਾ ਹੈ।

ਆਪਣੇ ਆਪ ਨੂੰ ਜਾਨਣ ਲਈ ਤੁਹਾਨੂੰ ਕਿਤੇ ਜਾਣਾ ਨਹੀਂ ਪੈਂਦਾ, ਤੁਹਾਨੂੰ ਸਮੱਸਤ ਤੋਂ ਸੂਖਮ ਤੇ ਜਾਣਾ ਪੈਂਦਾ ਹੈ, ਫੇਰ ਉਸ ਤੋਂ ਅੱਗੇ ਹੋਰ ਸੂਖਮ ਤਕ ਤੇ ਅੰਤ ਵਿਚ ਕੇਵਲ ਸੂਖਮ ਤੇ ਜੋ ਜੀਵਨ ਦਾ ਤੱਤ ਹੈ, ਤੁਹਾਨੂੰ ਆਪਾ ਚੀਨ ਕੇ ਅੰਦਰ ਜਾ ਕੇ ਲੱਭਣਾ ਪੈਂਦਾ ਹੈ, ਖੋਜਣਾ ਪੈਂਦਾ ਹੈ, ਤੁਹਾਨੂੰ ਅਭਿਆਸ ਕਰਨਾ ਪੈਂਦਾ ਹੈ, ਅਭਿਆਸ ਹੋਰ ਅਭਿਆਸ।

## ਅਧਿਆਇ 19

### ਪਹਾੜਾਂ ਵਲ ਜਾਣਾ

ਮੈਂ ਇਕ ਘਾਟੀ ਵਿਚ ਖੜ੍ਹਾ ਹਾਂ ਤੇ ਮੇਰੇ ਆਏ ਦੁਆਲੇ ਸਾਰੇ ਪਹਾੜ ਹੀ ਪਹਾੜ ਹਨ। ਪੰਜਾਹ ਫੁੱਟ ਮੇਰੇ ਅੱਗੇ ਹਾਥੀ ਦੀ ਸਕਲ ਦੀਆਂ ਲੰਮੀਆਂ-ਲੰਮੀਆਂ ਲਾਈਨਾਂ ਇਕ ਮੇਰੇ ਸੱਜੇ ਪਾਸੇ, ਇਕ ਮੇਰੇ ਖੱਬੇ ਪਾਸੇ ਖੜ੍ਹੀਆਂ ਹਨ। ਸਵਾਮੀ ਜੀ ਮੈਨੂੰ ਕਹਿ ਰਹੇ ਹਨ ਕਿ ਮੈਂ ਜਾ ਕੇ ਜਾਨਵਰਾਂ ਨੂੰ ਮਿਲਾਂ। ਜਿਸ ਤਰ੍ਹਾਂ ਹੀ ਮੈਂ ਉਨ੍ਹਾਂ ਕੋਲ ਜਾਂਦਾ ਹਾਂ, ਉਹ ਆਪਣਾ ਸਿਰ ਮੇਰੇ ਅੱਗੇ ਝੁਕਾ ਦਿੰਦੇ ਹਨ। ਮੈਂ ਉਨ੍ਹਾਂ ਦੇ ਅੱਗੇ ਹੱਥ ਜੋੜ ਕੇ ਉਨ੍ਹਾਂ ਨੂੰ ਜਵਾਬ ਦਿੰਦਾ ਹਾਂ ਤੇ ਮੈਂ ਬਹੁਤ ਹੀ ਅੱਛਾ ਮਹਿਸੂਸ ਕਰ ਰਿਹਾ ਹਾਂ। ਮੈਨੂੰ ਬੜਾ ਆਰਾਮ ਮਿਲ ਰਿਹਾ ਹੈ। ਬਹੁਤ ਦੂਰ ਬਰਫ ਦੇ ਢਕੇ ਦੋ ਪਹਾੜ ਨਜ਼ਰ ਆ ਰਹੇ ਹਨ। ਦੋ ਚੋਟੀਆਂ ਪਿਛੋਂ ਮੈਨੂੰ ਸਵਾਮੀ ਜੀ ਦੀ ਆਵਾਜ਼ ਸੁਣ ਰਹੀ ਹੈ, ਤੂੰ ਇਹ ਪਹਾੜ ਜ਼ਰੂਰ ਚੜ੍ਹੀਂ।

ਇਸ ਸੁਪਨੇ ਦੇ ਤਿੰਨ ਸਾਲ ਬਾਅਦ ਥਰੀਸਾ ਤੇ ਮੈਂ ਅਸੀਂ ਨੇਪਾਲ ਪਹੁੰਚੇ, ਸਾਨੂੰ ਰਾਜ ਘਰਾਣੇ ਵਲੋਂ ਸਦਾ ਆਇਆ ਸੀ ਕਿ ਅਸੀਂ ਆ ਕੇ ਆਪਣੇ ਧਰਮ ਦੇ ਬੱਚਿਆਂ ਨੂੰ ਦੇਖੀਏ। ਅਸੀਂ ਇਹ ਸਦਾ ਟਾਲ ਨਹੀਂ ਸਕਦੇ ਸੀ। ਉਤਰਦਿਆਂ ਹੀ ਸਾਨੂੰ ਰਾਜਕੁਮਾਰ ਮੋਹਨ ਮਿਲੇ ਉਹ ਆਪਣੀ ਲਾਲ ਰੰਗ ਦੀ ਸਪੋਰਟਕਾਰ ਵਿਚ ਆਏ ਹੋਏ ਸੀ। ਸਾਨੂੰ ਛੇਤੀ-ਛੇਤੀ ਹੀ ਹਵਾਈ ਅੱਡੇ ਤੋਂ ਬਾਹਰ ਲੈ ਆਂਦਾ ਗਿਆ। ਜਦੋਂ ਕਿ ਦੂਸਰੇ ਪਾਸੇ ਸੈਲਾਨੀਆਂ ਦੀਆਂ ਲਾਈਨਾਂ ਲੱਗੀਆਂ ਪਈਆਂ ਸੀ। ਬੜੇ ਹੀ ਕਰੜੇ ਚਿਹਰੇ ਵਾਲੇ ਅਫਸਰ ਇਕ ਪਾਸੇ ਖੜ੍ਹੇ ਸੀ। ਅਸੀਂ ਸਭ ਕੁਝ ਲੰਘ ਕੇ ਬਾਹਰ ਆ ਗਏ ਤੇ ਕਾਰ ਵਿਚ ਬੈਠ ਕੇ ਕਾਠਮੰਡੂ ਤੁਰ ਪਏ ਇਸ ਤਰ੍ਹਾਂ ਲਗ ਰਿਹਾ ਸੀ ਅਸੀਂ Indiana jones ਜਾ ਰਹੇ ਹਾਂ।

ਨੇਪਾਲ ਦੀ ਪੁਰਾਣੀ ਰਾਜਧਾਨੀ ਕਠਮੰਡੂ ਪਹਾੜਾਂ ਦੀ ਘਾਟੀ ਵਿਚ ਸਥਿਤ ਹੈ ਤੇ ਬਰਫ ਦੀਆਂ ਚੋਟੀਆਂ ਨਾਲ ਘਿਰਿਆ ਹੋਇਆ ਹੈ। ਚੋਟੀਆਂ ਫੈਕਟਰੀਆਂ ਦੇ ਧੂਏਂ ਨਾਲ ਤੇ ਹਵਾਈ ਅੱਡੇ ਦੇ ਵਿਚ ਇਕ ਬੱਦਲ ਦੀ ਤਰ੍ਹਾਂ ਲਗ ਰਹੀਆਂ ਸੀ। ਉਹ ਧੂਆਂ ਜਿਵੇਂ ਮੇਰੇ ਅੰਦਰ ਹੀ ਵੜ ਗਿਆ ਹੋਵੇ ਤੇ ਥੋੜ੍ਹੇ ਦਿਨਾਂ ਬਾਅਦ ਮੈਨੂੰ ਐਸੀ ਸਿਰ ਦਰਦ

ਹੋਈ ਜਿਹੜੀ ਸ਼ਾਇਦ ਮੈਨੂੰ ਸਾਰੀ ਜ਼ਿੰਦਗੀ ਨਹੀਂ ਹੋਈ। ਮਿਲਣ ਤੋਂ ਬਾਅਦ ਰਾਜਕੁਮਾਰੀ ਨੇ ਨਰਸਾਂ ਨੂੰ, ਬੱਚਿਆਂ ਨੂੰ ਅੰਦਰ ਲਿਆਉਣ ਨੂੰ ਕਿਹਾ। ਹੁਣ ਉਹ ਅੱਠ ਮਹੀਨੇ ਦੇ ਹੋ ਗਏ ਸੀ ਤੇ ਬੜੇ ਹੀ ਚੁਸਤ ਮੋਟੀਆਂ ਮੋਟੀਆਂ ਅੱਖਾਂ ਨਾਲ ਦੇਖ ਰਹੇ ਸੀ। ਮਨੂਜਾ ਵਧੇਰੇ ਚੁਸਤ ਲਗ ਰਹੀ ਸੀ, ਵਧੇਰੇ ਖਪ ਪਾਉਣ ਵਾਲੀ ਧਿਆਨ ਆਪਣੇ ਵਲ ਅਕਰਸ਼ਿਤ ਕਰਨ ਵਾਲੀ ਸੀ ਤੇ ਉਹ ਆਪਣੇ ਆਲੇ-ਦੁਆਲੇ ਨੂੰ ਜਾਨਣਾ ਚਾਹੁੰਦੀ ਸੀ। ਸਭ ਕੁਝ ਦੇਖਣਾ ਚਾਹੁੰਦੀ ਸੀ ਪਰ ਉਸ ਦਾ ਭਰਾ ਹਿਮਾਵਨ ਚੁੱਪ-ਚਾਪ ਜਿਵੇਂ ਕੋਈ ਸੰਤੁਸ਼ਟ ਹੋਵੇ। ਆਪਣੇ ਆਪ ਵਿਚ ਹੋਵੇ, ਸ਼ਾਂਤ ਇਹ ਦੋਨੋਂ ਬੱਚੇ ਨੈਪਾਲ ਦੇ ਇਤਿਹਾਸ ਵਿਚ ਇਕ ਵੱਖਰੀ ਹੀ ਥਾਂ ਰਖਦੇ ਹਨ। ਇਹ ਰਾਜਸੀ ਘਰਾਣੇ ਦੇ ਪਹਿਲੇ ਬੱਚੇ ਸੀ। ਇਹ ਪਹਿਲੇ ਬੱਚੇ ਸੀ ਜਿਹੜੇ ਨੇਪਾਲ ਤੋਂ ਬਾਹਰ ਪੈਦਾ ਹੋਏ ਸੀ ਤੇ ਉਦੋਂ ਪੈਦਾ ਹੋਏ ਸੀ ਜਦੋਂ ਇਥੇ ਦੇ ਡਾਕਟਰਾਂ ਨੇ ਜਵਾਬ ਦੇ ਦਿਤਾ ਸੀ।

ਸਾਨੂੰ ਇਕ ਬਹੁਤ ਸੋਹਣੇ ਕਮਰੇ ਵਿਚ ਠਹਿਰਾਇਆ ਗਿਆ। ਉਹ ਥੱਲੇ ਵਾਲੀ ਮੰਜ਼ਿਲ ਵਿਚ ਹੀ ਸੀ ਇਸ ਨੂੰ 'ਸ਼ੋਭਾ ਗ੍ਰਹਿ' ਕਹਿੰਦੇ ਹਨ। ਸਾਡੇ ਲਈ ਨੈਪਾਲ ਦੇਖਣ ਦਾ ਬਹੁਤ ਹੀ ਸੋਹਣਾ ਪ੍ਰਬੰਧ ਕੀਤਾ ਗਿਆ ਸੀ ਤੇ ਸਾਡੇ ਮਨ ਪਰਚਾਵੇ ਲਈ ਵੀ ਬਹੁਤ ਇੰਤਜ਼ਾਮ ਕੀਤਾ ਗਿਆ ਸੀ। ਸਾਡੇ ਮੇਜ਼ਬਾਨਾਂ ਨੇ ਸਾਡੇ ਲਈ ਸਭ ਕੁਝ ਕਰਕੇ ਰੱਖਿਆ ਹੋਇਆ ਸੀ। ਪਰ ਅਸੀਂ ਬੇਨਤੀ ਕੀਤੀ ਕਿ ਅਸੀਂ ਪਹਿਲੇ ਸਵਾਮੀ ਜੀ ਨੂੰ ਮਿਲਣਾ ਚਾਹਵਾਂਗੇ।

1981 ਦੀ ਪੱਤਝੜ ਵਿਚ ਸਵਾਮੀ ਜੀ ਨੈਪਾਲ ਪਹੁੰਚ ਚੁੱਕੇ ਸੀ। ਸਵਾਮੀ ਜੀ ਨੂੰ ਇਕਾਂਤ ਚਾਹੀਦਾ ਸੀ ਤੇ ਇਕੱਲੀ ਥਾਂ ਚਾਹੀਦੀ ਸੀ ਜਿਥੇ ਉਹ ਯੋਗਾ ਦਾ ਅਭਿਆਸ ਪੂਰੀ ਤਰ੍ਹਾਂ ਕਰ ਸਕਦੇ ਤੇ ਆਪਣੇ ਨਾੜੀ ਤੰਤਰ ਨੂੰ ਤਾਕਤ ਦੇ ਸਕਦੇ ਤੇ ਅੰਦਰ ਵਗਦੇ ਖ਼ੂਨ ਨੂੰ ਰੋਕ ਸਕਦੇ। ਸਵਾਮੀ ਜੀ ਦੇ ਇਕ ਸ਼ਿਸ਼ ਦਾ ਹੋਟਲ ਸੀ ਜਿਸਨੂੰ 'ਯਾਕ ਤੇ ਯਤੀ' ਕਹਿੰਦੇ ਹਨ ਇਹ ਕਠਮੰਡੂ ਵਿਚ ਹੈ। ਉਸ ਨੇ ਸਵਾਮੀ ਜੀ ਨੂੰ ਉਸ ਵਿਚ ਕਮਰਾ ਦੇ ਦਿਤਾ, ਜਦੋਂ ਸਵਾਮੀ ਜੀ ਨੇ ਸੁਣਿਆ ਕਿ ਇਥੇ ਦੇ ਲੋਕ ਕਹਿੰਦੇ ਹਨ ਕਿ ਥੱਲੇ ਦੀ ਮੰਜ਼ਿਲ ਵਿਚ ਭੂਤ ਰਹਿੰਦੇ ਹਨ ਸਵਾਮੀ ਜੀ ਨੇ ਉਥੇ ਹੀ ਕਮਰਾ ਮੰਗਿਆ। ਹੋਟਲ ਦਾ ਕੋਈ ਵੀ ਬੰਦਾ ਉਥੇ ਜਾ ਕੇ ਸਵਾਮੀ ਜੀ ਨੂੰ ਦੇਖਣ ਨੂੰ ਜਾਂ ਕੁਝ ਪੁੱਛਣ ਨੂੰ ਤਿਆਰ ਨਹੀਂ ਸੀ। ਹੋਟਲ ਵਿਚ ਕੰਮ ਕਰਦੇ ਵੀ ਉਥੇ ਨਹੀਂ ਸੀ ਜਾਣਾ ਚਾਹੁੰਦੇ, ਡਰਦੇ ਸੀ। ਸਵਾਮੀ ਜੀ ਆਰਾਮ ਕਰਦੇ, ਆਪਣਾ ਅਭਿਆਸ ਕਰਦੇ, ਲਿਖਦੇ, ਹੋਟਲ ਦੇ ਬਗੀਚੇ ਦੀ ਦੇਖਭਾਲ ਕਰਦੇ ਜੋ ਕਿ ਵਧਾਇਆ ਜਾ ਰਿਹਾ ਸੀ ਤੇ ਨਾਲ ਆਪਣੇ ਅਗਲੇ ਪ੍ਰੋਜੈਕਟ ਤੇ ਕੰਮ ਕਰਦੇ, ਉਹ ਸੀ ਨੇਪਾਲ ਵਿਚ ਆਸ਼ਰਮ ਬਨਾਣਾ, ਹੰਸਡਾ ਆਸ਼ਰਮ।'

ਸਵਾਮੀ ਜੀ ਨੂੰ ਪਹਿਲਾਂ ਤੋਂ ਹੀ ਵੰਗਾਰੇ ਜਾਣਾ ਬਹੁਤ ਚੰਗਾ ਲਗਦਾ ਸੀ। ਇਥੇ ਵੀ ਇਹੋ ਜਿਹੀ ਪ੍ਰਸਥਿਤੀ ਬਣ ਗਈ। ਰਾਜ ਘਰਾਣੇ ਨੇ ਸਵਾਮੀ ਜੀ ਨੂੰ ਇਕ ਪਹਾੜੀ ਤੇ ਥਾਂ ਦਿਤੀ ਸੀ। ਉਸ ਪਹਾੜੀ ਤੇ ਝਾੜੀਆਂ ਲੱਗੀਆਂ ਹੋਈਆਂ ਸੀ ਤੇ ਦੂਰ ਦੂਰ ਕਰਕੇ ਪੱਥਰ ਦੀਆਂ ਚਟਾਨਾਂ ਵੀ ਸੀ। ਸਾਰੀ ਜ਼ਮੀਨ ਕੋਈ 5600 ਫੁੱਟ ਦੀ ਉਚਾਈ ਤੇ ਸੀ। ਐਨੀ ਉਚਾਈ ਸਿਹਤ ਲਈ ਬਿਲਕੁਲ ਠੀਕ ਅਨੁਕੂਲ ਤੇ ਸੋਹਣੀ ਮੰਨੀ ਜਾਂਦੀ ਹੈ। ਇਹ ਜ਼ਮੀਨ ਸ਼ਹਿਰ ਤੋਂ ਪੂਰਬ ਵਲ ਸੀ ਤੇ ਕੋਈ 12 ਮੀਲ ਦੂਰ ਸੀ। ਉਸ ਦੇ ਨੇੜੇ ਬਾਨੇਪਾ ਨਗਰ ਲਗਦਾ ਸੀ ਤੇ ਇਹ ਪੁਰਾਣੇ ਸਮੇਂ ਦੀ ਰੇਸ਼ਮ ਦੀ ਸੜਕ ਦੇ ਨੇੜੇ ਸੀ। ਪੁਰਾਣੇ ਸਮੇਂ ਜਦੋਂ ਸੌਦਾਗਰ ਰੇਸ਼ਮ ਲੈ ਕੇ ਦੂਸਰੇ ਦੇਸਾਂ ਤੋਂ ਆਉਂਦੇ ਸੀ। ਹੋਰ ਚੀਜ਼ ਦੂਸਰੇ ਦੇਸ਼ਾਂ ਤੋਂ ਲੈ ਕੇ ਆਉਂਦੇ ਸੀ। ਉਤੇ ਪਹਾੜ ਤਕ ਕੋਈ ਸੜਕ ਨਹੀਂ ਸੀ ਕੇਵਲ ਪਗਡੰਡੀਆਂ ਹੀ ਸੀ ਤੇ ਥੱਲੇ ਇਕ ਛੋਟਾ ਜਿਹਾ ਪਿੰਡ ਸੀ। ਸਵਾਮੀ ਜੀ ਨੇ ਇਥੇ ਹੀ ਇਕ ਨਵਾਂ ਅਧਿਆਤਮਕ ਸਮਾਜ ਦਾ ਨਿਰਮਾਣ ਕਰਨਾ ਸੋਚਿਆ।

ਇਕ ਕੋਨ ਦੀ ਸਕਲ ਦੀ ਥਾਂ ਹੋਣ ਕਰਕੇ ਜੋ ਸਵਾਮੀ ਜੀ ਨੇ ਚੰਗੀ ਤਰ੍ਹਾਂ ਜਾਂਚ ਲਿਆ ਸੀ। ਸਵਾਮੀ ਜੀ ਨੇ ਚੜ੍ਹਾਈ ਨੂੰ ਪੁਲ ਦੀ ਸ਼ਕਲ ਦੇ ਕੇ ਪੂਰਾ ਨਕਸ਼ਾ, ਪੂਰਾ ਡੀਜ਼ਾਈਨ ਬਣਾਇਆ। ਆਸੇ ਪਾਸੇ ਦਰਖਤ ਝਾੜੀਆਂ ਜੋ ਕੁਝ ਪੁਰਾਣਾ ਰਹਿ ਸਕਦਾ ਸੀ। ਨਹੀਂ ਤਾਂ ਨਵਾਂ ਲਗਾਉਣ ਦਾ ਪਲੈਨ ਬਣਾਇਆ। ਫੇਰ ਥਾਂ ਨੂੰ ਪੱਧਰਾ ਕਰਕੇ ਇੱਟਾਂ ਦੇ ਕਮਰੇ ਬਣੇ, ਸਾਰੇ ਕਮਰੇ ਦੋ ਵਿਹੜਿਆਂ ਵਿਚ ਬਣਾਏ ਗਏ। ਸਾਰੇ ਆਲੇ ਦੁਆਲੇ ਸਬਜ਼ੀ ਉਗਾਣੀ ਸ਼ੁਰੂ ਕੀਤੀ ਗਈ। ਹੋਰ ਖਾਣ ਦੀਆਂ ਚੀਜ਼ਾਂ ਜੋ ਵੀ ਉਗਾਈਆਂ ਜਾ ਸਕਦੀਆਂ ਸੀ ਉਹ ਕੀਤੀਆਂ ਗਈਆਂ ਫੁੱਲ ਪੌਦੇ ਲਗਾਏ ਗਏ। ਇਕ ਜਾਦੂ ਵਰਗੀ ਘਟਨਾ ਇਹ ਸੀ ਕਿ ਆਸ਼ਰਮ ਲਈ ਪਾਣੀ ਇਕੱਠਾ ਕੀਤਾ ਜਾਣ ਲੱਗਾ। ਐਨਾ ਸੋਹਣਾ ਨਜ਼ਾਰਾ ਸੀ ਕਿ ਤੁਸੀਂ ਸਵੇਰ ਦੇ ਵੇਲੇ ਨਾਸ਼ਤਾ ਕਰਦਿਆਂ ਸੰਸਾਰ ਦੇ ਸਭ ਤੋਂ ਉਚੇ ਪਹਾੜ ਦਾ ਦ੍ਰਿਸ਼ ਮਾਣ ਸਕਦੇ ਸੀ। ਜੇ ਚਾਹੋ ਤਾਂ ਥੱਲੇ ਜਾਂਦੀ ਸੜਕ ਦਾ ਨਜ਼ਾਰਾ ਵੀ ਦੇਖ ਸਕਦੇ ਸੀ। ਜਿਵੇਂ ਹੀ ਦੋ ਕੁ ਕਮਰੇ ਤਿਆਰ ਹੋਏ ਸਵਾਮੀ ਜੀ ਉਥੇ ਆਸ਼ਰਮ ਚਲੇ ਗਏ ਤੇ ਉਥੇ ਰਹਿ ਕੇ ਸਾਰਾ ਕੰਮ ਕਾਜ ਦੇਖਣ ਲੱਗੇ। ਕੀ ਬਨਾਣਾ ਹੈ, ਕਿਵੇਂ ਬਨਾਣਾ ਹੈ। ਸਵਾਮੀ ਜੀ ਨੇ ਇੱਟਾਂ ਧਰਤੀ ਵਿਚ ਗੱਡੀਆਂ ਤੇ ਫੁਲਵਾੜੀਆਂ ਤਿਆਰ ਕਰਵਾਈਆਂ। ਕੰਮ ਕਰਨ ਵਾਲਿਆਂ ਲਈ ਉਹ ਖਾਸ ਤਰ੍ਹਾਂ ਦੀ ਰੋਟੀ ਤਿਆਰ ਕਰਦੇ। ਚੰਦਨ ਸਰੂਪ ਸਵਾਮੀ ਜੀ ਦੀ ਇਕ ਨਵੀਂ ਸ਼ਿਸ਼ ਜਿਹੜੀ

ਦਿੱਲੀ ਤੋਂ ਇਕ ਚੰਗੀ ਨੌਕਰੀ ਛੱਡ ਕੇ ਆਈ ਸੀ। ਉਸ ਨੇ ਆਸ਼ਰਮ ਨੂੰ ਸਜਾਉਣ ਵਿਚ ਬਹੁਤ ਸਹਾਇਤਾ ਕੀਤੀ। ਉਸ ਦਾ ਹੋਟਲ ਦਾ ਅਨੁਭਵ ਹੋਣ ਕਰਕੇ ਉਸ ਨੇ ਬਹੁਤ ਸੋਹਣੀ ਤਰ੍ਹਾਂ ਸਾਰਾ ਸਜਾਇਆ ਤੇ ਆਸ਼ਰਮ ਨੂੰ ਚਲਾਣਾ ਸ਼ੁਰੂ ਕੀਤਾ। ਥੋੜ੍ਹੀ ਦੇਰ ਬਾਅਦ ਸਵਾਮੀ ਜੀ ਨੇ ਬਾਹਰ ਤੋਂ ਸ਼ਿਸ਼ ਬੁਲਾਏ ਉਨ੍ਹਾਂ ਨੂੰ ਇਥੇ ਆ ਕੇ ਰਹਿਣ ਦਾ ਸੱਦਾ ਦਿਤਾ। ਉਸ ਲਈ ਬੜੀ ਮਿਹਨਤ ਕਰਨੀ ਪਈ। ਚਾਰਲਸ, ਫਿਲ ਆਏ, ਉਹ ਆਪਣੇ ਨਾਲ ਬਹੁਤ ਸਾਰੀਆਂ ਚੀਜ਼ਾਂ ਲੈ ਕੇ ਆਏ। ਕਾਫੀ ਸਾਮਾਨ ਜੋ ਸਵਾਮੀ ਜੀ ਨੂੰ ਚਾਹੀਦਾ ਸੀ। ਸੰਸਕ੍ਰਿਤੀ ਤੇ ਗੋਪਾਲ ਆਪਣੇ ਛੋਟੇ ਜਿਹੇ ਬੱਚੇ ਨੂੰ ਲੈ ਕੇ ਆਏ। ਡਾ. ਅਗਨੀਹੋਤਰੀ ਤੇ ਵਿਰਾਟ ਸਵਾਮੀ ਜੀ ਦੀ ਸਹਾਇਤਾ ਲਈ ਆਏ। ਹਰ ਕੋਈ ਸਵਾਮੀ ਜੀ ਦੇ ਨੇੜੇ ਨੇੜੇ ਰਹਿਣਾ ਚਾਹੁੰਦਾ ਸੀ ਪਰ ਹਰ ਕੋਈ ਆਸ਼ਰਮ ਵਿਚ ਰਹਿ ਕੇ ਤੇ ਸੋਹਣੇ ਚੌਗਿਰਦੇ ਨੂੰ ਮਾਣ ਰਹੇ ਸੀ। ਕੁਦਰਤ ਦਾ ਸੁਹੱਪਣ ਸਾਰਿਆਂ ਨੂੰ ਲੁਭਾ ਰਿਹਾ ਸੀ। ਬਹੁਤ ਸਾਰੇ ਪਤਵੰਤੇ ਸੱਜਣ ਹੋਰ ਵੱਡੇ-ਵੱਡੇ ਲੋਕ ਆਉਂਦੇ ਤੇ ਸਵਾਮੀ ਜੀ ਦੀ ਸਲਾਹ ਲੈ ਕੇ ਉਨ੍ਹਾਂ ਦਾ ਆਸ਼ੀਰਵਾਦ ਲੈ ਕੇ ਜਾਂਦੇ। ਨੈਪਾਲ ਦੀ ਰਾਜ ਸਭਾ ਦੇ ਕਈ ਸੱਜਣ ਆਉਂਦੇ ਸਵਾਮੀ ਜੀ ਨਾਲ ਗੱਲਬਾਤ ਕਰਕੇ ਸਵਾਮੀ ਜੀ ਦੀਆਂ ਅਸੀਸਾਂ ਲੈ ਕੇ ਚਲੇ ਜਾਂਦੇ। ਭਾਰਤੀ ਰਾਜ ਦੂਤ ਉਸ ਦੇ ਦਫਤਰ ਦੇ ਸੱਜਣ ਤਾਂ ਬਹੁਤ ਹੀ ਆਉਂਦੇ ਸੀ। ਪੱਛਮੀ ਰਾਜਾਂ ਦੇ ਨੇਤਾਂ ਰਾਜਨੀਤਿਕ ਜਾਪਾਨ ਦੇ ਵਪਾਰੀ ਹਵਾਈ ਜਹਾਜ਼ਾਂ ਤੇ ਆਉਂਦੇ। ਰਾਜੀਵ ਗਾਂਧੀ ਬਹੁਤ ਵਾਰੀ ਆਇਆ ਤੇ ਆਪਣੀ ਮਾਤਾ ਦੇ ਗੁਰੂ ਤੋਂ ਕਈ ਮਾਮਲਿਆਂ ਤੇ ਸਲਾਹ ਲਈ।

ਸਵਾਮੀ ਜੀ ਥਰੀਸਾ ਨੂੰ ਤੇ ਮੈਨੂੰ ਮਿਲਣ ਤੋਂ ਦੋ ਦਿਨਾਂ ਬਾਅਦ ਆਏ। ਰਾਜਕੁਮਾਰੀ ਸ਼ੋਭਾ ਨੇ ਬੱਚਿਆਂ ਨੂੰ ਸੋਫੇ ਤੇ ਲਿਟਾਇਆ ਤੇ ਸਵਾਮੀ ਜੀ ਨੂੰ ਜੀ ਆਇਆਂ ਕਹਿਣ ਚਲੀ ਗਈ। ਜਿਵੇਂ ਹੀ ਸਵਾਮੀ ਜੀ ਅੰਦਰ ਆਏ ਦੋਨੋਂ ਬੱਚੇ ਉਠ ਕੇ ਬੈਠੇ ਤੇ ਦੋਨਾਂ ਨੇ ਸਿਰ ਨੀਵਾਂ ਕਰਕੇ ਜਿਵੇਂ ਸਵਾਮੀ ਜੀ ਨੂੰ ਮੱਥਾ ਟੇਕਿਆ। ਜਿਵੇਂ ਉਹ ਜਾਣਦੇ ਹੋਣ ਕਿ ਸਵਾਮੀ ਜੀ ਹੀ ਉਨ੍ਹਾਂ ਨੂੰ ਇਸ ਰਾਜਸੀ ਪਰਿਵਾਰ ਵਿਚ ਲੈ ਕੇ ਆਏ ਹਨ।

ਅਸੀਂ ਸਵਾਮੀ ਜੀ ਨੂੰ ਮਿਲ ਕੇ ਬਹੁਤ ਉਤਸ਼ਾਹਤ ਹੋਏ। ਅਸੀਂ ਆਪਣੇ ਵਿਚ ਸਮਾਅ ਨਹੀਂ ਸੀ ਰਹੇ। ਸਾਰਾ ਦਿਨ ਅਸੀਂ ਸਵਾਮੀ ਜੀ ਨਾਲ ਕੱਟਿਆ। ਅਨਪੂਰਨਾ ਰੈਸਟੋਰੈਂਟ ਵਿਚ ਅਸੀਂ ਦੁਪਹਿਰ ਦੀ ਰੋਟੀ ਖਾਧੀ। ਯਾਕ ਤੇ ਯੇਹੀ ਵਿਚ ਸ਼ਾਮ ਦੀ ਚਾਹ ਪੀਤੀ। ਉਥੇ ਦੇ ਬਾਗ ਵਿਚ ਆਰਾਮ ਕੀਤਾ। ਸਾਰਾ ਸਮਾਂ ਅਸੀਂ ਸਵਾਮੀ ਜੀ ਦੀਆਂ ਆਪ ਬੀਤੀਆਂ ਸੁਣਦੇ ਰਹੇ। ਸਵਾਮੀ ਜੀ ਨੇ ਕੀ ਕੀ ਕੀਤਾ ਕਿਵੇਂ ਕੀਤਾ। ਸਵਾਮੀ ਜੀ ਖੁਸ਼ ਲਗ ਰਹੇ ਸੀ। ਸਵਾਮੀ ਜੀ ਦਾ ਸਰੀਰ ਵੀ ਸੁਅਸਥ ਲਗ ਰਿਹਾ ਸੀ, ਜਦੋਂ ਅਸੀਂ ਅਮਰੀਕਾ ਉਨ੍ਹਾਂ ਨੂੰ ਜਹਾਜ਼ ਤੇ ਚੜ੍ਹਾਇਆ ਉਸ ਨਾਲੋਂ ਬਹੁਤ ਹੀ ਠੀਕ ਲਗ ਰਹੇ ਸੀ। ਕੇਵਲ ਇਕ ਹੀ ਘਟਨਾ ਸੀ ਜਿਸ ਨਾਲ ਸਾਨੂੰ ਉਦਾਸੀ ਲੱਗੀ, ਉਹ ਸੀ ਸਵਾਮੀ ਜੀ ਦੇ ਪਿਆਰੇ ਗੁਰੂਦੇਵ ਨੇ ਸਰੀਰ ਛੱਡ ਦਿਤਾ ਸੀ। ਉਨ੍ਹਾਂ ਨੇ ਆਪਣੇ ਕੁਝ ਸਾਲ ਸਵਾਮੀ ਜੀ ਨੂੰ ਦੇ ਦਿਤੇ ਸੀ ਤਾਂ ਜੋ ਸਵਾਮੀ ਜੀ ਹੋਰ ਜਨ ਭਲਾਈ ਦਾ ਕੰਮ ਕਰ ਸਕਣ। ਉਸ ਘਟਨਾ ਤੇ ਸਵਾਮੀ ਜੀ ਉਦਾਸ ਸੀ। ਅਗਲੇ ਕੁਝ ਮਿੰਟ ਅਸੀਂ ਗੁਰੂਦੇਵ ਦੀਆਂ ਗੱਲਾਂ ਕਰਦੇ ਰਹੇ। ਕੁਝ ਸਾਲ ਪਹਿਲਾਂ ਸਵਾਮੀ ਜੀ ਨੇ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਉਹ ਸਾਨੂੰ ਗੁਰੂਦੇਵ ਦੇ ਦਰਸ਼ਨ ਕਰਾਉਣਗੇ। ਮੈਂ ਆਪਣੇ ਮਨ ਵਿਚ ਸੋਚਣ ਲਗ ਪਿਆ ਕੀ ਹੁਣ ਇਹ ਹੋ ਸਕੇਗਾ?

ਏਸ ਤੋਂ ਬਾਅਦ ਸਵਾਮੀ ਜੀ ਹੋਟਲ ਦੀ ਗਹਿਣਿਆਂ ਦੀ ਦੁਕਾਨ ਤੇ ਪਹੁੰਚ ਗਏ ਤੇ ਥਰੀਸਾ ਲਈ ਟੋਪਸ, ਨੈਕਲੇਸ, ਚੂੜੀਆਂ, ਮੁੰਦਰੀ ਲੈ ਕੇ ਦੇਣ ਲੱਗੇ। ਥਰੀਸਾ ਨੂੰ ਪੁਛ ਰਹੇ ਸੀ ਤੈਨੂੰ ਕੀ ਚੰਗਾ ਲਗ ਰਿਹਾ ਹੈ। ਸਵਾਮੀ ਜੀ ਜ਼ੋਰ ਪਾ ਕੇ ਕਹਿ ਰਹੇ ਸੀ ਕਿ ਉਹ ਸਾਰਾ ਕੁਝ ਜ਼ਰੂਰ ਲਵੇ ਜੋ ਵੀ ਉਸ ਨੂੰ ਚੰਗਾ ਲਗ ਰਿਹਾ ਹੈ। ਸਵਾਮੀ ਜੀ ਪੁੱਛ ਰਹੇ ਸੀ ਇਹ ਸੋਹਣਾ ਹੈ? ਇਸ ਬਾਰੇ ਕੀ ਵਿਚਾਰ ਹੈ? ਥਰੀਸਾ ਤਾਂ ਚੁੱਪ ਹੀ ਕਰ ਗਈ ਸੀ, ਆਪਣਾ ਸਿਰ ਹਿਲਾ ਰਹੀ ਸੀ ਤੇ ਆਪਣੇ ਅੰਦਰ ਹੀ ਫੈਸਲੇ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਤੇ ਸਵਾਮੀ ਜੀ ਦਾ ਇਹ ਵਾਲਾ ਰੂਪ ਦੇਖ ਕੇ ਹੈਰਾਨ ਹੋ ਰਹੀ ਸੀ। ਜਿਸ ਤਰ੍ਹਾਂ ਹੀ ਦਿਨ ਖਤਮ ਹੋਇਆ। ਸਵਾਮੀ ਜੀ ਨੇ ਸਾਨੂੰ ਰਾਜ ਮਹੱਲ ਵਿਚ ਛੱਡਿਆ ਤੇ ਆਪ ਚਲੇ ਗਏ ਤੇ ਸਾਡੇ ਨਾਲ ਵਾਇਦਾ ਕੀਤਾ ਉਹ ਸਾਡੇ ਨਾਲ ਛੇਤੀ ਹੀ ਦਿਨ ਬਿਤਾਉਣਗੇ। ਸਾਨੂੰ ਕਹਿ ਗਏ ਕਿ ਅਸੀਂ ਰਾਜਸੀ ਪ੍ਰਾਹੁਣਚਾਰੀ ਦਾ ਪੂਰਾ-ਪੂਰਾ ਮਜ਼ਾ ਲਈਏ।

ਜਿਵੇਂ ਦਿਨ ਬੀਤੇ ਅਸੀਂ ਸ਼ਹਿਰ ਵਿਚ ਬਹੁਤ ਘੁੰਮੇ, ਸ਼ਹਿਰ ਦੀਆਂ ਗਲੀਆਂ ਦੇਖੀਆਂ, ਅਣਗਿਣਤ ਮੰਦਰ ਦੇਖੇ। ਦੁਕਾਨਾਂ ਦੇਖੀਆਂ ਉਹ ਸੜਕਾਂ ਦੇਖੀਆਂ ਜਿਹੜੀਆਂ ਦੂਸਰੇ ਸ਼ਹਿਰਾਂ ਨੂੰ ਜਾਂਦੀਆਂ ਸੀ। ਅਸੀਂ ਤਿੱਬਤ ਤੋਂ ਆਏ ਬੋਧੀਆਂ ਨੂੰ ਵੀ ਮਿਲੇ। ਪੁਰਾਣੇ ਚੌਂਕ ਦੇਖੇ ਜਿਹੜੇ ਬਾਜ਼ਾਰ ਲਗਦੇ ਉਹ ਵੀ ਦੇਖੇ। ਨੈਪਾਲ ਦੇ ਪੁਰਾਣੇ ਲੋਕ ਆਪਣੇ ਪੁਰਾਣੇ ਕਿਸਮ ਦੇ ਕਪੜੇ ਪਾ ਕੇ ਨਚਦੇ ਦੇਖੇ, ਸਾਨੂੰ ਸਭ ਕੁਝ ਚੰਗਾ ਲਗ ਰਿਹਾ ਸੀ। ਸਾਨੂੰ ਲੋਕਾਂ ਦਾ ਸਾਦਾ ਪਨ ਉਨ੍ਹਾਂ ਦੀ ਸ਼ਰਧਾ ਬਹੁਤ ਹੀ ਵਧ ਦਿਸੀ। ਗਰੀਬੀ ਉਥੇ ਬਹੁਤ ਸੀ। ਲੋਕਾਂ ਦਾ ਸ਼ੋਸਣ ਵੀ ਬਹੁਤ ਹੀ ਜ਼ਿਆਦਾ ਸੀ।

ਇਕ ਦਿਨ ਰਾਜਾ ਤੇ ਰਾਣੀ ਰਾਜਕੁਮਾਰੀ ਦੇ ਘਰ ਆਏ। ਉਸ ਦਿਨ ਰਾਜ ਕੁਮਾਰੀ ਦਾ ਜਨਮ ਦਿਨ ਸੀ ਤੇ ਨਾਲ ਹੀ ਸਾਨੂੰ ਜੀ ਆਇਆ ਕਹਿਣ ਆਏ ਸੀ। ਪੂਰੀ ਰਾਜਸੀ ਤਰੀਕੇ ਨਾਲ ਸਭ ਕੁਝ ਕੀਤਾ ਗਿਆ। ਸਾਡੇ ਤੋਂ ਬਿਨਾਂ ਬਾਕੀ ਸਾਰੇ ਕੇਵਲ ਰਾਜਸੀ ਪਰਿਵਾਰ ਹੀ ਸੀ। ਜਦੋਂ ਤਕ ਰਾਜਾ ਰਾਣੀ ਨਹੀਂ ਬੈਠੇ, ਕੋਈ ਨਹੀਂ ਬੈਠਿਆ। ਜਦੋਂ ਤਕ ਉਹ ਨਹੀਂ ਬੋਲੇ ਕੋਈ ਨਹੀਂ ਬੋਲਿਆ। ਫੇਰ ਜਦੋਂ ਉਹ ਬੋਲੇ ਤਾਂ ਉਨ੍ਹਾਂ ਨੇ ਸਾਨੂੰ ਆਪਣੇ ਦੇਸ਼ ਬਾਰੇ ਪੁਛਿਆ, ਬੱਚਿਆਂ ਲਈ ਪੁਛਿਆ, ਸਾਡੇ ਬਾਰੇ ਪੁਛਿਆ, ਸਾਡੇ ਪਿਛੋਕੜ ਬਾਰੇ ਪੁਛਿਆ, ਰਾਜਕੁਮਾਰੀ ਦੇ ਨਿਊਯਾਰਕ ਰਹਿਣ ਦੀ ਗੱਲਬਾਤ ਹੁੰਦੀ ਰਹੀ। ਜਿਹੜਾ ਰਾਜਕੁਮਾਰੀ ਦਾ ਇਲਾਜ ਹੋਇਆ ਉਹਦੀ ਗੱਲਬਾਤ ਹੁੰਦੀ ਰਹੀ, ਸਟਰੈਸ ਭਾਵ ਮਾਨਸਿਕ ਬੋਝ ਮਾਨਸਿਕ ਤਨਾਓ ਦੇ ਬਾਰੇ ਗੱਲਬਾਤ ਹੁੰਦੀ ਰਹੀ। ਮੈਂ ਫੇਰ ਯੋਗਾ ਦੇ ਬਾਰੇ ਦੱਸਿਆ। ਧੁਨੀ ਤੋਂ ਸੁਆਸ ਲੈਣ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਬਲੱਡ ਪਰੈਸ਼ਰ ਠੀਕ ਹੋ ਜਾਂਦਾ ਹੈ ਜੇ ਧੁਨੀ ਤੋਂ ਸੁਆਸ ਲਵੋ ਸਾਰੇ ਇਕੱਠੇ ਹੋ ਗਏ। ਪ੍ਰਸ਼ਨ ਪੁੱਛਣ ਲਗ ਪਏ ਤੇ ਅਸੀਂ ਉਤਰ ਦਿੰਦੇ ਰਹੇ। ਸਾਰਾ ਕਮਰਾ ਜਿਸ ਤਰ੍ਹਾਂ ਇਹ ਯੋਗਿਕ ਗੱਲਾਂ ਨਾਲ ਗੂੰਜ ਰਿਹਾ ਹੋਵੇ। ਮੈਨੂੰ ਕਿਹਾ ਗਿਆ ਕਿ ਮੈਂ ਰਾਜੇ ਦੀ ਵੱਡੀ ਭੈਣ ਨੂੰ ਧੁਨੀ ਰਾਹੀਂ ਸੁਆਸ ਕਿਰਿਆ ਸਿਖਾਵਾਂ ਤੇ ਮੈਂ ਵਾਅਦਾ ਕੀਤਾ ਕਿ ਮੈਂ ਇਸ ਬਾਰੇ ਟੇਪ ਬਣਾ ਦਿੰਦਾ ਹਾਂ ਜੋ ਸਾਰਾ ਪਰਿਵਾਰ ਵਰਤ ਸਕਦਾ ਹੈ।

ਗੱਲਬਾਤ ਦਾ ਮਾਹੌਲ ਸ਼ਰਧਾ ਤੇ ਭਰੋਸੇ ਦੀ ਗੱਲਬਾਤ ਵਿਚ ਬਦਲ ਗਿਆ ਤੇ ਪਹਾੜਾਂ ਬਾਰੇ ਗੱਲਬਾਤ ਹੋਣ ਲਗ ਪਈ ਤੇ ਇਹ ਕਿਹਾ ਜਾਣ ਲਗ ਪਿਆ ਕਿ ਯੋਗੀ ਇਨ੍ਹਾਂ ਪਹਾੜਾਂ ਵਿਚ ਸੈਂਕੜੇ ਸਾਲ ਰਹਿੰਦੇ ਰਹੇ ਹਨ। ਉਹ ਸ਼ਾਂਤੀ ਦੀ ਭਾਲ ਵਿਚ ਰਹੇ ਜੋ ਉਨ੍ਹਾਂ ਨੂੰ ਮਿਲੀ ਤੇ ਨਾਲ ਹੀ ਉਨ੍ਹਾਂ ਦੀਆਂ ਗੁਫਾਵਾਂ ਵਿਚ ਉਨ੍ਹਾਂ ਨੂੰ ਪਵਿਤਰਤਾ ਮਿਲੀ। ਪੁਰਾਣੇ ਰਾਜੇ ਰਾਣੀਆਂ ਤਾਂ ਕਈ ਪਹਾੜਾਂ ਦੇ ਰਹਿਣ ਵਾਲੇ ਯੋਗੀਆਂ ਨੂੰ ਜਾਣਦੇ ਵੀ ਸੀ। ਉਨ੍ਹਾਂ ਨੇ ਕੁਝ ਪਹਾੜਾਂ ਤੇ ਲੋਕਾਂ ਦਾ ਜਾਣਾ ਮਨ੍ਹਾ ਵੀ ਕੀਤਾ ਹੋਇਆ ਸੀ ਤਾਂ ਜੋ ਯੋਗੀ ਆਰਾਮ ਨਾਲ ਸ਼ਾਂਤੀ ਪੂਰਵਕ ਰਹਿ ਸਕਣ। ਹੁਣ ਵਾਲਾ ਮਾਹੌਲ ਐਸਾ ਕੁਝ ਨਹੀਂ ਸੀ ਕਰ ਰਿਹਾ। ਰਾਜੇ ਦੀ ਆਵਾਜ਼ ਤੋਂ ਇਸ ਤਰ੍ਹਾਂ ਲਗ ਰਿਹਾ ਸੀ ਕਿ ਉਹ ਇਨ੍ਹਾਂ ਗੱਲਾਂ ਵਿਚ ਵਿਸ਼ਵਾਸ਼ ਨਹੀਂ ਸੀ ਰਖਦਾ।

ਅਸੀਂ ਰਾਜੇ ਨਾਲ ਖਾਣਾ ਖਾਵਾਂਗੇ। ਇਹ ਸਾਨੂੰ ਦੱਸਿਆ ਹੀ ਨਹੀਂ ਸੀ ਗਿਆ। ਪਰ ਇਸ ਤਰ੍ਹਾਂ ਦਾ ਮਾਹੌਲ ਜ਼ਰੂਰ ਚਾਰੋਂ ਪਾਸੇ ਬਣ ਰਿਹਾ ਸੀ ਕਿ ਖਾਣਾ ਉਥੇ ਹੀ ਖਾਣਾ ਹੈ। ਕਿਸੇ ਵੇਲੇ ਸਾਰਾ ਵਾਤਾਵਰਣ ਬੜਾ ਮਜ਼ਹਬੀ ਜਿਹਾ ਰੂਪ ਲੈ ਲੈਂਦਾ। ਕਿਸੇ ਵੇਲੇ ਬੜੇ ਵਹਿਮਾਂ ਭਰਮਾਂ ਵਾਲਾ ਵਾਤਾਵਰਣ ਬਣ ਜਾਂਦਾ। ਨੈਪਾਲ ਦੇ ਲੋਕੀ ਆਪਣੇ ਰਾਜੇ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ ਤੇ ਰਾਣੀ ਨੂੰ ਲਕਸ਼ਮੀ ਦਾ ਅਵਤਾਰ ਮੰਨਦੇ ਹਨ। ਰਾਜੇ ਰਾਣੀ ਨੇ ਸਾਨੂੰ ਪੂਰਾ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਦੀ ਪਰਜਾ ਬਹੁਤ ਹੀ ਸੁਖੀ ਤੇ ਖੁਸ਼ ਹੈ ਤੇ ਰਾਜੇ ਤੇ ਰਾਣੀ ਦੀ ਪੂਜਾ ਕਰਦੀ ਹੈ ਏਸੇ ਵਿਸ਼ਵਾਸ਼ ਨਾਲ ਉਹ ਜੀਉਂਦੇ ਹਨ।

ਏਸ ਤੋਂ ਬਾਅਦ ਰਾਣੀ ਸਵਾਮੀ ਬਾਰੇ ਇਕ ਭਾਸ਼ਣ ਦੇਣ ਲਗ ਪਈ, ਅਸਲੀ ਸਵਾਮੀ ਕਿਸ ਤਰ੍ਹਾਂ ਦੇ ਹੁੰਦੇ ਹਨ ਤੇ ਨਕਲੀ ਸਵਾਮੀ ਕਿਸ ਤਰ੍ਹਾਂ ਦੇ ਹੁੰਦੇ ਹਨ, ਅਸਲੀ ਸਵਾਮੀ ਤਾਂ ਝੌਂਪੜੀਆਂ ਵਿਚ ਰਹਿੰਦੇ ਹਨ, ਉਹ ਕੋਈ ਵੱਡੇ-ਵੱਡੇ ਹੋਟਲਾਂ ਵਿਚ ਨਹੀਂ ਰਹਿੰਦੇ। ਅਸੀਂ ਸਾਧੂ ਸਵਾਮੀ ਤਾਂ ਪੁਰਾਣੇ ਕਪੜੇ ਪਾਉਂਦੇ ਹਾਂ। ਕੋਈ ਸੂਟ ਪਾ ਕੇ ਨਹੀਂ ਫਿਰਦੇ, ਨੰਗੇ ਪੈਰ ਫਿਰਦੇ ਹਨ। ਆਪਣੀ ਰੋਟੀ ਪਾਣੀ ਲਈ ਉਹ ਮੰਗਦੇ ਹਨ। ਉਹ ਕੋਈ ਸੋਹਣੇ ਚਮੜੇ ਦੇ ਬੂਟ ਪਾ ਕੇ ਨਹੀਂ ਫਿਰਦੇ ਤੇ ਬਾਹਰ ਹੋਟਲਾਂ ਵਿਚ ਰੋਟੀਆਂ ਨਹੀਂ ਖਾਂਦੇ ਫਿਰਦੇ। ਉਹ ਕੋਈ ਪਹਿਲੇ ਦਰਜੇ ਵਿਚ ਸਫਰ ਵੀ ਨਹੀਂ ਕਰਦੇ ਇਹ ਗੱਲਾਂ ਉਹ ਬੜੀ ਹੀ ਗਿਲਾਨੀ ਤੇ ਤ੍ਰਿਸਕਾਰ ਨਾਲ ਕਹਿ ਰਹੇ ਸੀ।

ਰਾਣੀ ਮਖਮਲੀ ਸੋਫੇ ਤੇ ਬੈਠੀ ਸੀ। ਵੱਡੇ ਹੀਰੇ ਕੰਨਾਂ ਵਿਚ ਗੱਲ ਵਿਚ ਪਾਏ ਹੋਏ ਸੀ। ਹੱਥਾਂ ਵਿਚ ਵੱਡੇ-ਵੱਡੇ ਹੀਰੇ ਪਾਏ ਹੋਏ ਸੀ ਤੇ ਸਾਧੂਆਂ ਯੋਗੀਆਂ ਦੇ ਬਾਰੇ ਜਿਹੜਾ ਉਸ ਨੇ ਭਾਸ਼ਣ ਦਿਤਾ ਸੀ, ਉਸ ਲਈ ਉਹ ਬਹੁਤ ਹੀ ਖੁਸ਼ ਹੋ ਰਹੀ ਸੀ। ਇਹ ਸਾਫ ਦਿਖ ਰਿਹਾ ਸੀ ਕਿ ਉਸ ਨੂੰ ਕਈ ਸਵਾਮੀ ਚੰਗੇ ਨਹੀਂ ਲਗਦੇ ਸੀ। ਠੀਕ ਨਹੀਂ ਲਗਦੇ ਸੀ। ਇਹ ਬਿਲਕੁਲ ਸਪਸ਼ਟ ਸੀ ਕਿ ਉਹ ਕਿਸ ਲਈ ਇਹ ਸਾਰਾ ਕੁਝ ਕਹਿ ਰਹੀ ਸੀ। ਉਸ ਦਾ ਪਤੀ ਵੀ ਉਸ ਦੀ ਹਾਂ ਵਿਚ ਹਾਂ ਮਿਲਾ ਰਿਹਾ ਸੀ, ਹਾਂ ਵਿਚ ਸਿਰ ਹਿਲਾ ਰਿਹਾ ਸੀ।

ਮੇਰਾ ਆਇਰਿਸ਼ ਖੂਨ ਮੇਰੇ ਅੰਦਰ ਉਬਲ ਰਿਹਾ ਸੀ ਮੇਰਾ ਦਿਲ ਤਾਂ ਬਹੁਤ ਕੁਝ ਕਹਿਣ ਨੂੰ ਕਰ ਰਿਹਾ ਸੀ। ਤੁਹਾਡੀਆਂ ਗੱਲਾਂ ਤੋਂ ਮੈਨੂੰ ਇਕ ਕਹਾਣੀ ਯਾਦ ਆ ਰਹੀ ਹੈ।

ਇਕ ਵਾਰੀ ਦੀ ਗੱਲ ਹੈ ਇਕ ਕੋਈ ਬਾਹਰੋਂ ਆਇਆ ਅਜਨਬੀ ਸਹਿਰ ਵਿਚ ਘੁਮ ਰਿਹਾ ਸੀ, ਉਹ ਠੀਕ ਠਾਕ ਸੀ। ਦੇਖਣ ਵਿਚ ਸਾਫ ਸੁਥਰੇ ਕਪੜੇ ਉਸ ਨੇ ਪਾਏ ਹੋਏ ਸੀ। ਬੜੇ ਪਿਆਰ ਨਾਲ ਉਹ ਸਾਰਿਆਂ ਨੂੰ ਨਮਸਕਾਰ ਕਰ ਰਿਹਾ ਸੀ। ਉਥੇ ਦੇ ਸਰਪੰਚ ਜਾਂ ਕਹਿ ਲਓ ਉਥੇ ਦੇ ਮੇਅਰ ਨੂੰ ਲਗਾ ਕੇ ਇਹ ਕੋਈ ਅਮੀਰ ਆਦਮੀ ਬਾਹਰੋਂ ਆਇਆ ਹੈ ਤੇ ਹੋਟਲ ਵਿਚ ਰਹਿ ਰਿਹਾ ਹੈ। ਪੰਚਾਂ

ਨੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਉਹਦੇ ਕੋਲ ਜਾਣਾ ਚਾਹਿਆ। ਬੇਨਤੀ ਕੀਤੀ ਤੇ ਮਿਲਣ ਚਲੇ ਗਏ। ਜਾ ਕੇ ਕਿਹਾ ਕਿ ਸਾਡੀ ਬੇਨਤੀ ਹੈ ਤੁਸੀਂ ਇਸ ਨਗਰ ਦੀ ਭਲਾਈ ਲਈ ਕੋਈ ਦਾਨ ਕਰੋ, ਕੋਈ ਯੋਗਦਾਨ ਪਾਓ ਤਾਂ ਜੋ ਸ਼ਹਿਰ ਵਿਚ ਕੋਈ ਸਕੂਲ ਡਿਸਪੈਂਸਰੀ ਬਣਾਈ ਜਾਏ। ਬੰਦਾ ਬੜਾ ਸਿਆਣਾ ਸੀ ਉਸ ਨੇ ਇਨ੍ਹਾਂ ਦੇ ਦਿਲ ਦਿਮਾਗ ਪੜ੍ਹ ਲਏ ਸੀ। ਉਹ ਕਹਿਣ ਲੱਗਾ, ਨਹੀਂ ਮੈਂ ਆਪੇ ਹੀ ਆਪਣੇ ਤਰੀਕੇ ਨਾਲ ਹੀ ਗਰੀਬਾਂ ਦੀ ਸਹਾਇਤਾ ਕਰਾਂਗਾ। ਇਸ ਗੱਲ ਉਪਰਾਂਤ ਮੇਅਰ ਤੇ ਉਸ ਦੇ ਸਾਥੀਆਂ ਨੇ ਕਿਹਾ ਇਹ ਤਾਂ ਬਦਮਾਸ਼ ਹੈ, ਛੱਡੋ ਇਸ ਨੂੰ ਪਰ ਨਾਲ ਹੀ ਉਨ੍ਹਾਂ ਨੇ ਇਹ ਦੇਖਣਾ ਸ਼ੁਰੂ ਕੀਤਾ ਕਿ ਇਹ ਕਿਸੇ ਵੀ ਗਰੀਬ ਦੀ ਸਹਾਇਤਾ ਨਾ ਕਰ ਸਕੇ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਉਸ ਨੇ ਸਕੂਲ ਸ਼ੁਰੂ ਕੀਤਾ ਉਨ੍ਹਾਂ ਨੇ ਬੰਦ ਕਰਾ ਦਿਤਾ, ਉਹ ਸੋਚਦੇ ਸੀ ਦੂਸਰੇ ਕਿਉਂ ਉਹ ਹੀ ਇਹ ਕੰਮ ਕਰਨ, ਉਹ ਬੇਰੁਜ਼ਗਾਰਾਂ ਲਈ ਕਿਤੇ ਧੰਦੇ ਖੋਲ੍ਹਣਾ ਚਾਹੁੰਦਾ ਸੀ। ਉਨ੍ਹਾਂ ਨੇ ਉਹ ਵੀ ਬੰਦ ਕਰ ਦਿਤੇ, ਨਾਲ ਹੀ ਉਨ੍ਹਾਂ ਨੇ ਇਹ ਗੱਲ ਸਾਰੀ ਜਗ੍ਹਾ ਫੈਲਾ ਦਿਤੀ ਕਿ ਉਹ ਆਦਮੀ ਲਗਦਾ ਕੁਛ ਹੋਰ ਹੈ ਪਰ ਵਾਸਤਵ ਵਿਚ ਚੋਰ ਹੈ। ਗੰਦਾ ਆਦਮੀ ਹੈ ਕੁਝ ਕਰਨ ਜੋਗਾ ਨਹੀਂ। ਇਸ ਤਰ੍ਹਾਂ ਕਰਕੇ ਹੌਲੀ-ਹੌਲੀ ਉਨ੍ਹਾਂ ਨੇ ਇਹ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿਤੀ ਕਿ ਇਸ ਨੂੰ ਸ਼ਹਿਰ ਤੋਂ ਕੱਢ ਦਿਤਾ ਜਾਵੇ। ਆਖਰਕਰ ਉਹ ਸਾਰੇ ਉਸ ਨੂੰ ਨਗਰ ਵਿਚੋਂ ਕੱਢਣ ਵਿਚ ਸਫਲ ਹੋ ਗਏ। ਮੇਅਰ ਤੇ ਹੋਰ ਬੰਦਿਆਂ ਨੇ ਉਸ ਚੰਗੇ ਬੰਦੇ ਨੂੰ ਪਛਾਣਿਆ ਹੀ ਨਹੀਂ। ਜੇ ਪਛਾਣਿਆ ਤਾਂ ਉਸ ਨੂੰ ਕੰਮ ਹੀ ਨਹੀਂ ਕਰਨ ਦਿਤਾ ਤਾਂ ਜੋ ਜੇ ਉਹ ਚੰਗਾ ਕੰਮ ਕਰੇਗਾ, ਪੁੱਛ ਉਸ ਦੀ ਹੋਵੇਗੀ, ਨਗਰ ਵਾਲੇ ਉਸ ਦੇ ਗੁਣ ਗਾਉਣਗੇ। ਇਹ ਤਾਂ ਉਹ ਹੀ ਹਾਲ ਸੀ ਕਿ ਚੋਰਾਂ ਨੂੰ ਸਾਰੇ ਚੋਰ ਹੀ ਲਗਦੇ ਹਨ।

ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਰਾਣੀ ਕਹਿਣ ਲੱਗੀ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਹਰ ਇਕ ਨੂੰ ਸਾਧੂ ਹੀ ਨਹੀਂ ਦੇਖਣਾ ਚਾਹੀਦਾ।

ਜਦੋਂ ਰੋਟੀ ਤੋਂ ਬਾਅਦ ਮਿੱਠਾ ਖਾਣ ਲੱਗੇ। ਰਾਜਾ ਸਾਨੂੰ ਦੱਸਣ ਲੱਗਾ ਕਿ ਉਹ ਨੈਪਾਲ ਦੇ ਦਰਵਾਜ਼ੇ ਸਾਰਿਆਂ ਲਈ ਖੋਲ੍ਹ ਦੇਣਾ ਚਾਹੁੰਦਾ ਹੈ, ਉਹ ਕਹਿਣ ਲੱਗਾ, ਸੈਰ ਕਰਨ ਪੈਦਲ ਜਾਣ ਵਾਲਿਆਂ ਲਈ ਵੱਧ ਤੋਂ ਵੱਧ ਥਾਂ ਰਖਣੀ ਚਾਹੀਦੀ ਹੈ ਤੇ ਉਹ ਇਹ ਕਰ ਰਿਹਾ ਹੈ ਤੇ ਵੱਧ ਤੋਂ ਵੱਧ ਬਾਗ ਬਗੀਚੇ ਲਗਾ ਰਿਹਾ ਹੈ ਤਾਂ ਜੋ ਇਹ ਦੇਸ਼ ਇਨ੍ਹਾਂ ਗੱਲਾਂ ਲਈ ਜਾਣਿਆ ਜਾਵੇ।

ਦੋ ਦਿਨਾਂ ਬਾਅਦ ਸਵਾਮੀ ਜੀ ਸਾਨੂੰ ਲੈਣ ਆਏ। ਅਸੀਂ ਕਿਧਰੇ ਜਾਣਾ ਸੀ। ਅਸੀਂ ਉਨ੍ਹਾਂ ਨੂੰ ਖਾਣੇ ਦੇ ਬਾਰੇ ਦੱਸਿਆ, ਸਵਾਮੀ ਜੀ ਸਾਨੂੰ ਨੈਪਾਲ ਦੇ ਇਤਿਹਾਸ ਬਾਰੇ ਦਸਦੇ ਰਹੇ। ਰਾਜਾ ਬਰਿੰਦਰ ਦੇ ਦਾਦੇ ਤੋਂ ਸ਼ੁਰੂ ਕਰਕੇ ਤੇ ਹੁਣ ਤਕ ਸਵਾਮੀ ਜੀ ਦੱਸਣ ਲੱਗੇ ਕਿ ਸਾਡੀ ਹੀ ਪਰੰਪਰਾ ਦੇ ਯੋਗੀ ਗੋਰਖਨਾਥ ਨੇ ਦੱਸਿਆ ਸੀ ਕਿ ਨੇਪਾਲ ਦੇ ਰਾਜੇ ਦੀਆਂ 12 ਪੀੜ੍ਹੀਆਂ ਹੋਣਗੀਆਂ। ਉਸ ਤੋਂ ਬਾਅਦ ਛੇਤੀ ਹੀ ਖਤਮ ਹੋ ਜਾਏਗਾ। ਰਾਜਸੀ ਘਰਾਣੇ ਦੀ ਇਹ ਪ੍ਰਥਾ ਰਹੀ ਹੈ। ਸਾਡੀ ਪਰੰਪਰਾ ਦੇ ਯੋਗੀ ਇਨ੍ਹਾਂ ਨੂੰ ਅਸ਼ੀਰਵਾਦ ਦੇ ਕੇ ਗੱਦੀ ਤੇ ਬੈਠਾਂਦੇ ਰਹੇ ਹਨ ਤੇ ਬਚਪਨ ਵਿਚ ਵੀ ਇਨ੍ਹਾਂ ਨੂੰ ਅਗਲੇ ਰਾਜੇ ਲਈ ਅਸ਼ੀਰਵਾਦ ਦਿੰਦੇ ਰਹੇ ਹਨ ਤੇ ਇਸ ਗੱਲ ਦਾ ਪੂਰਾ-ਪੂਰਾ ਧਿਆਨ ਰਖਦੇ ਰਹੇ ਹਨ ਕਿ ਵਾਰਿਸ ਜ਼ਰੂਰ ਹੀ ਰਾਜ ਘਰਾਣੇ ਵਿਚ ਹੋਣਾ ਚਾਹੀਦਾ ਹੈ।

ਰਾਣੀ ਸਵਾਮੀ ਜੀ ਦੀ ਬੜੀ ਭਗਤ ਸੀ। ਸ਼ਰਧਾਲੂ ਸੀ ਉਦੋਂ ਤਕ ਜਦੋਂ ਸਵਾਮੀ ਜੀ ਨੇ ਕਿਹਾ ਕਿ ਅਧਿਆਤਮਕ ਮਾਮਲੇ ਵਿਚ ਜੋ ਸਵਾਮੀ ਜੀ ਕਹਿਣਗੇ ਉਹ ਹੀ ਹੋਏਗਾ। ਰਾਣੀ ਕਹਿਣ ਲੱਗੀ ਉਹ ਵਧੇਰੇ ਜਾਣਦੀ ਹੈ। ਸਵਾਮੀ ਜੀ ਨੇ ਰਾਜ ਮਹੱਲ ਵਿਚ ਆਉਣਾ ਛੱਡ ਦਿਤਾ ਸੀ। ਜਦੋਂ ਬੁਲਾਏ ਵੀ ਜਾਂਦੇ ਉਦੋਂ ਵੀ ਨਹੀਂ ਸੀ ਆਂਦੇ। ਸਵਾਮੀ ਜੀ ਨੇ ਕਿਹਾ ਅਧਿਆਤਮਕ ਅਸੂਲ ਤਾਂ ਰਾਜਿਆਂ ਦੇ ਕਹਿਣ ਤੇ ਨਹੀਂ ਬਦਲੇ ਜਾ ਸਕਦੇ। ਉਸ ਤੋਂ ਬਾਅਦ ਰਾਜਸੀ ਜਹਾਜ਼ ਆਸ਼ਰਮ ਵਲੋਂ ਹੋ ਕੇ ਨਹੀਂ ਸੀ ਜਾਂਦਾ, ਜਦੋਂ ਵੀ ਰਾਜਾ ਰਾਣੀ ਬਾਹਰ ਜਾਂਦੇ, ਉਹ ਦੂਸਰਾ ਰਸਤਾ ਹੀ ਲੈਂਦੇ।

ਤੁਹਾਨੂੰ ਦੋਨਾਂ ਨੂੰ ਪਿਛਲੇ ਕੁਝ ਸਾਲਾਂ ਦੀਆਂ ਗੱਲਾਂ ਸਮਝ ਲੈਣੀਆਂ ਚਾਹੀਦੀਆਂ ਹਨ ਜੋ ਹੋ ਰਿਹਾ ਹੈ। ਇਹ ਹੁਕਮ ਵਿਚ ਹੋ ਰਿਹਾ ਹੈ ਜੋ ਹੋਇਆ ਪਿਆ ਹੈ, ਉਹ ਅੱਗੇ ਆ ਰਿਹਾ ਹੈ। ਜੋ ਹੋ ਰਿਹਾ ਹੈ ਇਸ ਵਿਚ ਕੋਈ ਪੈਸਾ ਰਾਜ ਘਰਾਣੇ ਦਾ ਨਹੀਂ ਹੈ, ਇਹ ਤਾਂ ਹਿਮਾਲੀਆਂ ਦੇ ਸੰਤਾਂ ਦੀ ਖੇਡ ਹੈ। ਦੂਸਰੇ ਪਾਸੇ ਰਾਜਸੀ ਠਾਠ ਹੈ। ਇਹ ਇਕ ਡਰਾਮਾ ਹੋ ਰਿਹਾ ਹੈ ਕੁਝ ਕੁ ਵਾਦ-ਵਿਵਾਦ ਆਪਣੇ ਮਨ ਨਾਲ ਹੈ, ਪ੍ਰਮਾਤਮਾ ਨਾਲ ਨਹੀਂ, ਜਿਵੇਂ ਕਿ ਗਰੰਥ ਵੀ ਆਪ ਨਹੀਂ ਸਮਝੇ ਜਾ ਸਕਦੇ। ਜਦੋਂ ਤਕ ਪੂਰਾ ਅਭਿਆਸ ਨਾ ਕੀਤਾ ਜਾਵੇ। ਗੁਰੂ ਨਾ ਧਾਰਨ ਕੀਤਾ ਜਾਵੇ। ਸੰਤਾਂ ਨੇ ਹੀ ਤੁਹਾਨੂੰ ਭੇਜਿਆ ਹੈ, ਤੁਹਾਨੂੰ ਰਾਜੇ ਤੇ ਰਾਣੀ ਨੂੰ ਮਿਲਣ ਭੇਜਿਆ ਹੈ। ਇਹ ਕੋਈ ਪਹਿਲੀ ਵਾਰੀ ਨਹੀਂ ਕਿ ਤੁਸੀਂ ਮੇਰੀ ਸਹਾਇਤਾ ਕੀਤੀ ਹੈ, ਅਸੀਂ ਪਿਛਲੇ ਕਈ ਜਨਮਾਂ ਤੋਂ ਇਕੱਠੇ ਕੰਮ ਕਰਦੇ ਆ ਰਹੇ ਹਾਂ। ਸੰਤਾਂ ਦੀ ਸੇਵਾ ਵਿਚ ਹਾਂ।

ਮੈਂ ਤਾਂ ਅੰਦਾਜ਼ਾ ਹੀ ਲਗਾ ਸਕਦਾ ਸੀ ਕਿ ਸਵਾਮੀ ਜੀ ਵੱਖ-ਵੱਖ ਪੱਧਰ ਤੇ ਗੱਲ ਕਰ ਰਹੇ ਹਨ, ਮੈਨੂੰ ਇਹ

ਜ਼ਰੂਰ ਪਤਾ ਲਗ ਗਿਆ ਕਿ ਅਸੀਂ ਕੋਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਾਂ। ਇਹ ਇਕ ਬਹੁਤ ਹੀ ਮਹੱਤਵਪੂਰਨ ਮੌਕਾ ਹੈ ਤੇ ਅਸੀਂ ਉਸ ਦੇ ਨਾਇਕ ਹਾਂ। ਇਕ ਇਤਿਹਾਸਕ ਪਰੰਪਰਾ ਦੇ ਨਾਇਕ ਤੇ ਅਸੀਂ ਆਪਣੇ ਗੁਰੂ ਨਾਲ ਕੰਮ ਕਰਕੇ ਬਹੁਤ ਹੀ ਖ਼ੁਸ਼ ਸੀ।

ਜਿਵੇਂ ਕਿ ਅਸੀਂ ਰਾਜ ਘਰਾਣੇ ਦੇ ਪ੍ਰਾਹੁਣੇ ਸੀ, ਸਾਡੀ ਪੂਰੀ ਆਓ ਭਗਤ ਕੀਤੀ ਜਾ ਰਹੀ ਸੀ। ਰੋਜ਼ ਅਸੀਂ ਕਦੀ ਕਿਤੇ ਸੈਰ ਕਰਨ ਜਾਣਾ ਹੁੰਦਾ ਸੀ, ਕਦੇ ਕਿਤੇ। ਅਸੀਂ ਜਹਾਜ਼ ਵਿਚ ਸਰਗਮਾਰਥਾ ਗਏ। ਸਭ ਤੋਂ ਉਚੀ ਚੋਟੀ ਐਵਰਸਟ ਤੇ ਗਏ ਇਹ ਸਭ ਕੁਝ ਦੇਖ ਕੇ ਬੜੇ ਖ਼ੁਸ਼ ਹੋਏ। ਅਸੀਂ ਇਕ ਪ੍ਰਾਚੀਨ ਹਿੰਦੂ ਮੰਦਰ ਵਿਚ ਗਏ। ਬਾਹਰ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ ਤੇ ਇਕ ਬੱਚੀ ਖਿੜਕੀ ਵਿਚ ਆਈ ਜੋ ਕਿ ਇਕ ਦੇਵੀ ਸੀ, ਉਸ ਨੇ ਸਾਨੂੰ ਆਸ਼ੀਰਵਾਦ ਦਿਤਾ। ਅਸੀਂ ਜੰਗਲ ਵਿਚ ਗਏ, ਹਾਥੀ ਤੇ ਚੜ੍ਹੇ ਦਰਖਤ ਤੇ ਅਸੀਂ ਬੈਠੇ ਅਸੀਂ ਮਚਾਨ ਤੇ ਬੈਠ ਕੇ ਸ਼ੇਰ ਨੂੰ ਆਪਣਾ ਰਾਤ ਦਾ ਖਾਣਾ ਖਾਂਦਿਆਂ ਦੇਖਿਆ। ਰਾਜਕੁਮਾਰੀ ਸ਼ੋਭਾ ਤੇ ਮੋਹਨ ਨਾਲ ਅਸੀਂ ਪਹਾੜ ਤੇ ਚੜ੍ਹ ਕੇ ਇਕ ਪਿੰਡ ਵਿਚ ਗਏ ਜਿਥੇ ਲੋਕੀ ਰਾਜਕੁਮਾਰੀ ਦਾ ਅਸ਼ੀਰਵਾਦ ਲੈਣ ਸਾਰੇ ਇਕੱਠੇ ਹੋਏ। ਅਸੀਂ ਬਾਹਰ ਦੇ ਦੇਸਾਂ ਰਾਹੀਂ ਕੀਤਾ ਜਾ ਰਿਹਾ ਖੇਤੀਬਾੜੀ ਦਾ ਤਜਰਬਾ ਵੀ ਦੇਖਿਆ। ਅਸੀਂ ਕਿਸ਼ਤੀਆਂ ਦੀ ਸੈਰ ਕੀਤੀ, ਇਕ ਦੋ ਵੱਡੀਆਂ ਫੈਕਟਰੀਆਂ ਵੀ ਦੇਖੀਆਂ। ਨਦੀਆਂ ਦੇਖੀਆਂ ਤੇ ਇਕ ਟਾਪੂ ਦੇ ਹੋਟਲ ਵਿਚ ਵੀ ਠਹਿਰ ਪੋਖਰਾ ਦੇਖਿਆ ਜੋ ਕਿ ਇਕ ਬਹੁਤ ਸੋਹਣੀ ਥਾਂ ਹੈ। ਮਾਛਾਪੋਛਰਾ ਦੇਖਿਆ, ਤੰਬੂਆਂ ਵਿਚ ਰਹੇ, ਪੂਰੇ ਚੰਦਰਮਾ ਦਾ ਅਨੰਦ ਮਾਣਿਆ।

ਅਸੀਂ ਗੋਰਖਿਆਂ ਦੀ ਧਰਤੀ ਤੇ ਸੀ। ਗੋਰਖੇ ਇਹੋ ਜਿਹੇ ਸਿਪਾਹੀ ਹੋਏ ਹਨ ਕਿ ਉਨ੍ਹਾਂ ਨੂੰ ਬਹਾਦਰਾਂ ਦੇ ਬਹਾਦਰ ਕਿਹਾ ਜਾਂਦਾ ਹੈ। ਨੈਪਾਲ ਕਦੀ ਵੀ ਜਿਤਿਆ ਨਹੀਂ ਗਿਆ, ਅੰਗਰੇਜ਼ਾਂ ਨੇ ਵੀ ਨਹੀਂ ਜਿਤਿਆ।

ਰਾਣੀ ਚਾਹੁੰਦੀ ਸੀ ਕਿ ਅਸੀਂ ਇਕ ਸੱਚੇ ਸਾਧੂ ਨੂੰ ਮਿਲੀਏ ਜਿਹੜਾ ਨਾਲ ਹੀ ਇਕ ਪਿੰਡ ਵਿਚ ਰਹਿੰਦਾ ਸੀ। ਅਸੀਂ ਇਕ ਮਾਰਗ ਦਰਸ਼ਕ ਨਾਲ ਗਏ, ਕੱਚੀ ਸੜਕ ਸੀ ਅਸੀਂ ਜੀਪ ਤੇ ਗਏ ਤੇ ਸਾਨੂੰ ਕਈ ਖੇਤਾਂ ਵਿਚੋਂ ਪੈਦਲ ਜਾਣਾ ਪਿਆ। ਇਕ ਪੱਕੇ ਘਰ ਵਿਚ ਕਾਫੀ ਸਾਰੇ ਜਾਨਵਰਾਂ ਨਾਲ ਸਵਾਮੀ ਜੀ ਰਹਿ ਰਹੇ ਸੀ। ਗਰੀਬੀ ਵਿਚ ਆਪਣੀ ਮੌਜ ਵਿਚ ਵਿਚਰ ਰਹੇ ਸੀ। ਉਨ੍ਹਾਂ ਨੇ ਸਾਨੂੰ ਉਬਲਿਆ ਦੁੱਧ ਪੀਣ ਨੂੰ ਦਿਤਾ ਤੇ ਨਾਲ ਹੀ ਕਿਹਾ ਕਿ ਅਸੀਂ ਇਹ ਮੰਤਰ ਬੋਲ ਲਈਏ ਤਾਂ ਜੋ ਸਾਨੂੰ ਦੁੱਧ ਨੁਕਸਾਨ ਨਾ ਕਰੇ। ਉਨ੍ਹਾਂ ਨੇ ਦੱਸਿਆ ਉਹ ਇਸ ਮੰਤਰ ਦੀ ਵਰਤੋਂ ਕਰਦੇ ਹਨ ਤਾਂ ਜੋ ਕੁਝ ਵੀ ਖਾਧਾ ਪੀਤਾ ਖਰਾਬ ਨਾ ਕਰੇ। ਕੈਮਰਾ ਦੇਖ ਕੇ ਉਹ ਕਹਿਣ ਲੱਗੇ ਕਿ ਜੇ ਅਸੀਂ ਉਨ੍ਹਾਂ ਦੀ ਫੋਟੋ ਲੈਣੀ ਚਾਹਾਂਗੇ ਉਨ੍ਹਾਂ ਨੇ ਆਪਣਾ ਚੋਲਾ ਠੀਕ ਕੀਤਾ। ਅਸੀਂ ਉਨ੍ਹਾਂ ਦੀ ਫੋਟੋ ਲੈ ਲਈ। ਜਦੋਂ ਅਸੀਂ ਸਵਾਮੀ ਜੀ ਨੂੰ ਦੱਸਿਆ ਕਿ ਇਸ ਤਰ੍ਹਾਂ ਨਾਲ ਅਸੀਂ ਇਕ ਸਵਾਮੀ ਨੂੰ ਮਿਲਣ ਗਏ ਸੀ, ਸੰਤ ਆਪਣੇ ਲਈ ਕਦੀ ਵੀ ਮੰਤਰਾਂ ਦੀ ਵਰਤੋਂ ਨਹੀਂ ਕਰਦੇ। ਕੇਵਲ ਦੂਸਰਿਆਂ ਦੇ ਭਲੇ ਲਈ ਵਰਤੋਂ ਕਰਦੇ ਹਨ। ਜਦੋਂ ਅਸੀਂ ਕੈਮਰੇ ਦੀ ਰੀਲ ਧੁਆਈ, ਬਾਕੀ ਦੀਆਂ ਫੋਟੋਆਂ ਸਾਰੀਆਂ ਠੀਕ ਸੀ ਪਰ ਸਵਾਮੀ ਜੀ ਦੀ ਫੋਟੋ ਦੀ ਤਾਂ ਸਾਰਾ ਕਾਲਾ ਟੁਕੜਾ ਹੀ ਸੀ।

ਇਕ ਦਿਨ ਅਮਰੀਕਨ ਦਫਤਰ ਤੋਂ ਇਕ ਲਿਫਾਫਾ ਆਇਆ। ਇਹ ਲਿਫਾਫਾ ਸਾਡੇ ਨਾ ਤੇ ਸੀ ਤੇ ਸ਼ੋਭਾ ਗ੍ਰਹਿ ਦੇ ਪਤੇ ਤੇ ਸੀ। ਖੋਲ੍ਹ ਕੇ ਦੇਖਿਆ ਇਹ ਅਮਰੀਕਨ ਰਾਜਦੂਤ ਨਾਲ ਚਾਹ ਪੀਣ ਲਈ ਸੱਦਾਪਤ੍ਰ ਸੀ, ਰਾਜਦੂਤ ਜਿਹੜਾ ਨੈਪਾਲ ਵਿਚ ਸੀ। ਸਾਨੂੰ ਬਹੁਤ ਚੰਗਾ ਲੱਗਿਆ, ਬਹੁਤ ਸੋਹਣੀ ਥਾਂ ਸੀ ਉਨ੍ਹਾਂ ਨੇ ਬਿਲਕੁਲ ਅਮਰੀਕਾ ਦੀ ਤਰ੍ਹਾਂ ਹੀ ਬਣਾਇਆ ਹੋਇਆ ਸੀ। ਅਸੀਂ ਸੋਹਣੇ ਪਿਆਲਿਆਂ ਵਿਚ ਚਾਹ ਪੀਤੀ। ਉਹ ਸਾਡੇ ਕੋਲੋਂ ਰਾਜ ਘਰਾਣੇ ਬਾਰੇ ਪੁਛਦੇ ਰਹੇ। ਇਸ ਤਰ੍ਹਾਂ ਅੱਗੇ ਕਦੀ ਨਹੀਂ ਹੋਇਆ ਸੀ ਕਿ ਕੋਈ ਅਮਰੀਕਨ ਆ ਕੇ ਰਾਜ ਘਰਾਣੇ ਦੇ ਅੰਦਰ ਮਹਿਮਾਨ ਰਹਿਣ, ਰਾਜਦੂਤ ਹੈਰਾਨ ਸੀ ਕਿ ਉਨ੍ਹਾਂ ਨਾਲ ਭਾਵ ਜਸਟਿਨ ਤੇ ਥਰੀਸਾ ਨੂੰ ਹੀ ਇਹ ਖਾਸ ਪ੍ਰਾਹੁਣਚਾਰੀ ਕਿਉਂ ਦਿਤੀ ਜਾ ਰਹੀ ਹੈ। ਜਦੋਂ ਉਨ੍ਹਾਂ ਨੂੰ ਬੱਚਿਆਂ ਦਾ ਪਤਾ ਲੱਗਾ ਉਹ ਕਿਵੇਂ ਪੈਦਾ ਹੋਏ, ਕੀ ਹੋਇਆ ਉਹ ਬਹੁਤ ਹੀ ਖ਼ੁਸ਼ ਹੋਏ ਕਿ ਬੱਚੇ ਅਮਰੀਕਾ ਪੈਦਾ ਹੋਏ ਤੇ ਉਨ੍ਹਾਂ ਨੂੰ ਇਹ ਸੁਣ ਕੇ ਬਹੁਤ ਚੰਗਾ ਲੱਗਾ ਕਿ ਰਾਜਕੁਮਾਰੀ ਸ਼ੋਭਾ ਤੇ ਮੋਹਨ ਜੀ ਸਾਡੇ ਮਿਤ੍ਰ ਹਨ। ਅਸੀਂ ਵਾਅਦਾ ਕੀਤਾ ਅਸੀਂ ਛੇਤੀ ਮਿਲਾਂਗੇ। ਸਾਨੂੰ ਰਾਜਦੂਤ ਨੇ ਆਪਣੀ ਵੱਡੀ ਗੱਡੀ ਵਿਚ ਵਾਪਸ ਭੇਜ ਦਿਤਾ।

ਅੰਤ ਸਾਡੀ ਰਾਜ ਘਰਾਣੇ ਦੀ ਪ੍ਰਾਹੁਣਚਾਰੀ ਖਤਮ ਹੋਈ। ਅਸੀਂ ਆਪਣੇ ਬੈਗ ਬੰਨੇ ਤੇ ਸਵਾਮੀ ਜੀ ਦੇ ਆਸ਼ਰਮ ਜਾਣ ਦੀ ਤਿਆਰੀ ਕੀਤੀ। ਸਾਰਿਆਂ ਤੋਂ ਅਲਵਿਦਾ ਲਈ ਨਿੱਘੀਆਂ ਜੱਫੀਆਂ ਪਾਈਆਂ, ਬੱਚਿਆਂ ਨੂੰ ਚੁੰਮਿਆ ਤੇ ਅਸੀਂ ਹੰਸ ਆਸ਼ਰਮ ਵਲ ਤੁਰ ਪਏ ਤੇ ਹੁਣ ਅਸੀਂ ਅਧਿਆਤਮਕ ਰਾਜੇ ਕੋਲ ਆ ਰਹੇ ਸੀ।

***'ਚਲਦਾ'***

# ਚੜ੍ਹਦੀ ਕਲਾ

*ਰਘਬੀਰ ਸਿੰਘ 'ਬੀਰ'*

## ਗੁਰਮਤਿ ਦੀ ਵਡਿਆਈ

ਦੁਨੀਆਂ ਦੇ ਇਨਸਾਨਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਮਨਮੁਖ ਦੂਸਰੇ ਗੁਰਮੁਖ। ਮਨਮੁਖ ਉਹ ਹੁੰਦੇ ਹਨ ਜਿਨ੍ਹਾਂ ਨੂੰ ਮਨ ਰਾਹੀਂ ਜੋ ਦਿਸੇ, ਸੁਣੇ, ਉਸ ਨੂੰ ਸੱਚ ਸਮਝਦੇ ਹਨ। ਮਨ ਨੂੰ ਧਾਰਮਕ ਗ੍ਰੰਥਾਂ ਵਿਚ ਇੰਦਰੀਆਂ ਦਾ ਸਰਦਾਰ ਇਕ ਇੰਦਰਾ ਹੀ ਮੰਨਿਆ ਜਾਂਦਾ ਹੈ। ਇਸ ਨੂੰ ਸਭ ਇੰਦਰੀਆਂ (nerves) ਬਾਹਰ ਜਗਤ ਦੀਆਂ ਖ਼ਬਰਾਂ ਲਿਆ ਕੇ ਦੇਂਦੀਆਂ ਹਨ ਅਤੇ ਇਹ ਉਨ੍ਹਾਂ ਖ਼ਬਰਾਂ ਨੂੰ ਇਕੱਠਿਆਂ ਕਰਦਾ, ਉਨ੍ਹਾਂ ਤੋਂ ਨਤੀਜੇ ਕੱਢਦਾ ਅਤੇ ਆਪਣੇ ਆਪ ਉਤੇ ਉਨ੍ਹਾਂ ਨਤੀਜਿਆਂ ਦੇ ਅਸਰ ਨੂੰ ਹੋਣ ਦੇਂਦਾ ਹੈ।

ਗੁਰਮੁਖ ਉਹ ਪੁਰਸ਼ ਹੁੰਦਾ ਹੈ ਜਿਹੜਾ ਇੰਦਰੀਆਂ ਰਾਹੀਂ ਮਨ ਤੱਕ ਪਹੁੰਚੀਆਂ ਖ਼ਬਰਾਂ ਦੇ ਆਧਾਰ ਉਤੇ ਕੀਤੇ ਮਨ ਦੇ ਫੈਸਲਿਆਂ ਨੂੰ ਇਸ ਵਾਸਤੇ ਦਰੁਸਤ ਨਹੀਂ ਸਮਝਦਾ ਕਿਉਂਕਿ ਨਾ ਤੇ ਮਨ ਅਤੇ ਇੰਦਰੀਆਂ ਬਾਹਰ ਜਗਤ ਦੀਆਂ ਖ਼ਬਰਾਂ ਨੂੰ ਸੋਲ੍ਹਾਂ ਆਨੇ ਪੂਰੀਆਂ ਪਹੁੰਚਾਣ ਦੇ ਸਮਰੱਥ ਹਨ ਤੇ ਨਾ ਹੀ ਜਗਤ ਇਕ ਅਵਸਥਾ ਵਿਚ ਰਹਿੰਦਾ ਹੈ। ਇਸ ਲਈ ਇਨ੍ਹਾਂ ਖ਼ਬਰਾਂ ਨੂੰ ਸੋਲ੍ਹਾਂ ਆਨੇ ਸੱਚ ਸਮਝਣ ਵਾਲਾ ਅਤੇ ਉਨ੍ਹਾਂ ਦੇ ਆਧਾਰ ਉਤੇ ਨਤੀਜੇ ਕੱਢਣ ਵਾਲਾ ਮਨ ਗੁਰਮੁਖ ਦੇ ਖਿਆਲ ਵਿਚ ਇਤਬਾਰ ਦੇ ਯੋਗ ਨਹੀਂ ਹੋ ਸਕਦਾ। ਗੁਰਮੁਖ ਇਸ ਕਰਕੇ ਮਨ ਦੀ ਮਤ ਉਤੇ ਭਰੋਸਾ ਨਹੀਂ ਕਰਦਾ ਕਿਉਂਕਿ ਗੁਰੂ ਦੀ ਮਤ ਦੇ ਪੈਦਾ ਹੋਣ ਦਾ ਜ਼ਰੀਆ ਇੰਦਰੀਆਂ ਤੇ ਇੰਦਰੀਆਂ ਦਾ ਜਗਤ ਨਹੀਂ ਹੁੰਦਾ, ਸਗੋਂ ਜਗਤ ਦਾ ਮੂਲ ਪਰਮਾਤਮਾ ਅਤੇ ਉਸ ਦੇ ਅਟੱਲ ਨਿਯਮ ਹੁੰਦੇ ਹਨ।

ਕਿਉਂਕਿ ਮਨਮੁਖ ਅਤੇ ਗੁਰਮੁਖ ਦਾ ਸੰਸਾਰ ਸਬੰਧੀ ਮੁੱਢਲਾ ਦ੍ਰਿਸ਼ਟੀਕੋਣ ਹੀ ਵੱਖਰਾ ਹੁੰਦਾ ਹੈ ਇਸ ਲਈ ਮਨਮੁਖ ਤੇ ਗੁਰਮੁਖ ਦੇ ਨਿਸ਼ਚੇ, ਰਾਵਾਂ, ਸਭ ਵੱਖੋ-ਵੱਖ ਤੇ ਇਕ ਦੂਸਰੇ ਦੇ ਉਲਟ ਹੁੰਦੇ ਹਨ। ਇਸ ਲਈ ਗੁਰੂ ਨਾਨਕ ਦੇਵ ਦੇ ਘਰ ਵਿਚ ਮਨਮੁਖ ਅਤੇ ਗੁਰਮੁਖ ਨੂੰ ਸਮਝਾਣ ਦੇ, ਸੱਚੇ ਮਾਰਗ ਤੇ ਲਿਆਉਣ ਦੇ ਅਤੇ ਸੱਚੇ ਮਾਰਗ ਤੇ ਤੋਰਨ ਦੇ ਤਰੀਕੇ ਵੀ ਬਿਲਕੁਲ ਵੱਖੋ-ਵੱਖ ਹਨ।

ਗੁਰੂ ਨਾਨਕ ਦੇਵ ਦਾ 'ਘਰ' ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਗ੍ਰੰਥ ਜੀ ਵਿਚ ਗੁਰ-ਉਪਦੇਸ਼ ਹੈ। ਇਸ ਲਈ ਇਹ ਮਨ ਦੇ ਮਗਰ ਲੱਗਣ ਵਾਲੇ ਜੀਵਾਂ ਅਤੇ ਗੁਰੂ ਦੇ ਮਗਰ ਲੱਗਣ ਵਾਲੇ ਜੀਵਾਂ ਵਾਸਤੇ ਇਕ ਨਹੀਂ ਹੋ ਸਕਦਾ। ਏਹੀ ਕਾਰਨ ਹੈ ਕਿ ਸਰਸਰੀ ਨਜ਼ਰ ਨਾਲ ਪੜ੍ਹਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਕਈ ਵਾਰੀ ਸਵੈ-ਵਿਰੋਧੀ ਮਲੂਮ ਹੁੰਦੇ ਹਨ। ਇਹ ਭੁਲੇਖਾ ਉਦੋਂ ਦੂਰ ਹੁੰਦਾ ਹੈ ਜਦ ਸਿੱਖ ਨੂੰ ਪਤਾ ਲੱਗ ਜਾਵੇ ਕਿ ਗੁਰ ਉਪਦੇਸ਼ ਮਨਮੁਖ ਵਾਸਤੇ ਹੋਰ ਅਤੇ ਗੁਰਮੁਖ ਵਾਸਤੇ ਹੋਰ ਹੋਣੇ ਜ਼ਰੂਰੀ ਹਨ।

ਮਨਮੁਖ ਇੰਦਰੀਆਂ ਰਾਹੀਂ ਦਿਸਣ ਵਾਲੇ ਜਗਤ ਨੂੰ ਸੱਚ ਸਮਝਦਾ ਹੈ ਅਤੇ ਇਸ ਨੂੰ ਹਮੇਸ਼ਾ ਕਾਇਮ ਰਹਿਣ ਵਾਲੀ ਚੀਜ਼ ਮੰਨਦਾ ਹੈ, ਇਸ ਕਰਕੇ ਗੁਰੂ ਗ੍ਰੰਥ ਜੀ ਮਨਮੁਖ ਨੂੰ ਸੰਬੋਧਨ ਕਰਕੇ ਆਖਦੇ ਹਨ –

*ਸਲੋਕ ਮਹਲਾ ੧*
*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥*
*ਅੰਗ - 468*

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਅੰਗ - 1427*

*ਇਹੁ ਜਗੁ ਧੂਏ ਕਾ ਪਹਾਰ॥*
*ਤੈ ਸਾਚਾ ਮਾਨਿਆ ਕਿਹ ਬੀਚਾਰਿ॥ ਅੰਗ - 1186*

ਗੁਰਮੁਖ ਜੋ ਇੰਦਰੀਆਂ ਦੀ ਝੂਠੀ ਦੁਨੀਆਂ ਦੀ ਬਜਾਏ ਆਤਮਾ ਦੀ ਅਟੱਲ ਦੁਨੀਆਂ ਵਿਚ ਨਿਵਾਸ ਕਰਦਾ ਹੈ ਉਸ ਨੂੰ ਉਪਦੇਸ਼ ਦਵਾਰਾ ਗੁਰੂ ਗ੍ਰੰਥ ਜੀ ਆਖਦੇ ਹਨ–

*ਸਲੋਕ ਮਹਲਾ ੧*
*ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*
*ਸਚੇ ਤੇਰੇ ਲੋਅ ਸਚੇ ਆਕਾਰ॥*
*ਸਚੇ ਤੇਰੇ ਕਰਣੇ ਸਰਬ ਬੀਚਾਰ॥*
*ਸਚਾ ਤੇਰਾ ਅਮਰੁ ਸਚਾ ਦੀਬਾਣੁ॥*
*ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥*
*ਸਚਾ ਤੇਰਾ ਹੁਕਮੁ ਸਚਾ ਨੀਸਾਣੁ॥*
*ਸਚੇ ਤੁਧੁ ਆਖਹਿ ਲਖ ਕਰੋੜਿ॥*
*ਸਚੈ ਸਭ ਤਾਣਿ ਸਚੈ ਸਭ ਜੋਰਿ॥*
*ਸਚੀ ਤੇਰੀ ਸਿਫਤਿ ਸਚੀ ਸਾਲਾਹ॥*
*ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥*
*ਨਾਨਕ ਸਚੁ ਧਿਆਇਨਿ ਸਚੁ॥*
*ਜੋ ਮਰਿ ਜੰਮੇ ਸੁ ਕਚੁ ਨਿਕਚੁ॥ ਅੰਗ - 463*

*ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*
*ਅੰਗ - 463*

*ਸਭੁ ਸਚੋ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥*
*ਅੰਗ - 463*

ਮਾਇਆ ਦੀ ਫੁਲਵਾੜੀ ਨੂੰ ਸੱਚ ਸਮਝਣ ਵਾਲੇ ਮਨਮੁਖ ਨੂੰ ਗੁਰ ਉਪਦੇਸ਼ ਆਖਦਾ ਹੈ ਕਿ ਜਿੰਨਾ ਮੋਹ ਪ੍ਰੀਤ ਸਵਾਦ ਤੂੰ ਇਸ ਮਾਇਆ ਦੇ ਛਲ (ਇੰਦਰੀਆਂ ਦੀ

ਦੁਨੀਆਂ) ਵਿਚੋਂ ਪਰਤੀਤ ਕਰ ਰਿਹਾ ਹੈਂ, ਉਤਨਾ ਹੀ ਦੁਖੀ ਹੋਵੇਂਗਾ। ਤੇਰਾ ਇਸ ਮਾਇਆ ਦੇ ਧੋਖੇ ਨੂੰ ਨਾ ਸਮਝਣਾ ਤੇਰੀ ਹਾਰ ਹੈ, ਤੇਰੇ ਮੱਥੇ ਤੇ ਕਾਲਖ ਦਾ ਟਿੱਕਾ ਹੈ, ਜੋ ਤੈਨੂੰ ਅੱਗੇ ਦਰਗਾਹ ਵਿਚ ਆਦਰ ਤੇ ਮਾਣ ਨਹੀਂ ਦਿਲਾਵੇਗਾ।

*ਜੇਤਾ ਮੋਹੁ ਪਰੀਤਿ ਸੁਆਦ॥*
*ਸਭਾ ਕਾਲਖ ਦਾਗਾ ਦਾਗ॥*
*ਦਾਗ ਦੋਸ ਮੁਹਿ ਚਲਿਆ ਲਾਇ॥*
*ਦਰਗਹ ਬੈਸਣ ਨਾਹੀ ਜਾਇ॥* *ਅੰਗ - 662*

ਐਪਰ ਗੁਰਮੁਖ ਨੂੰ ਜਿਸ ਦਾ ਜੀਵਨ ਮਾਇਆ ਵਿਚ ਖਚਤ ਨਹੀਂ, ਜਿਹਦਾ ਇੰਦਰੀਆਂ ਦੇ ਸੁਖਾਂ ਤੋਂ ਪਰ੍ਹੇ ਆਤਮਾ ਦੇ ਸੁਖਾਂ ਵਿਚ ਨਿਵਾਸ ਹੈ, ਉਸ ਲਈ 'ਗੁਰ ਉਪਦੇਸ਼' ਹੋਰ ਹੈ। ਉਸ ਨੂੰ ਗੁਰੂ ਗ੍ਰੰਥ ਜੀ ਆਖਦੇ ਹਨ ਕਿਉਂਕਿ ਤੂੰ ਗੁਰੂ ਦੀ ਹਿਦਾਇਤ ਅਨੁਸਾਰ ਜੀਵਨ ਬਤੀਤ ਕਰ ਰਿਹਾ ਹੈਂ, ਆਪਣੇ ਮਨ ਨੂੰ ਮਾਇਆ ਦੇ ਝੂਠੇ ਤੇ ਆਰਜ਼ੀ ਰਸਾਂ ਤੋਂ ਮੋੜ ਕੇ ਨਾਮ ਦੇ ਮਹਾਂਰਸ ਦਾ ਮਤਵਾਲਾ ਬਣਾ ਲਿਆ ਹੈ ਅਤੇ ਮਾਇਆ ਨੂੰ ਵਾਹਿਗੁਰੂ ਦੀ ਦਾਤ ਸਮਝ ਕੇ ਸਭ ਭਲੇ ਪੁਰਸ਼ਾਂ ਨਾਲ ਵੰਡ ਛਕਦਾ ਹੈਂ, ਇਸ ਵਾਸਤੇ ਤੇਰੇ ਉਤੇ ਮਾਇਆ ਦੇ ਰਸ ਆਪਣਾ ਰੰਗ ਨਹੀਂ ਚੜ੍ਹਾ ਸਕਦੇ। ਤੂੰ ਬੇਸ਼ਕ ਮਾਇਆ ਦੇ ਸੁਖਾਂ ਨੂੰ ਗ੍ਰਹਿਣ ਕਰ ਅਤੇ ਵਾਹਿਗੁਰੂ ਦੇ ਬੱਚਿਆਂ ਨਾਲ ਵੰਡ ਕੇ ਭੋਗ। ਤੇਰੀ ਸੇਵਾ ਵਾਸਤੇ ਮਾਇਆ ਹਾਜ਼ਰ ਰਹੇਗੀ ਪਰ ਤੇਰਾ ਮਨ ਕਰਤਾਰ ਦੇ ਚਰਨਾਂ ਵਿਚ ਜੁੜਿਆ ਹੋਣ ਕਰਕੇ, ਮਾਇਆ ਤੈਨੂੰ ਡੇਗ ਨਹੀਂ ਸਕੇਗੀ।

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ*
*ਜੋ ਨਾਮਿ ਹਰ ਰਾਤੇ॥*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭੁ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥*
*ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ*
*ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ॥ਅੰਗ - 648*

ਜਿਥੇ ਮਾਇਆ ਵਿਚ ਖਚਤ ਮਨਮੁਖ ਨੂੰ ਗੁਰ-ਉਪਦੇਸ਼ ਮਾਇਆ ਤੋਂ ਦੂਰ ਰਹਿਣ, ਮਾਇਆ ਨੂੰ ਝੂਠ ਤੇ ਦੁਖਾਂ ਦੀ ਕਾਨ ਜਾਨਣ, ਮਾਇਆ ਨੂੰ ਸੱਪਣੀ ਜਾਂ ਨਾਗ ਸਮਝਣ ਦੀ ਹਿਦਾਇਤ ਕਰਦਾ ਹੈ -

*ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥*
*ਅੰਗ - 39*
*ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ॥*
*ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥*
*ਅੰਗ - 89*
*ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ॥*
*ਅੰਗ - 570*

ਉਥੇ ਗੁਰਮੁਖ ਲਈ ਇਸੇ ਮਾਇਆ ਸਬੰਧੀ ਹੋਰ ਉਪਦੇਸ਼ ਹੈ। ਗੁਰਮੁਖ ਨੂੰ ਗੁਰ-ਉਪਦੇਸ਼ ਮਾਇਆ ਦੇ ਤਿਆਗ ਕਰਨ ਦੀ ਬਜਾਏ ਗੁਰ-ਉਪਦੇਸ਼ ਮਾਇਆ ਦੇ ਚਲ ਨੂੰ ਜਿੱਤਣ ਵਾਸਤੇ, ਜਿੱਤ ਕੇ ਆਪਣੇ ਜੀਵਨ ਸਫਰ ਵਿਚ ਇਸ ਨੂੰ ਯੋਗ ਤਰੀਕੇ ਵਿਚ ਵਰਤਣ ਵਾਸਤੇ ਅਤੇ ਸਿਰ ਚੜ੍ਹਣ ਦੀ ਬਜਾਏ ਚਰਨਾਂ ਦੀ ਦਾਸੀ ਬਣਾ ਕੇ ਰੱਖਣ ਦੀ ਹਿਦਾਇਤ ਕਰਦਾ ਹੈ। ਜਿਥੇ ਮਨਮੁਖ ਲਈ ਮਾਇਆ ਸੱਪ ਹੈ ਉਥੇ ਗੁਰਮੁਖ ਨੂੰ ਗਾਰੜੂ (ਸੱਪ ਮਾਰਨ ਵਾਲਾ ਪੰਛੀ) ਆਖਿਆ ਹੈ ਜੋ ਮਾਇਆ ਨੂੰ ਮਾਰ ਕੇ ਪੈਰਾਂ ਹੇਠਾਂ ਲਤਾੜਦਾ ਰਹਿੰਦਾ ਹੈ।

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥*
*ਅੰਗ - 510*
*ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥*
*ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥*
*ਅੰਗ - 500*
*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਅੰਗ - 514*

ਕਿਉਂਕਿ ਮਨਮੁਖ ਦੇ ਤੇ ਗੁਰਮੁਖ ਦੇ ਬੁਨਿਆਦੀ ਦ੍ਰਿਸ਼ਟੀਕੋਣ ਵਿਚ ਫਰਕ ਹੁੰਦਾ ਹੈ ਇਸ ਲਈ ਉਨ੍ਹਾਂ ਦੀ ਦੁਨੀਆਂ ਵੀ ਵੱਖੋ-ਵੱਖਰੀ ਹੁੰਦੀ ਹੈ। ਇਨ੍ਹਾਂ ਦੀ ਵੱਖੋ ਵੱਖ ਦੁਨੀਆਂ ਵਿਚ ਹਰ ਇਕ ਘਟਨਾ ਸਬੰਧੀ ਵੱਖੋ ਵੱਖ ਨਿਸ਼ਚੇ ਹੁੰਦੇ ਹਨ। ਗੁਰੂ ਗ੍ਰੰਥ ਜੀ ਵੀ ਏਸੇ ਵਾਸਤੇ ਇਕੋ ਘਟਨਾ ਲਈ ਮਨਮੁਖ ਨੂੰ ਹੋਰ ਉਪਦੇਸ਼ ਅਤੇ ਗੁਰਮੁਖ ਨੂੰ ਹੋਰ ਉਪਦੇਸ਼ ਦੇਂਦੇ ਹਨ। ਮੌਤ ਇਕ ਐਸੀ ਘਟਨਾ ਹੈ ਜੋ ਜ਼ਾਹਿਰਾ ਤੌਰ ਤੇ ਸਭ ਲਈ ਇਕੋ ਜਿਹੀ ਪਰਤੀਤ ਹੁੰਦੀ ਹੈ ਪਰ ਇਸ ਸਬੰਧੀ ਉਪਦੇਸ਼ ਮਨਮੁਖ ਲਈ ਹੋਰ ਤੇ ਗੁਰਮੁਖ ਲਈ ਹੋਰ ਹੈ। ਮਨਮੁਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ -

*ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥*
*ਅੰਗ - 855*
*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥*
*ਅੰਗ - 474*
*ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥*
*ਅੰਗ - 851*

*ਹਉਮੈ ਕਰਦਿਆ ਜਨਮੁ ਗਵਾਇਆ॥*
*ਆਗੈ ਮੋਹੁ ਨ ਚੂਕੈ ਮਾਇਆ॥*
*ਅਗੈ ਜਮਕਾਲੁ ਲੇਖਾ ਲੇਵੈ*
*ਜਿਉ ਤਿਲ ਘਾਣੀ ਪੀੜਾਇਦਾ॥* *ਅੰਗ - 1063*

*ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥*
*ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥*
*ਅੰਗ - 1258*

ਐਪਰ ਏਸੇ ਮੌਤ ਸਬੰਧੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਮੁਖ ਲਈ ਹੋਰ ਉਪਦੇਸ਼ ਹੈ। ਗੁਰਮੁਖਾਂ ਨੂੰ ਗੁਰਬਾਣੀ

ਦਸਦੀ ਹੈ ਕਿ –

*ਜਿਸੁ ਰਾਖੈ ਤਿਸੁ ਕੋਇ ਨ ਮਾਰੈ॥*
*ਸੋ ਮੂਆ ਜਿਸੁ ਮਨਹੁ ਬਿਸਾਰੈ॥* *ਅੰਗ - 1426*

*ਸਿਮਰਤ ਨਾਮੁ ਨਾਹੀ ਫਿਰਿ ਮਰਣ॥*
*ਹਰਿ ਗੁਣ ਰਮਤ ਨਾਹੀ ਜਮ ਪੰਥ॥* *ਅੰਗ - 867*

*ਗੁਰਮੁਖਿ ਹੋਵੈ ਸੁ ਸੁਖੁ ਕਮਾਏ॥*
*ਮਰਣ ਜੀਵਣ ਕੀ ਸੋਝੀ ਪਾਏ॥* *ਅੰਗ - 1059*

*ਨਹ ਕਿਛੁ ਜਨਮੈ ਨਾ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥* *ਅੰਗ - 281*

ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਇਕ ਮਨੁੱਖ ਸਾਰੀ ਉਮਰ ਮਨਮੁਖ ਹੀ ਰਹਿੰਦਾ ਹੈ ਜਾਂ ਇਕ ਗੁਰਮੁਖ ਸਾਰਾ ਜੀਵਨ ਗੁਰਮੁਖ ਹੀ ਰਹੇ। ਜਤਨ ਤੇ ਚੰਗੀ ਸੰਗਤ ਨਾਲ, ਗੁਰ-ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਨ ਨਾਲ ਮਨਮੁਖ ਗੁਰਮੁਖ ਬਣ ਸਕਦਾ ਹੈ ਅਤੇ ਬੇ-ਪਰਵਾਹੀ ਅਤੇ ਗੁਰ-ਉਪਦੇਸ਼ ਅਨੁਸਾਰ ਜੀਵਨ ਨਾ ਬਤੀਤ ਕਰਨ ਨਾਲ ਇਕ ਗੁਰਮੁਖ ਮਨਮੁਖ ਬਣ ਸਕਦਾ ਹੈ। ਆਮ ਤੌਰ ਤੇ ਦੇਖਿਆ ਇਹ ਜਾਂਦਾ ਹੈ ਕਿ ਇਕੋ ਆਦਮੀ ਆਪਣੇ ਜੀਵਨ ਵਿਚ ਕਿਸੇ ਵੇਲੇ ਮਨਮੁਖ ਅਤੇ ਕਿਸੇ ਵੇਲੇ ਗੁਰਮੁਖ ਬਣਦਾ ਰਹਿੰਦਾ ਹੈ। ਇਨਸਾਨ ਅੰਦਰ ਇੰਦਰੀਆਂ ਦੇ ਜੀਵਨ ਦੀ ਰੁਚੀ ਉਸ ਨੂੰ ਸਦਾ ਮਨਮੁਖਤਾਈ ਦੀ ਨੀਵੀਂ ਅਵਸਥਾ ਵਿਚ ਰਖਣਾ ਚਾਹੁੰਦੀ ਹੈ ਅਤੇ ਇੰਦਰੀਆਂ ਤੋਂ ਪਰ੍ਹੇ ਆਤਮਾ ਦੇ ਜੀਵਨ ਦੀ ਰੁਚੀ ਵੀ ਕਦੀ ਕਦੀ ਆ ਕੇ ਇਨਸਾਨ ਨੂੰ ਉਸ ਦੇ ਅਟੱਲ ਤੇ ਨਾ ਖੁਸਣ ਵਾਲੇ ਸਦਾ ਸੁਖਦਾਈ ਜੀਵਨ ਵਲ ਪਰੇਰਦੀ ਰਹਿੰਦੀ ਹੈ। ਇਨ੍ਹਾਂ ਦੋਹਾਂ ਰੁਚੀਆਂ ਵਿਚੋਂ ਜਿਹੜੀ ਰੁਚੀ ਪਰੱਬਲ ਹੋਵੇ ਉਸੇ ਅਨੁਸਾਰ ਹੀ ਇਨਸਾਨ ਜੀਵਨ ਬਤੀਤ ਕਰਦਾ ਹੈ। ਇਸ ਲਈ ਕੋਈ ਨਿਯਮ ਨਹੀਂ ਬਣ ਸਕਦਾ ਕਿ ਇਕ ਮਨਮੁਖ ਸਾਰਾ ਜੀਵਨ ਮਨਮੁਖ ਹੀ ਰਹੇਗਾ ਜਾਂ ਇਕ ਗੁਰਮੁਖ ਸਾਰਾ ਜੀਵਨ ਗੁਰਮੁਖ ਹੀ ਰਹੇਗਾ। ਇਸ ਵਾਸਤੇ ਮਨ ਮਗਰ ਚਲਣ ਤੇ ਮਜਬੂਰ ਹੋਏ ਲੋਕਾਂ ਨੂੰ ਨਿਰਾਸ ਨਹੀਂ ਹੋਣਾ ਚਾਹੀਦਾ ਅਤੇ ਗੁਰਮਤਿ ਮਗਰ ਚਲਣ ਵਾਲੇ ਲੋਕਾਂ ਨੂੰ ਬੇਪਰਵਾਹ ਤੇ ਮਗਰੂਰ ਨਹੀਂ ਹੋਣਾ ਚਾਹੀਦਾ।

ਜਿਸ ਤਰ੍ਹਾਂ ਇੰਦਰੀਆਂ ਦੇ ਜੀਵਨ ਨੂੰ ਸੱਚ ਤੇ ਅਟੱਲ ਸਮਝਣ ਵਾਲੇ ਮਨਮੁਖ ਨੂੰ ਗੁਰਬਾਣੀ ਦਸਦੀ ਹੈ ਕਿ ਇਹ ਜੀਵਨ ਉਤੋਂ ਭਾਵੇਂ ਸੱਚਾ ਅਤੇ ਅਟੱਲ ਲੱਗੇ, ਅਸਲ ਵਿਚ ਝੂਠ ਹੈ, ਇਕ ਧੂੰਏਂ ਦਾ ਪਹਾੜ ਹੈ, ਨਾਸਵੰਦ ਹੈ, ਇਸੇ ਤਰ੍ਹਾਂ ਉਸ ਆਦਮੀ ਨੂੰ ਜਿਹੜਾ ਗੁਰਬਾਣੀ ਦੀ ਪਰੇਰਨਾ ਅਨੁਸਾਰ ਇੰਦਰੀਆਂ ਦੇ ਜੀਵਨ ਤੋਂ ਉਤਲੇ ਆਤਮਾ ਦੇ ਜੀਵਨ ਵਲ ਮੋੜਾ ਪਾਂਦਾ ਹੈ ਅਤੇ ਗੁਰਮੁਖ ਬਣਨਾ ਚਾਹੁੰਦਾ ਹੈ ਉਸ ਨੂੰ ਗੁਰਬਾਣੀ ਉਭਾਰਨਾ, ਹੌਂਸਲਾ ਦੇਣਾ ਅਤੇ ਆਤਮਕ ਜੀਵਨ ਦੀ ਵਡਿਆਈ ਦਰਸਾਣਾ ਸ਼ੁਰੂ ਕਰਦੀ ਹੈ ਅਤੇ ਦਸਦੀ ਹੈ ਕਿ ਗੁਰਮੁਖ ਦਾ ਜੀਵਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ –

*ਸਗਲ ਸਿਆਣਪ ਛਾਡਿ॥*
*ਕਰਿ ਸੇਵਾ ਸੇਵਕ ਸਾਜਿ॥*
*ਅਪਨਾ ਆਪੁ ਸਗਲ ਮਿਟਾਇ॥*
*ਮਨ ਚਿੰਦੇ ਸੇਈ ਫਲ ਪਾਇ॥*
*ਹੋਹੁ ਸਾਵਧਾਨ ਅਪੁਨੇ ਗੁਰ ਸਿਉ॥*
*ਆਸਾ ਮਨਸਾ ਪੂਰਨ ਹੋਵੈ*
*ਪਾਵਹਿ ਸਗਲ ਨਿਧਾਨ ਗੁਰ ਸਿਉ॥ ਰਹਾਉ॥*
*ਅੰਗ - 895*

*ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ॥*
*ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ॥*
*ਹਰਿ ਸੇਤੀ ਸਦ ਮਾਣਹੁ ਰਲੀਆ*
*ਜਨਮ ਮਰਣ ਦੁਖ ਖੋਵਹੁ॥* *ਅੰਗ - 77*

*ਪਰ ਕਾ ਬੁਰਾ ਨ ਰਾਖਹੁ ਚੀਤ॥*
*ਤੁਮ ਕਉ ਦੁਖੁ ਨਹੀ ਭਾਈ ਮੀਤ॥* *ਅੰਗ - 386*

*ਕੂੜੁ ਛੋਡਿ ਸਾਚੇ ਕਉ ਧਾਵਹੁ॥*

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*
*ਅੰਗ - 522*

ਜਿਥੇ ਮਨਮੁਖ ਅਤੇ ਗੁਰਮੁਖ ਲਈ ਗੁਰਬਾਣੀ ਦਾ ਉਪਦੇਸ਼ ਵੱਖਰਾ ਵੱਖਰਾ ਹੈ, ਉਥੇ ਆਤਮ ਮਾਰਗ ਦੀਆਂ ਪਹਿਲੀਆਂ ਅਵਸਥਾਵਾਂ ਦੇ ਗੁਰਮੁਖਾਂ ਅਤੇ ਪਿਛਲੀਆਂ ਅਵਸਥਾਵਾਂ ਦੇ ਗੁਰਮੁਖਾਂ ਲਈ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਵੱਖੋ ਵੱਖਰਾ ਹੈ। ਜਿਉਂ ਜਿਉਂ ਸਿੱਖ ਦੀ ਆਤਮਕ ਅਵਸਥਾ ਬਦਲਦੀ ਜਾਂਦੀ ਹੈ, ਤਿਉਂ ਤਿਉਂ ਗੁਰੂ ਗ੍ਰੰਥ ਸਾਹਿਬ ਜੀ ਦੀ ਅਵਗਾਈ ਵੀ ਬਦਲਦੀ ਜਾਂਦੀ ਹੈ। ਪਹਿਲੀ ਅਵਸਥਾ ਦੇ ਗੁਰਮੁਖ ਨੂੰ ਜਿਥੇ ਗੁਰੂ ਜੀ ਉਦਮ ਕਰਨ ਵਾਸਤੇ, ਨਾਮ ਜਪਣ ਵਾਸਤੇ, ਝੂਠ ਛੱਡ ਕੇ ਸੱਚ ਨਾਲ ਪਿਆਰ ਕਰਨ ਵਾਸਤੇ, ਸਰਬੱਤ ਦਾ ਭਲਾ ਮੰਗਣ ਵਾਸਤੇ, ਗੁਰ-ਉਪਦੇਸ਼ ਨੂੰ ਸਾਵਧਾਨ ਹੋ ਕੇ ਸੁਣਨ ਵਾਸਤੇ ਪ੍ਰੇਰਦੇ ਹਨ, ਜਦ ਗੁਰਸਿਖ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਲਗ ਜਾਂਦਾ ਹੈ, ਨਾਮ ਜਪਣ ਲਗ ਜਾਂਦਾ ਹੈ, ਸੇਵਾ ਤੇ ਘਾਲਣਾ ਦਾ ਜੀਵਨ ਬਤੀਤ ਕਰਨ ਲਗ ਜਾਂਦਾ ਹੈ, ਤਦ ਉਸ ਨੂੰ ਗੁਰਬਾਣੀ ਇਹ ਆਖਣਾ ਸ਼ੁਰੂ ਕਰਦੀ ਹੈ ਕਿ ਦੇਖੀਂ ਕਿਤੇ ਆਪਣੀ ਸੇਵਾ, ਘਾਲਣਾ, ਭਗਤੀ, ਨਾਮ ਕਮਾਈ ਉਤੇ ਮਾਣ ਕਰਨ ਲਗ ਜਾਵੇਂ! ਭਾਵੇਂ ਇਹ ਸਭ ਚੀਜ਼ਾਂ ਚੰਗੀਆਂ ਹਨ, ਪਰ ਕਰਤਾਰ ਦੀ ਪ੍ਰਾਪਤੀ, ਭਗਤੀ, ਘਾਲਣਾ ਕਰਕੇ ਨਹੀਂ ਹੁੰਦੀ, ਇਹ ਸਭ ਕੁਝ ਕਰਨ ਮਗਰੋਂ ਆਪਣੇ ਆਪ ਨੂੰ ਕਰਤਾਰ ਦੀ ਮੇਹਰ ਉਤੇ ਛੱਡ ਕੇ ਨਿਰਮਾਣ ਉਡੀਕ ਕੀਤਿਆਂ ਹੁੰਦੀ ਹੈ। ਸੇਵਾ, ਭਗਤੀ, ਨਾਮ ਕਮਾਈ ਮਗਰੋਂ ਜਿਹੜੀ ਨਿਰਮਾਣਤਾ ਹੁੰਦੀ ਹੈ, ਵਾਹਿਗੁਰੂ ਉਸ ਨਿਰਮਾਣਤਾ ਦਾ ਬੜਾ ਆਸ਼ਕ ਹੈ, ਬੜਾ ਚਾਹਵਾਨ ਹੈ। ਜਿਥੇ ਇਹ ਅਵਸਥਾ ਪੈਦਾ ਹੋ ਜਾਵੇ, ਉਥੇ ਵਾਹਿਗੁਰੂ ਜ਼ਰੂਰ ਆਣ ਮਿਲਦਾ ਹੈ। ਭਗਤੀ, ਸੇਵਾ, ਨਾਮ ਕਮਾਈ ਕਰਨਾ ਇਨਸਾਨ ਦਾ ਕਰਤੱਵ ਹੈ, ਪਰ ਕਰਤਾਰ ਪ੍ਰਾਪਤੀ ਵਾਹਿਗੁਰੂ ਦੀ ਖੁਸ਼ੀ ਤੇ ਮੇਹਰ ਦਾ

ਸਦਕਾ ਹੈ।

*ਕਹਿਐ ਕਥੀਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ॥*
*ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ॥*
*ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ॥*
*ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ॥*

*ਅੰਗ - 551*

ਜਦ ਗੁਰਮੁਖ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੇ ਲਗ ਕੇ, ਜਪ ਤਪ ਸਿਮਰਨ ਕਮਾਈ, ਘਾਲਣਾ ਮਗਰੋਂ ਨਿਮਾਣਾ, ਨਿਥਾਵਾਂ ਹੋ ਕੇ ਰੱਬ ਦੀ ਮੇਹਰ ਦੇ ਆਸਰੇ ਉਡੀਕਣਾ ਸ਼ੁਰੂ ਕਰ ਦੇਂਦੇ ਹਨ। ਹੁਣ ਗੁਰੂ ਗ੍ਰੰਥ ਜੀ ਦੀ ਅਗਵਾਈ ਇਸ ਕਰਕੇ ਬਦਲ ਜਾਂਦੀ ਹੈ ਕਿਉਂਕਿ ਗੁਰਮੁਖ ਦੀ ਆਤਮਕ ਅਵਸਥਾ ਅੰਦਰੋਂ ਬਦਲ ਗਈ ਹੁੰਦੀ ਹੈ। ਹੁਣ ਗੁਰਮੁਖ ਦੇ ਮਨ ਉਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਮਹਾਂਵਾਕ, ਅਸਰ ਕਰਨਾ ਜਾਂ ਪਕੜ ਕਰਨੀ ਸ਼ੁਰੂ ਕਰਦੇ ਹਨ -

*ਆਪਿ ਉਪਦੇਸੈ ਸਮਝੈ ਆਪਿ॥*
*ਆਪੇ ਰਚਿਆ ਸਭ ਕੈ ਸਾਥਿ॥*
*ਆਪਿ ਕੀਨੋ ਆਪਨ ਬਿਸਥਾਰੁ॥*
*ਸਭੁ ਕਿਛੁ ਉਸ ਕਾ ਓਹੁ ਕਰਨੈਹਾਰ॥*
*ਉਸ ਤੇ ਭਿੰਨ ਕਹਹੁ ਕਿਛੁ ਹੋਇ॥*
*ਥਾਨ ਥਨੰਤਰਿ ਏਕੈ ਸੋਇ॥*
*ਅਪੁਨੇ ਚਲਿਤ ਆਪਿ ਕਰਣੈਹਾਰ॥*
*ਕਉਤਕ ਕਰੈ ਰੰਗ ਅਪਾਰ॥*
*ਮਨ ਮਹਿ ਆਪਿ ਮਨ ਅਪੁਨੇ ਮਾਹਿ॥*
*ਨਾਨਕ ਕੀਮਤਿ ਕਹਨੁ ਨ ਜਾਇ॥* *ਅੰਗ - 279*

*ਹਰਿ ਬਿਨੁ ਦੂਜਾ ਨਾਹੀ ਕੋਇ॥*
*ਸਰਬ ਨਿਰੰਤਰਿ ਏਕੋ ਸੋਇ॥* *ਅੰਗ - 287*

*ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ*
*ਕਿਆ ਨਾਨਕ ਜੰਤ ਵਿਚਾਰਾ॥* *ਅੰਗ - 348*

ਜਦ ਗੁਰਮੁਖ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਉਸ ਦੀ ਭਗਤੀ, ਨਾਮ ਕਮਾਈ, ਉਦਮ, ਘਾਲਣਾ ਵਿਚ ਕਰਤਾਰ ਦੀ ਹੀ ਪ੍ਰੇਰਨਾ ਸੀ ਅਤੇ ਭਗਤੀ ਕਰਾਵਨ ਵਾਲਾ ਅਸਲ ਵਿਚ ਇਕੋ ਕਰਤਾਰ ਦੇ ਦੋ ਰੰਗ, ਇਕੋ ਕਰਤਾਰ ਦੀਆਂ ਦੋ ਤਸਵੀਰਾਂ, ਇਕੋ ਕਰਤਾਰ ਦੇ ਦੋ ਪਾਸੇ ਸਨ, ਤਾਂ ਗੁਰਮੁਖ ਦੇ ਮਨ ਤੋਂ ਸਦਾ ਲਈ ਹਉਮੈ ਦੀ ਮੈਲ ਲੱਥ ਜਾਂਦੀ ਹੈ ਤੇ ਗੁਰਮੁਖ 'ਆਪੇ ਆਪ' ਦੀ ਮਹਾਂ ਅਨੰਦਮਈ ਮੌਜ ਵਿਚ ਜੀਵਨ ਮੁਕਤ ਹੋ ਕੇ ਰੰਗ ਮਾਣਦਾ ਹੈ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ................................................

ਪਤਾ/Address ................................................

................................................

................................................

................................................Pin Code ............................

Phone ...................................... Email :......................................

ਮੈਂ........................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

ਦਸਖਤ...............................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 01, 08, 15, 22, 29 ਮਈ।

**ਸੰਗਰਾਂਦ** - 15 ਮਈ, ਦਿਨ ਐਤਵਾਰ।

**ਪੂਰਨਮਾਸ਼ੀ** - 23 ਮਈ, ਦਿਨ ਸੋਮਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 28 ਮਈ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**-: Postal Address :-**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |